Space for Available for Advertising
WWW.PREETNEWS.COM
WWW.PREETNAMA.COM
preetnamausa
@gmail.com

ਨਿਊਯਾਰਕ
# ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 286, ਮਿਤੀ : 10 ਜਨਵਰੀ ਤੋਂ 17 ਜਨਵਰੀ, 2025 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com



# ਕੈਨੇਡਾ ਦੇ ਨਵੇਂ ਨਿਯਮ ਨਾਲ ਵਧੇਗਾ ਪੀ. ਆਰ. ਦਾ ਇੰਤਜ਼ਾਰ, ਚਿੰਤਾ ’ਚ ਡੁੱਬੇ ਭਾਰਤੀ

ਓਟਾਵਾ-: ਕੈਨੇਡਾ ਆਪਣੇ ਵੀਜ਼ਾ ਸਬੰਧੀ ਨਿਯਮਾਂ ਨੂੰ ਦਿਨ-ਬ-ਦਿਨ ਸਖ਼ਤ ਕਰਦਾ ਜਾ ਰਿਹਾ ਹੈ। ਇਸ ਸਖ਼ਤੀ ਨਾਲ ਭਾਰਤੀ ਸਭ ਤੋਂ ਵੱਧ ਪ੍ਰਭਾਵਿਤ ਹੋ ਰਹੇ ਹਨ। ਭਾਰਤ ਦੇ ਤੇਲਗੂ ਰਾਜਾਂ ਸਮੇਤ ਵਿਦੇਸ਼ਾਂ ਦੇ ਬਹੁਤ ਸਾਰੇ ਨਾਗਰਿਕ ਕੈਨੇਡਾ ਵਿੱਚ ਇੱਕ ਨਵੇਂ ਨਿਯਮ ਕਾਰਨ ਸਥਾਈ ਨਿਵਾਸ (ਪੀ.ਆਰ) ਪ੍ਰਾਪਤ ਕਰਨ ਦੀਆਂ ਸੰਭਾਵਨਾਵਾਂ ਨੂੰ ਲੈ ਕੇ ਚਿੰਤਤ ਹਨ। ਕੈਨੇਡਾ ਨੇ ਹਾਲ ਹੀ ਵਿੱਚ 2025 ਦੀ ਬਸੰਤ ਤੋਂ ਐਕਸਪ੍ਰੈਸ ਐਂਟਰੀ ਤਹਿਤ ਨੌਕਰੀ ਦੀਆਂ ਪੇਸ਼ਕਸ਼ਾਂ ਲਈ ਵਾਧੂ ਪੁਆਇੰਟਾਂ ਨੂੰ ਖ਼ਤਮ ਕਰਨ ਦਾ ਫ਼ੈਸਲਾ ਕੀਤਾ ਹੈ। ਗੌਰਤਲਬ ਹੈ ਕਿ ਮੌਜੂਦਾ ਪ੍ਰਣਾਲੀ ਤਹਿਤ ਕੈਨੇਡੀਅਨ ਰੁਜ਼ਗਾਰਦਾਤਾਵਾਂ (ਕੰਪਨੀਆਂ) ਤੋਂ ਨੌਕਰੀ ਦੀ ਪੇਸ਼ਕਸ਼ ਵਾਲੇ ਉਮੀਦਵਾਰਾਂ ਨੂੰ ਲੇਬਰ ਮਾਰਕੀਟ ਇਮਪੈਕਟ ਅਸੈਸਮੈਂਟ ਦਸਤਾਵੇਜ਼ ਦਿੱਤਾ ਜਾਂਦਾ ਹੈ, ਜੋ ਉਨ੍ਹਾਂ ਨੂੰ ਆਪਣੇ




ਵਿਆਪਕ ਦਰਜਾਬੰਦੀ ਸਿਸਟਮ ਵਿੱਚ 50 ਤੋਂ 200 ਅੰਕ ਜੋੜਨ ਦੀ ਇਜਾਜ਼ਤ ਦਿੰਦਾ ਹੈ। ਸਲਾਹਕਾਰਾਂ ਦਾ ਕਹਿਣਾ ਹੈ ਕਿ ਹੁਣ ਨਿਯਮਾਂ ’ਚ ਇਸ ਸੋਧ ਨਾਲ ਮੁਕਾਬਲੇਬਾਜ਼ੀ ਵਧਣ ਦੀ ਉਮੀਦ ਹੈ, ਜਿਸ ਨਾਲ ਕਈ ਲੋਕਾਂ ਲਈ ਪੀ.ਆਰ ਲਈ ਉਡੀਕ ਮਿਆਦ ਤਿੰਨ ਤੋਂ ਪੰਜ ਸਾਲ ਤੱਕ ਵਧ ਜਾਵੇਗੀ। ਟੋਰਾਂਟੋ ਵਿੱਚ ਇੱਕ ਭਾਰਤੀ ਸਾਫਟਵੇਅਰ ਇੰਜੀਨੀਅਰ ਨੇ ਕਿਹਾ, ਮੈਂ ਲੋੜੀਂਦੇ CRS ਸਕੋਰ ਤੋਂ ਸਿਰਫ਼ 300 ਪੁਆਇੰਟ ਘੱਟ ਸੀ ਅਤੇ ਇਸ ਪਾੜੇ ਨੂੰ ਪੂਰਾ ਕਰਨ ਲਈ ਇੱਕ LMIA-ਬੈਕਡ ਨੌਕਰੀ ਦੀ ਪੇਸ਼ਕਸ਼ ’ਤੇ ਭਰੋਸਾ ਕਰ ਰਿਹਾ ਸੀ। ਪਰ ਇਹ ਬਦਲਾਅ ਨਿਰਾਸ਼ਾਜਨਕ ਹੈ। ਇਸ ਬਦਲਾਅ ਨੇ ਕੈਨੇਡਾ ਵਿੱਚ ਮੇਰੇ ਭਵਿੱਖ ਬਾਰੇ ਮੈਨੂੰ ਅਨਿਸ਼ਚਿਤ ਬਣਾ ਦਿੱਤਾ ਹੈ।

ਇਹ ਫ਼ੈਸਲਾ ਖਾਸ ਤੌਰ ’ਤੇ ਬਜ਼ੁਰਗ ਪੇਸ਼ੇਵਰਾਂ ਲਈ ਵੀ ਚਿੰਤਾਜਨਕ ਹੈ ਕਿਉਂਕਿ CRS ਸਕੋਰ ਨੌਜਵਾਨ ਉਮੀਦਵਾਰਾਂ ਦੇ ਹੱਕ ਵਿੱਚ ਹੁੰਦੇ ਹਨ। ਵੈਨਕੂਵਰ ਵਿੱਚ ਇੱਕ ਸਲਾਹਕਾਰ ਨੇ ਕਿਹਾ, ਸੀ.ਆਰ.ਐਸ ਪ੍ਰਣਾਲੀ ਵਿੱਚ ਉਮਰ ਇੱਕ ਮਹੱਤਵਪੂਰਨ ਕਾਰਕ ਹੈ। ਉਸਨੇ ਕਿਹਾ, ਇੱਕ ਵਾਰ ਜਦੋਂ ਤੁਸੀਂ 29 ਸਾਲ ਦੀ ਉਮਰ ਨੂੰ ਪਾਰ ਕਰ ਲੈਂਦੇ ਹੋ ਤਾਂ ਉਮਰ ਲਈ ਦਿੱਤੇ ਗਏ ਅੰਕ ਘੱਟ ਹੋਣੇ ਸ਼ੁਰੂ ਹੋ ਜਾਂਦੇ ਹਨ। LMIA ਅੰਕਾਂ ਦੇ ਬਿਨਾਂ ਸਾਡੇ ਵਿੱਚੋਂ ਜਿਹੜੇ ਸਾਡੇ 30 ਅਤੇ 40 ਦੇ ਦਹਾਕੇ ਵਿੱਚ ਹਨ, ਉਨ੍ਹਾਂ ਨੂੰ ਕੱਟ-ਆਫ ਨੂੰ ਪੂਰਾ ਕਰਨ ਲਈ ਇੱਕ ਉੱਚ ਸੰਘਰਸ਼ ਦਾ ਸਾਹਮਣਾ ਕਰਨਾ ਪਵੇਗਾ। ਉੱਥੇ ਰਹਿਣ ਵਾਲੇ ਪੇਸ਼ੇਵਰਾਂ ਨੇ ਕਿਹਾ ਕਿ ਇਹ ਬਦਲਾਅ ਬਿਨੈਕਾਰਾਂ ਨੂੰ ਸਿੱਖਿਆ, ਭਾਸ਼ਾ ਦੀ ਮੁਹਾਰਤ ਅਤੇ ਕੈਨੇਡਾ ਵਿੱਚ ਕੰਮ ਕਰਨ ਦੇ ਤਜਰਬੇ ਵਰਗੇ ਕਾਰਕਾਂ ’ਤੇ ਜ਼ਿਆਦਾ ਭਰੋਸਾ ਕਰਨ ਲਈ ਮਜਬੂਰ ਕਰੇਗਾ। ਹਾਲਾਂਕਿ ਇਹ ਮੈਟ੍ਰਿਕਸ ਪਹਿਲਾਂ ਹੀ ਮੁਲਾਂਕਣ ਦਾ ਹਿੱਸਾ ਹਨ, LMIA ਦੁਆਰਾ ਸਮਰਥਨ ਪ੍ਰਾਪਤ ਸਕੋਰ ਹੋਣ ਨਾਲ ਉਮੀਦਵਾਰਾਂ ’ਤੇ ਸਾਰੇ ਖੇਤਰਾਂ ਵਿੱਚ ਉੱਚੇ ਮਿਆਰਾਂ ਨੂੰ ਪ੍ਰਾਪਤ ਕਰਨ ਲਈ ਦਬਾਅ ਵਧਦਾ ਹੈ।

# ਇਟਲੀ ਜਾਂਦਿਆਂ ਬੇਲਾਰੂਸ ਦੇ ਜੰਗਲਾਂ ’ਚ ਗੁਆਚਿਆ ਘਨੌਲੀ ਦਾ ਨੌਜਵਾਨ

ਘਨੌਲੀ- ਰੁਜ਼ਗਾਰ ਦੀ ਭਾਲ ਲਈ ਇਟਲੀ ਜਾ ਰਿਹਾ ਘਨੌਲੀ ਦਾ ਨੌਜਵਾਨ ਬੇਲਾਰੂਸ ਦੇ ਜੰਗਲਾਂ ਵਿੱਚ ਗੁਆਚ ਗਿਆ ਹੈ। ਜ਼ਿਲ੍ਹਾ ਰੂਪਨਗਰ ਦੇ ਪਿੰਡ ਦਸਮੇਸ਼ ਨਗਰ ਕਲੋਨੀ ਘਨੌਲੀ ਦੇ 30 ਸਾਲਾ ਨੌਜਵਾਨ ਦੀ ਪਰਿਵਾਰ ਨੂੰ 11 ਮਹੀਨਿਆਂ ਤੋਂ ਕੋਈ ਉੱਘ-ਸੁੱਘ ਨਹੀਂ ਮਿਲੀ। ਪਰਿਵਾਰ ਨੇ ਪੰਜਾਬ ਅਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਉਨ੍ਹਾਂ ਦੇ ਲੜਕੇ ਦਾ ਜਲਦੀ ਪਤਾ ਲਗਾ ਕੇ ਉਸ ਨੂੰ ਦੇਸ਼ ਵਾਪਸ ਲਿਆਂਦਾ ਜਾਵੇ। ਲਾਪਤਾ ਨੌਜਵਾਨ ਸੁਖਵਿੰਦਰ ਸਿੰਘ ਉਰਫ ਸੁੱਖਾ ਦੇ ਪਿਤਾ ਅਜਮੇਰ ਸਿੰਘ ਅਤੇ ਉਸ ਦੀ ਪਤਨੀ ਅੰਜੂ ਨੇ ਦੱਸਿਆ ਕਿ ਸੁਖਵਿੰਦਰ ਜੁਲਾਈ 2022 ਵਿੱਚ ਤੁਰਕੀ ਗਿਆ ਸੀ, ਜਿੱਥੇ ਉਹ ਇੱਕ ਹੋਟਲ ਵਿੱਚ ਨੌਕਰੀ ਕਰਦਾ ਸੀ। ਪਰਿਵਾਰ ਨੇ ਦੱਸਿਆ ਕਿ ਇਟਲੀ ਰਹਿੰਦਾ ਉਨ੍ਹਾਂ ਦਾ ਇੱਕ ਰਿਸ਼ਤੇਦਾਰ ਕੁੱਝ ਸਮਾਂ ਪਹਿਲਾਂ ਉਨ੍ਹਾਂ ਕੋਲ ਆਇਆ ਅਤੇ ਸੁੱਖੇ ਤੇ ਉਸ ਦੇ ਇੱਕ ਹੋਰ ਸਾਥੀ ਨੂੰ ਇਟਲੀ ਆਉਣ ਤੇ ਵਧੀਆ ਕੰਮ ਦਿਵਾਉਣ ਦਾ ਲਾਲਚ ਦਿੱਤਾ। ਪਰਿਵਾਰ ਮੁਤਾਬਕ ਇਸ ਰਿਸ਼ਤੇਦਾਰ ਨੇ ਭਰੋਸਾ ਦਿੱਤਾ ਕਿ ਉਹ ਉਨ੍ਹਾਂ ਨੂੰ ਹਵਾਈ ਜਹਾਜ਼ ਰਾਹੀਂ ਇਟਲੀ ਪਹੁੰਚਾਏਗਾ ਤੇ ਪੈਸੇ ਕੰਮ ਹੋਣ ਤੋਂ ਬਾਅਦ ਹੀ ਲਵੇਗਾ। ਉਨ੍ਹਾਂ ਦੱਸਿਆ ਕਿ ਸੁੱਖਾ ਤੇ



ਉਸ ਦਾ ਸਾਥੀ ਅਕਾਸ਼ ਉਸ ਦੀਆਂ ਗੱਲਾਂ ਵਿੱਚ ਆ ਕੇ ਤੁਰਕੀ ਵਿੱਚ ਨੌਕਰੀ ਛੱਡ ਕੇ ਏਜੰਟ ਦੇ ਕਹਿਣ ਮੁਤਾਬਕ ਟੂਰਿਸਟ ਵੀਜ਼ੇ ’ਤੇ ਕਿਰਗਿਜ਼ਸਤਾਨ ਚਲੇ ਗਏ। ਏਜੰਟਾਂ ਨੇ ਉੱਥੇ ਕੁੱਝ ਦਿਨ ਰੋਕਣ ਉਪਰੰਤ ਉਨ੍ਹਾਂ ਤੋਂ ਦੋ ਲੱਖ ਰੁਪਏ ਲੈ ਕੇ ਇਟਲੀ ਦੀ ਥਾਂ ਰੂਸ ਦੀ ਰਾਜਧਾਨੀ ਮਾਸਕੋ ਭੇਜ ਦਿੱਤਾ, ਜਿੱਥੇ ਉਨ੍ਹਾਂ ਨੂੰ ਰਹਿਣ ਲਈ ਦਿੱਤੇ ਕਮਰੇ ਵਿੱਚ 18 ਵਿਅਕਤੀ ਪਹਿਲਾਂ ਹੀ ਮੌਜੂਦ ਸਨ। ਉਨ੍ਹਾਂ ਦੱਸਿਆ ਕਿ ਉਥੋਂ ਸਾਰੇ ਨੌਜਵਾਨਾਂ ਨੂੰ ਦੋ ਪਾਕਿਸਤਾਨੀ ਏਜੰਟਾਂ ਨਾਲ ਮਿਲਵਾਇਆ ਗਿਆ ਜਿਨ੍ਹਾਂ ਨੇ ਉਨ੍ਹਾਂ ਦੇ ਪਾਸਪੋਰਟ ਅਤੇ ਢਾਈ-ਢਾਈ ਲੱਖ ਰੁਪਏ ਲੈ ਕੇ ਚਾਰ ਵੱਖੋ-ਵੱਖਰੀਆਂ ਟੈਕਸੀਆਂ ਰਾਹੀਂ ਬੇਲਾਰੂਸ ਦੇ ਜੰਗਲ ਤੱਕ ਪਹੁੰਚਾਇਆ। ਇਨ੍ਹਾਂ ਵਿੱਚੋਂ ਤਿੰਨ ਟੈਕਸੀਆਂ ਵਾਪਸ ਮੁੜ ਗਈਆਂ।

# ਚੰਡੀਗੜ੍ਹ ’ਚੋਂ ਯੂਟੀ ਸਲਾਹਕਾਰ ਦਾ ਅਹੁਦਾ ਖਤਮ ਕਰਨ ਨਾਲ ਪੰਜਾਬ ’ਚ ਸਿਆਸਤ ਭਖੀ




ਚੰਡੀਗੜ੍ਹ- ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਲੰਘੇ ਦਿਨ ਚੰਡੀਗੜ੍ਹ ਪ੍ਰਸ਼ਾਸਨ ਦੇ ਪ੍ਰਬੰਧਕੀ ਢਾਂਚੇ ਵਿੱਚ ਕੀਤੇ ਗਏ ਫੇਰ-ਬਦਲ ਨੇ ਪੰਜਾਬ ਦੇ ਸਿਆਸੀ ਤੇ ਪ੍ਰਸ਼ਾਸਨਿਕ ਗਲਿਆਰਿਆਂ ਵਿੱਚ ਹਲਚਲ ਮਚਾ ਦਿੱਤੀ ਹੈ। ਕੇਂਦਰ ਸਰਕਾਰ ਦੇ ਇਸ ਕਦਮ ਨੂੰ ਚੰਡੀਗੜ੍ਹ ’ਤੇ ਪੰਜਾਬ ਦੇ ਅਧਿਕਾਰਾਂ ਨੂੰ ਖੋਰਾ ਲਾਉਣ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ। ਇਸ ਦਾ ਪੰਜਾਬ ਦੀ ਸੱਤਾਧਾਰੀ ਧਿਰ ‘ਆਪ’, ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ, ਜਦਕਿ ਭਾਜਪਾ ਨੇ ਹਾਲੇ ਤੱਕ ਇਸ ’ਤੇ ਚੁੱਪ ਵੱਟੀ ਹੋਈ ਹੈ। ‘ਆਪ’ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਕੇਂਦਰ ਵੱਲੋਂ ਚੰਡੀਗੜ੍ਹ ਦੇ ਪ੍ਰਸ਼ਾਸਨਿਕ ਢਾਂਚੇ ਵਿੱਚ ਫੇਰਬਦਲ ਦਾ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਇਕ ਤੋਂ ਇਕ ਤਬਦੀਲੀਆਂ ਕਰਕੇ ਚੰਡੀਗੜ੍ਹ ’ਤੇ ਪੰਜਾਬ ਦੇ ਅਧਿਕਾਰੀਆਂ ਨੂੰ ਖੋਰਾ ਲਗਾ ਕੇ ਆਪਣੇ ਅਧਿਕਾਰਾਂ ਨੂੰ ਵਧਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਵੀ ਯੂਟੀ ਸਲਾਹਕਾਰ ਦੇ ਅਹੁਦੇ ਨੂੰ ਮੁੱਖ ਸਕੱਤਰ ਵਿੱਚ ਮਨੋਨੀਤ ਕਰਨ ਦੇ ਫ਼ੈਸਲੇ ਦੀ ਨਿੰਦਾ ਕੀਤੀ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਕੇਂਦਰ ਸਰਕਾਰ ਦਾ ਇਹ ਕਦਮ ਚੰਡੀਗੜ੍ਹ ’ਤੇ ਪੰਜਾਬ ਦੇ ਅਧਿਕਾਰਾਂ ਨੂੰ ਖੋਰਾ ਲਗਾਉਣ ਵਾਲਾ ਹੈ। ਇਸ ਨੂੰ ਕਾਂਗਰਸ ਪਾਰਟੀ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ। ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਵੀ ਕੇਂਦਰ ਸਰਕਾਰ ਵੱਲੋਂ ਯੂਟੀ ਪ੍ਰਸ਼ਾਸਕ ਦੇ ਸਲਾਹਕਾਰ ਦੇ ਅਹੁਦੇ ਨੂੰ ਮੁੱਖ ਸਕੱਤਰ ਵਜੋਂ ਮੁੜ ਨਿਯੁਕਤ ਕਰਨ ਦੀ ਨਿੰਦਾ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਤਾਜ਼ਾ ਫੈਸਲਾ ਪੰਜਾਬ ਦੀ ‘ਆਪ’ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਕੇਂਦਰ ਨਾਲ ਰਲਗੱਢ ਹੋਣ ਦੇ ਫੈਸਲੇ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਖੁਦ ਚੰਡੀਗੜ੍ਹ ’ਤੇ ਹਰਿਆਣਾ ਦੇ ਹੱਕ ਨੂੰ ਸਵੀਕਾਰ ਕੀਤਾ ਜਦੋਂ ਉਨ੍ਹਾਂ ਨੇ ਵੱਖਰੀ ਵਿਧਾਨ ਸਭਾ ਇਮਾਰਤ ਬਣਾਉਣ ਲਈ ਰਜ਼ਾਮੰਦੀ ਦਿੱਤੀ। ਉਨ੍ਹਾਂ ਕਿਹਾ ਕਿ ਪੰਜਾਬ ਯੂਨੀਵਰਸਿਟੀ ਤੇ ਪੀਜੀਆਈ ਦੇ ਮਾਮਲੇ ’ਤੇ ਵੀ ਮੁੱਖ ਮੰਤਰੀ ਦਾ ਇਹੋ ਸਟੈਂਡ ਰਿਹਾ ਹੈ।

# ਪੰਜਾਬ ’ਚ ਕਣਕ ਦੇ ਭਾਅ ਨੇ ਅਸਮਾਨ ਛੂਹਿਆ

ਚੰਡੀਗੜ੍ਹ- ਇਸ ਵੇਲੇ ਜਦੋਂ ਕਣਕ ਦੀ ਫ਼ਸਲ ਜੋਬਨ ’ਤੇ ਹੈ ਤਾਂ ਅਗਲੀ ਵਾਢੀ ਤੋਂ ਤਿੰਨ ਮਹੀਨੇ ਪਹਿਲਾਂ ਪੰਜਾਬ ’ਚ ਕਣਕ ਦਾ ਭਾਅ ਹੁਣ 3500 ਰੁਪਏ ਪ੍ਰਤੀ ਕੁਇੰਟਲ ਨੂੰ ਛੂਹਣ ਲੱਗਿਆ ਹੈ। ਸੂਬੇ ਵਿੱਚ ਕਣਕ ਦੀ ਭਾਰੀ ਕਮੀ ਹੈ, ਜਿਸ ਕਰਕੇ ਕਣਕ ਦਾ ਭਾਅ ਪਹਿਲੀ ਵਾਰ ਇੰਨਾ ਵਧਿਆ ਹੈ। ਪਿਛਲੇ ਹਾੜੀ ਦੇ ਮੰਡੀਕਰਨ ਸੀਜ਼ਨ (ਅਪਰੈਲ 2024 ਵਿੱਚ) ਵਿੱਚ ਕਣਕ ਦਾ ਘੱਟੋ-ਘੱਟ ਸਮਰਥਨ ਮੁੱਲ 2275 ਰੁਪਏ ਪ੍ਰਤੀ ਕੁਇੰਟਲ ਸੀ।ਵੇਰਵਿਆਂ ਅਨੁਸਾਰ ਐਤਕੀਂ ਆਟੇ ਦਾ ਭਾਅ 3800 ਰੁਪਏ ਪ੍ਰਤੀ ਕੁਇੰਟਲ ਤੱਕ ਪੁੱਜਣ ਦੀ ਸੰਭਾਵਨਾ ਹੈ। ਕੱਲ੍ਹ ਆਟੇ ਦਾ ਭਾਅ 3600-3700 ਰੁਪਏ ਪ੍ਰਤੀ ਕੁਇੰਟਲ ਸੀ। ਪਿਛਲੇ ਸਾਲ ਮਈ ਵਿਚ ਇਹੋ ਭਾਅ 2650 ਰੁਪਏ ਪ੍ਰਤੀ ਕੁਇੰਟਲ ਦਾ ਸੀ। ਕਣਕ ਦੀ ਮੰਗ ਤੇ ਸਪਲਾਈ ਵਿੱਚ ਪਾੜੇ ਨੇ ਅੱਜ ਓਪਨ ਮਾਰਕੀਟ ਸੇਲ ਸਕੀਮ (ਓਐੱਮਐੱਸਐੱਸ) ਨਿਲਾਮੀ ਦੌਰਾਨ ਔਸਤ ਕੀਮਤਾਂ ਨੂੰ 3100 ਰੁਪਏ ਪ੍ਰਤੀ ਕੁਇੰਟਲ ਤੱਕ ਪਹੁੰਚਾ ਦਿੱਤਾ ਹੈ। ਪੰਜਾਬ ਵਿੱਚ ਆਟਾ ਮਿੱਲਾਂ, ਬਰੈੱਡ ਅਤੇ ਬੇਕਰੀ ਯੂਨਿਟ ਪ੍ਰੋਸੈਸਿੰਗ ਲਈ ਕਣਕ ਦੀ ਪ੍ਰਾਪਤੀ ਮਹਿੰਗਾ ਸੌਦਾ ਬਣ ਗਈ ਹੈ। ਭਾਰਤੀ ਖ਼ੁਰਾਕ ਨਿਗਮ ਦੇ ਸੂਤਰ ਆਖਦੇ ਹਨ ਕਿ ਕਣਕ ਦੀ ਥੋੜ੍ਹੀ ਮਾਤਰਾ ਵੀ 3500 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਵਿਕ ਰਹੀ ਹੈ। ਮੌਜੂਦਾ ਕਣਕ ਦੀ ਫ਼ਸਲ ਇਸ ਵਾਰ ਕਾਫ਼ੀ ਪ੍ਰਭਾਵਿਤ ਹੋਈ ਹੈ, ਜਿਨ੍ਹਾਂ ਕਿਸਾਨਾਂ ਨੇ ਪਰਾਲੀ ਨੂੰ ਜ਼ਮੀਨ ’ਚ ਹੀ ਵਾਹ ਦਿੱਤਾ ਸੀ, ਉਨ੍ਹਾਂ ਨੂੰ ਕਣਕ ਦੀ ਦੁਬਾਰਾ ਬਿਜਾਈ ਕਰਨੀ ਪਈ ਹੈ। ਬਠਿੰਡਾ ਦੇ ਪਿੰਡ ਦਿਆਲਪੁਰਾ ਭਾਈਕਾ ਦੇ ਕਿਸਾਨ ਰਣਬੀਰ ਸਿੰਘ ਨੇ ਕਿਹਾ ਕਿ ਕਿਸਾਨਾਂ ਦੇ ਐਤਕੀਂ ਲਾਗਤ ਖ਼ਰਚੇ ਵਧ ਗਏ ਹਨ ਅਤੇ ਪ੍ਰਤੀ ਏਕੜ ਪਿੱਛੇ ਪੰਜ ਤੋਂ ਛੇ ਹਜ਼ਾਰ ਰੁਪਏ ਦਾ ਵਾਧੂ ਖਰਚਾ ਪੈ ਗਿਆ ਹੈ। ਬਾਜ਼ਾਰ ਵਿਚ ਆਟਾ ਮਿੱਲਾਂ ਵਾਲਿਆਂ ਨੂੰ ਕਾਫ਼ੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵੱਧ ਭੁਗਤਾਨ ਦੇ ਬਾਵਜੂਦ ਆਟੇ ਦੀ ਸਪਲਾਈ ਪੂਰੀ ਨਹੀਂ ਹੈ। ਵੱਡੀਆਂ ਆਟਾ ਮਿੱਲਾਂ ਸਮਰੱਥਾ ’ਤੇ ਨਹੀਂ ਚੱਲ ਰਹੀਆਂ ਹਨ। ਪੰਜਾਬ ਫਲੋਰ ਮਿੱਲਜ਼ ਐਸੋਸੀਏਸ਼ਨ ਦੇ ਪ੍ਰਧਾਨ ਨਰੇਸ਼ ਘਈ ਨੇ ਦੱਸਿਆ ਕਿ ਪ ਲੰਘੇ ਸਾਲ ਕੁੱਲ ਕਣਕ ਵਿੱਚੋਂ 95 ਫ਼ੀਸਦੀ ਤੋਂ ਵੱਧ ਕਣਕ ਦੀ ਸਰਕਾਰੀ ਖ਼ਰੀਦ ਏਜੰਸੀਆਂ ਵੱਲੋਂ ਕੀਤੀ ਗਈ ਸੀ ਅਤੇ ਪ੍ਰਾਈਵੇਟ ਖ਼ਰੀਦ ਘੱਟ ਰਹਿ ਗਈ ਸੀ। ਉਨ੍ਹਾਂ ਕਿਹਾ ਕਿ ਕਣਕ ਪ੍ਰੋਸੈਸਿੰਗ ਉਦਯੋਗ ਨੂੰ ਸੂਬੇ ਵਿੱਚ ਹਰ ਮਹੀਨੇ ਦੋ ਲੱਖ ਟਨ ਕਣਕ ਦੀ ਲੋੜ ਹੁੰਦੀ ਹੈ ਪਰ ਕਣਕ ਉਪਲਬਧ ਨਹੀਂ। ਐੱਫਸੀਆਈ ਨੇ ਦਸੰਬਰ ਤੋਂ ਸਟਾਕ ਨੂੰ ਬੰਦ ਕਰਨਾ ਸ਼ੁਰੂ ਕਰ ਦਿੱਤਾ ਤੇ ਹਰ ਹਫ਼ਤੇ ਨਿਲਾਮੀ ਵਿੱਚ 14000 ਮੀਟਰਿਕ ਟਨ ਦੀ ਪੇਸ਼ਕਸ਼ ਕੀਤੀ ਜਾਂਦੀ ਹੈ। ਬ੍ਰੈੱਡ ਤੇ ਬਿਸਕੁਟ ਪੈਦਾ ਕਰਨ ਵਾਲੇ ਬੌਨ ਗਰੁੱਪ ਆਫ਼ ਇੰਡਸਟਰੀਜ਼ ਦੇ ਮੁੱਖ ਕਾਰਜਕਾਰੀ ਅਫ਼ਸਰ ਪ੍ਰਵੀਨ ਗਰਗ ਨੇ ਕਿਹਾ ਕਿ ਮੰਗ ਅਤੇ ਸਪਲਾਈ ਵਿਚਲੇ ਖੱਪੇ ਨੂੰ ਪੂਰਨ ਲਈ ਐੱਫ਼ਸੀਆਈ ਨੂੰ ਹਰ ਹਫ਼ਤੇ ਓਐੱਮਐੱਸਐੱਸ ਤਹਿਤ ਹੋਰ ਕਣਕ ਜਾਰੀ ਕਰਨੀ ਚਾਹੀਦੀ ਹੈ। ਪਿਛਲੀ ਵਾਰ ਅਕਤੂਬਰ ’ਚ ਬਰਾਊਨ ਬਰੈੱਡ ਦੀ ਕੀਮਤ ਵਿੱਚ 5 ਰੁਪਏ ਦਾ ਵਾਧਾ ਕੀਤਾ ਸੀ। ਭਾਰਤੀ ਖ਼ੁਰਾਕ ਨਿਗਮ (ਐੱਫਸੀਆਈ) ਦੇ ਖੇਤਰੀ ਜਨਰਲ ਮੈਨੇਜਰ ਬੀ ਸ੍ਰੀਨਿਵਾਸਨ ਨੇ ਕਿਹਾ ਕਿ ਕਣਕ ਪ੍ਰੋਸੈਸਿੰਗ ਉਦਯੋਗ ਨੂੰ ਆਮ ਤੌਰ ’ਤੇ ਜਨਵਰੀ ਅਤੇ ਅਪਰੈਲ ਦੇ ਵਿਚਕਾਰ ਅਨਾਜ ਦੀ ਘਾਟ ਝੱਲਣੀ ਪੈਂਦੀ ਹੈ। ਉਹ ਮੰਗ ਅਤੇ ਉਪਲਬਧਤਾ ਵਿੱਚ ਅੰਤਰ ਦੇ ਆਧਾਰ ’ਤੇ ਓਐੱਮਐੱਸਐੱਸ ਅਧੀਨ ਕਣਕ ਜਾਰੀ ਕਰਦੇ ਹਨ। ਉਨ੍ਹਾਂ ਕਿਹਾ ਕਿ ਕੀਮਤਾਂ ’ਚ ਸਥਿਰਤਾ ਲਈ ਪਹਿਲਾਂ ਬਾਜ਼ਾਰ ਦਾ ਮੁਲਾਂਕਣ ਵੀ ਕੀਤਾ ਜਾਂਦਾ ਹੈ।

# ਆਂਧਰਾ ਪ੍ਰਦੇਸ਼ ਨੂੰ ਭਵਿੱਖਮੁਖੀ ਤਕਨਾਲੋਜੀ ਦਾ ਕੇਂਦਰ ਬਣਾਉਣ ਦਾ ਸਮਾਂ: ਮੋਦੀ

ਵਿਸ਼ਾਖਾਪਟਨਮ- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਇੱਥੇ 2 ਲੱਖ ਕਰੋੜ ਰੁਪਏ ਤੋਂ ਵੱਧ ਦੇ ਪ੍ਰਾਜੈਕਟਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਰੱਖਿਆ। ਉਨ੍ਹਾਂ ਡਿਜੀਟਲ ਮਾਧਿਅਮ ਰਾਹੀਂ ਐੱਨਟੀਪੀਸੀ ਗ੍ਰੀਨ ਐਨਰਜੀ ਲਿਮਿਟਡ ਦੇ ਅਤਿ ਆਧੁਨਿਕ ਗ੍ਰੀਨ ਹਾਈਡ੍ਰੋਜਨ ਹੱਬ ਪ੍ਰਾਜੈਕਟ ਦਾ ਨੀਂਹ ਪੱਥਰ ਵੀ ਰੱਖਿਆ। ਇਸ ਦੌਰਾਨ ਮੋਦੀ ਨੇ ਕਿਹਾ ਕਿ ਦੱਖਣੀ ਰਾਜ ਨੂੰ ਨਵੀਂ ਭਵਿੱਖਮੁਖੀ ਤਕਨਾਲੋਜੀ ਦਾ ਕੇਂਦਰ ਬਣਾਉਣ ਦਾ ਸਮਾਂ ਆ ਗਿਆ ਹੈ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਵਿਸ਼ਾਖਾਪਟਨਮ ਦੁਨੀਆ ਦੇ ਉਨ੍ਹਾਂ ਕੁਝ ਸ਼ਹਿਰਾਂ ਵਿੱਚ ਸ਼ਾਮਲ ਹੋਵੇਗਾ, ਜਿਨ੍ਹਾਂ ਵਿੱਚ ਇੰਨੇ ਵੱਡੇ ਪੱਧਰ ’ਤੇ ਗ੍ਰੀਨ ਹਾਈਡ੍ਰੋਜਨ ਉਤਪਾਦਨ ਦੀ ਸਹੂਲਤ ਹੋਵੇਗੀ। ਉਨ੍ਹਾਂ ਕਿਹਾ ਕਿ ਇਹ ਗ੍ਰੀਨ ਹਾਈਡ੍ਰੋਜਨ ਸੈਂਟਰ ਰੁਜ਼ਗਾਰ ਦੇ ਕਈ ਮੌਕੇ ਪੈਦਾ ਕਰੇਗਾ।ਨੈਸ਼ਨਲ ਗ੍ਰੀਨ ਹਾਈਡ੍ਰੋਜਨ ਮਿਸ਼ਨ ਤਹਿਤ ਇਹ ਪਹਿਲਾ ਗ੍ਰੀਨ ਹਾਈਡ੍ਰੋਜਨ ਹੱਬ ਹੈ। ਇਸ ਪ੍ਰਾਜੈਕਟ ਵਿੱਚ ਲਗਪਗ 1,85,000 ਕਰੋੜ ਰੁਪਏ ਦਾ ਨਿਵੇਸ਼ ਹੋਵੇਗਾ। ਉਨ੍ਹਾਂ ਆਂਧਰਾ ਪ੍ਰਦੇਸ਼ ਵਿੱਚ 19,500 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਵਾਲੇ ਵੱਖ-ਵੱਖ ਰੇਲਵੇ ਅਤੇ ਸੜਕੀ ਪ੍ਰੋਜੈਕਟਾਂ ਦਾ ਉਦਘਾਟਨ ਤੇ ਨੀਂਹ ਪੱਥਰ ਵੀ ਰੱਖਿਆ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ, ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਐੱਨ. ਚੰਦਰਬਾਬੂ ਨਾਇਡੂ ਅਤੇ ਉਪ ਮੁੱਖ ਮੰਤਰੀ ਪਵਨ ਕਲਿਆਣ ਨੇ ਰੋਡ ਸ਼ੋਅ ਕੀਤਾ। ਇਸ ਦੌਰਾਨ ਵੱਡੀ ਗਿਣਤੀ ’ਚ ਲੋਕਾਂ ਨੇ ਇਕੱਠੇ ਹੋ ਕੇ ਖੁੱਲ੍ਹੇ ਵਾਹਨ ’ਚ ਸਵਾਰ ਆਗੂਆਂ ’ਤੇ ਫੁੱਲਾਂ ਦੀ ਵਰਖਾ ਕੀਤੀ ਅਤੇ ਉਨ੍ਹਾਂ ਦਾ ਸਵਾਗਤ ਕੀਤਾ। ਪੂਰੇ ਰਸਤੇ ਨੂੰ ਟੀਡੀਪੀ, ਭਾਜਪਾ ਅਤੇ ਜਨਸੈਨਾ ਪਾਰਟੀ ਦੇ ਝੰਡਿਆਂ ਨਾਲ ਸਜਾਇਆ ਗਿਆ ਸੀ। ਸੰਪਤ ਵਿਨਾਇਕ ਮੰਦਰ ਤੋਂ ਸ਼ੁਰੂ ਹੋ ਕੇ ਰੋਡ ਸ਼ੋਅ ਆਂਧਰਾ ਯੂਨੀਵਰਸਿਟੀ ਦੇ ਇੰਜਨੀਅਰਿੰਗ ਕਾਲਜ ਮੈਦਾਨ ’ਤੇ ਪਹੁੰਚਿਆ, ਜਿੱਥੇ ਰੈਲੀ ਕੀਤੀ ਗਈ।

# ਲੁਧਿਆਣਾ ਤੋਂ ਬਾਅਦ ਹੁਣ ਬਠਿੰਡਾ ਦਾ ਗੰਦਾ ਪਾਣੀ ਚੰਦਭਾਨ ਡਰੇਨ 'ਚ ਸੁੱਟਣ ਦਾ ਵਿਰੋਧ



ਬਠਿੰਡਾ- ਜ਼ਿਲ੍ਹਾ ਪ੍ਰਸ਼ਾਸਨ ਨੇ ਸ਼ਹਿਰ ਦੇ ਆਦਰਸ਼ ਨਗਰ, ਕਰਤਾਰ ਕਲੋਨੀ ਅਤੇ ਕੇਂਦਰੀ ਜੇਲ੍ਹ ਦਾ ਗੰਦਾ ਪਾਣੀ ਚੰਦਭਾਨ ਬਰਸਾਤੀ ਨਾਲੇ ਵਿੱਚ ਸੁੱਟਣ ਲਈ ਤਿਆਰੀ ਖਿੱਚ ਲਈ ਹੈ। ਪ੍ਰਸ਼ਾਸਨ ਨੇ ਪਾਈਪ ਲਾਈਨ ਪੁੱਟਣ ਲਈ ਵੱਡੀ ਗਿਣਤੀ ਪੁਲੀਸ ਤਾਇਨਾਤ ਕਰ ਦਿੱਤੀ ਹੈ। ਦੂਜੇ ਪਾਸੇ ਬੀਕੇਯੂ ਸਿੱਧੂਪੁਰ ਦੇ ਇਕਾਈ ਪ੍ਰਧਾਨ ਲਖਵਿੰਦਰ ਸਿੰਘ ਲੱਖਾ ਦੀ ਅਗਵਾਈ ਹੇਠ ਵਿਰੋਧ ਕਰ ਰਹੇ ਪਿੰਡਾਂ ਦੇ ਦਰਜਨ ਤੋਂ ਵੱਧ ਕਿਸਾਨਾਂ ਨੂੰ ਅੱਜ ਗ੍ਰਿਫ਼ਤਾਰ ਕਰ ਲਿਆ ਗਿਆ। ਪਿੰਡ ਅਬਲੂ ਅਤੇ ਕੋਠੇ ਲਾਲ ਸਿੰਘ ਵਾਲੇ ਦੇ ਕਿਸਾਨ ਇਸ ਸੀਵਰੇਜ ਪਾਈਪ ਲਾਈਨ ਦਾ ਵਿਰੋਧ ਕਰ ਰਹੇ ਸਨ। ਕੱਲ੍ਹ ਵਿਰੋਧ ਕਰ ਰਹੇ ਕਿਸਾਨਾਂ ਦੀ ਗਿਣਤੀ ਵੱਧ ਹੋਣ ਕਾਰਨ ਪ੍ਰਸ਼ਾਸਨ ਨੇ ਕੰਮ ਰੋਕ ਦਿੱਤਾ ਸੀ ਪਰ ਅੱਜ ਸਵੇਰੇ ਹੀ ਵੱਡੀ ਗਿਣਤੀ ਪੁਲੀਸ ਬੁਲਾ ਨੇ ਵਿਰੋਧ ਕਰ ਰਹੇ ਕਿਸਾਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ, ਜਿਨ੍ਹਾਂ ਵਿੱਚ ਲਖਵਿੰਦਰ ਸਿੰਘ ਲੱਖਾ, ਮਹਿੰਦਰ ਸਿੰਘ ਕੋਠੇ ਸੰਧੂਆਂ ਵਾਲੇ, ਜਗਤਾਰ ਕੋਠੇ ਸੰਧੂਆਂ, ਗਰਮੇਲ ਸਿੰਘ ਅਬਲੂ, ਸੁਖਦੀਪ ਸਿੰਘ ਅਬਲੂ, ਮਨਪ੍ਰੀਤ ਸਿੰਘ ਅਬਲੂ, ਜੱਗਾ ਸਿੰਘ, ਜਸਵੀਰ ਸਿੰਘ ਅਬਲੂ, ਮੇਵਾ ਸਿੰਘ, ਯੁੱਧਵੀਰ ਸਿੰਘ, ਜਗਜੀਤ ਸਿੰਘ ਅਤੇ ਗੁਰਦੀਪ ਸਿੰਘ ਸ਼ਾਮਲ ਹਨ। ਇਨ੍ਹਾਂ ਨੂੰ ਥਾਣਾ ਨੇਹੀਆਂ ਵਾਲਾ ਪੁਲੀਸ ਸਟੇਸ਼ਨ ਵਿੱਚ ਰੱਖਿਆ ਗਿਆ ਹੈ। ਲੋਕਾਂ ਦਾ ਕਹਿਣਾ ਹੈ ਕਿ ਬਰਸਾਤ ਦੇ ਸਮੇਂ ਇਹ ਨਾਲੇ ਵਿੱਚ ਸਾਫ਼ ਪਾਣੀ ਚਲਦਾ ਹੈ ਪਰ ਗੰਦਾ ਪਾਣੀ ਛੱਡਣ ਨਾਲ ਧਰਤੀ ਹੇਠਲਾ ਪਾਣੀ ਖਰਾਬ ਹੋ ਜਾਵੇਗਾ, ਜਿਸ ਨਾਲ ਪਿੰਡਾਂ ਵਿੱਚ ਬਿਮਾਰੀਆਂ ਫੈਲਣ ਦਾ ਖ਼ਤਰਾ ਖੜ੍ਹਾ ਹੋ ਜਾਵੇਗਾ। ਇਸ ਦੇ ਬਾਵਜੂਦ ਪੁਲੀਸ ਨੇ ਸਖ਼ਤ ਪ੍ਰਬੰਧਾ ਹੇਠ ਬੁੱਧਵਾਰ ਸਵੇਰੇ ਰਸਤੇ ਰੋਕ ਕੇ ਪਾਈਪ ਲਾਈਨ ਦਾ ਕੰਮ ਦੁਬਾਰਾ ਸ਼ੁਰੂ ਕਰ ਦਿੱਤਾ। ਦੂਜੇ ਪਾਸੇ, ਪਿੰਡ ਅਬਲੂ ਦੇ ਸਰਪੰਚ ਗਗਨਦੀਪ ਸ਼ਰਮਾ, ਕੋਠੇ ਲਾਲ ਸਿੰਘ ਵਾਲੇ ਦੇ ਸਰਪੰਚ ਦਿਲਬਾਗ ਸਿੰਘ ਅਤੇ ਕਿਸਾਨ ਆਗੂ ਅਵਤਾਰ ਸਿੰਘ ਸਮੇਤ ਕਈ ਲੋਕਾਂ ਦੇ ਵਫਦ ਨੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਬਠਿੰਡਾ ਨੂੰ ਮਿਲ ਕੇ ਮੰਗ ਕੀਤੀ ਕਿ ਪਾਈਪ ਲਾਈਨ ਦਾ ਕੰਮ ਰੋਕਿਆ ਜਾਵੇ। ਪਿੰਡ ਅਬਲੂ ਦੇ ਸਰਪੰਚ ਦਾ ਕਹਿਣਾ ਹੈ ਕਿ ਸੀਵਰੇਜ ਦੇ ਗੰਦੇ ਪਾਣੀ ਕਾਰਨ ਇਲਾਕੇ ਵਿੱਚ ਕੈਂਸਰ ਵਰਗੀਆਂ ਬਿਮਾਰੀਆਂ ਫੈਲਣ ਦਾ ਖਤਰਾ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਮਸਲਾ ਹੱਲ ਨਾ ਹੋਇਆ ਤਾਂ ਸਾਰੇ ਪਿੰਡ ਵੱਲੋਂ ਧਰਨੇ 'ਤੇ ਬੈਠਣ ਲਈ ਮਜ਼ਬੂਰ ਹੋਣਾ ਪਵੇਗਾ।

**ਸੋਧਣ ਤੋਂ ਬਾਅਦ ਛੱਡਿਆ ਜਾਵੇਗਾ ਪਾਣੀ: ਐੱਸਡੀਓ-** ਪਾਈਪਲਾਈਨ ਸਬੰਧੀ ਸੀਵਰੇਜ ਵਿਭਾਗ ਦੇ ਐੱਸਡੀਓ ਸੁਰਿੰਦਰ ਸਿੰਘ ਨੇ ਦੱਸਿਆ ਕਿ 14 ਕਿਲੋਮੀਟਰ ਪਾਈਪ ਲਾਈਨ ਦਾ ਕੰਮ ਮੁਕੰਮਲ ਹੋ ਚੁੱਕਿਆ ਹੈ, ਸਿਰਫ਼ 1.5 ਕਿਲੋਮੀਟਰ ਬਾਕੀ ਹੈ। ਇਸ ਕੰਮ ਨੂੰ ਪੂਰਾ ਕਰਨ ਲਈ ਪ੍ਰਸ਼ਾਸਨ ਦੀ ਸਹਾਇਤਾ ਲੈਣੀ ਪਈ। ਉਨ੍ਹਾਂ ਦਾਅਵਾ ਕੀਤਾ ਕਿ ਸੀਵਰ ਦੇ ਪਾਣੀ ਨੂੰ ਟਰੀਟਮੈਂਟ ਤੋਂ ਬਾਅਦ ਹੀ ਨਾਲੇ ਵਿੱਚ ਛੱਡਿਆ ਜਾਵੇਗਾ।

# ਭਾਰਤ ਵਿੱਚ 4,754 ਕਰੋੜ ਰੁਪਏ ਵਿੱਚ ਵਿਕੇ 59 ਆਲੀਸ਼ਾਨ ਘਰ



ਮੁੰਬਈ- ਵੀਰਵਾਰ ਨੂੰ ਇਕ ਰਿਪੋਰਟ ਦੇ ਅਨੁਸਾਰ ਭਾਰਤ ਨੇ ਪਿਛਲੇ ਸਾਲ 4,754 ਕਰੋੜ ਰੁਪਏ ਦੀ ਕੁੱਲ ਕੀਮਤ 'ਤੇ 40 ਕਰੋੜ ਰੁਪਏ ਤੋਂ ਵੱਧ ਕੀਮਤ ਵਾਲੇ 59 ਅਤਿ-ਲਗਜ਼ਰੀ ਘਰਾਂ ਦੀ ਵਿਕਰੀ ਦੇਖੀ, ਜੋ ਕਿ 2023 ਦੇ ਮੁਕਾਬਲੇ 17 ਪ੍ਰਤੀਸ਼ਤ ਵੱਧ ਹੈ। ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ 2024 ਵਿੱਚ ਵੇਚੇ ਗਏ 59 ਅਤਿ-ਆਲੀਸ਼ਾਨ ਘਰਾਂ ਵਿੱਚੋਂ ਘੱਟੋ-ਘੱਟ 17 ਦੀ ਕੀਮਤ 100 ਕਰੋੜ ਰੁਪਏ ਤੋਂ ਵੱਧ ਸੀ। ਐਨਾਰੋਕ ਗਰੁੱਪ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਕੱਲੇ ਵੇਚੇ ਗਏ ਇਨ੍ਹਾਂ 17 ਘਰਾਂ ਦੀ ਕੁੱਲ ਕੀਮਤ 2,344 ਕਰੋੜ ਰੁਪਏ ਸੀ। 2023 ਵਿੱਚ ਲਗਭਗ 4,063 ਕਰੋੜ ਰੁਪਏ ਦੇ ਕੁੱਲ ਵਿਕਰੀ ਮੁੱਲ ਵਿੱਚ 58 ਅਤਿ-ਲਗਜ਼ਰੀ ਘਰ ਵੇਚੇ ਗਏ ਸਨ। 2024 ਵਿੱਚ ਵੇਚੇ ਗਏ ਕੁੱਲ 59 ਅਤਿ-ਆਲੀਸ਼ਾਨ ਘਰਾਂ ਵਿੱਚੋਂ 53 ਅਪਾਰਟਮੈਂਟ ਸਨ ਅਤੇ ਸਿਰਫ਼ ਛੇ ਸੌਦੇ ਬੰਗਲਿਆਂ ਦੇ ਸਨ। 2024 ਵਿੱਚ ਘੱਟੋ-ਘੱਟ 17 ਸੌਦੇ 100 ਕਰੋੜ ਰੁਪਏ ਤੋਂ ਵੱਧ ਦੇ ਸਨ। ਜਿੰਨ੍ਹਾਂ ਵਿਚ 16 ਮੁੰਬਈ ਵਿੱਚ ਅਤੇ ਇੱਕ ਦਿੱਲੀ-ਐਨਸੀਆਰ (ਗੁਰੂਗ੍ਰਾਮ) ਵਿੱਚ ਸਥਿਤ ਹੈ। ਮੁੰਬਈ ਨੇ 52 ਅਤਿ-ਆਲੀਸ਼ਾਨ ਰਿਹਾਇਸ਼ੀ ਸੌਦਿਆਂ ਦਾ ਦਬਦਬਾ ਬਣਾਇਆ, ਜਿਸ ਵਿੱਚ ਕੁੱਲ ਸੌਦਿਆਂ ਦਾ 88 ਪ੍ਰਤੀਸ਼ਤ ਹਿੱਸਾ ਸ਼ਾਮਲ ਹੈ। ਦਿੱਲੀ-ਐਨਸੀਆਰ ਨੇ ਕੁੱਲ ਤਿੰਨ ਸੌਦੇ ਦਰਜ ਕੀਤੇ ਜਿਸ ਵਿਚ ਦੋ ਗੁਰੂਗ੍ਰਾਮ ਵਿੱਚ ਅਤੇ ਇੱਕ ਦਿੱਲੀ ਸਥਿਤ ਹੈ। ਐਨਾਰੋਕ ਗਰੁੱਪ ਦੇ ਚੇਅਰਮੈਨ ਅਨੁਜ ਪੁਰੀ ਨੇ ਕਿਹਾ, ਸੌਦਿਆਂ ਦੀ ਸੰਖਿਆ ਅਤੇ ਉਹਨਾਂ ਦੀ ਸਮੁੱਚੀ ਵਿਕਰੀ ਮੁੱਲ ਦੋਵਾਂ ਵਿੱਚ ਸਾਲਾਨਾ ਵਾਧਾ ਚੋਟੀ ਦੇ ਸ਼ਹਿਰਾਂ ਵਿੱਚ ਅਤਿ-ਆਲੀਸ਼ਾਨ ਜਾਇਦਾਦਾਂ ਦੀ ਸਥਾਈ ਮੰਗ ਨੂੰ ਦਰਸਾਉਂਦਾ ਹੈ। ਮਹਾਂਮਾਰੀ ਤੋਂ ਬਾਅਦ ਲਗਜ਼ਰੀ ਸੰਪਤੀਆਂ ਦੀ ਮੰਗ ਵਿੱਚ ਮਹੱਤਵਪੂਰਨ ਵਾਧਾ ਹੋਇਆ ਹੈ।

# ਮਗਨਰੇਗਾ ਤਹਿਤ ਵੱਧ ਉਜਰਤਾਂ ਤੇ ਐੱਮਐੱਸਪੀ ਵਿੱਚ ਵਾਧਾ ਸਮੇਂ ਦੀ ਲੋੜ: ਜੈਰਾਮ ਰਮੇਸ਼

ਨਵੀਂ ਦਿੱਲੀ- ਕਾਂਗਰਸ ਨੇ ਕਿਹਾ ਕਿ ਚਾਲੂ ਵਿੱਤੀ ਵਰ੍ਹੇ ਲਈ ਜੀਡੀਪੀ ਵਿਕਾਸ ਦਰ ਦੇ ਅਨੁਮਾਨਾਂ 'ਚ ਗਿਰਾਵਟ ਦੇ ਮੱਦੇਨਜ਼ਰ ਦੇਸ਼ ਦੀ ਵਿਕਾਸ ਦਰ 'ਚ ਆ ਰਹੀ ਗਿਰਾਵਟ ਦੂਰ ਕਰਨ ਲਈ ਸਖ਼ਤ ਕਦਮ ਚੁੱਕਣ ਦੀ ਲੋੜ ਹੈ। ਉਸ ਨੇ ਕਿਹਾ ਕਿ ਇਹ ਸਥਿਤੀ ਅਗਲੇ ਮਹੀਨੇ ਪੇਸ਼ ਹੋਣ ਵਾਲੇ ਬਜਟ ਤੋਂ ਪਹਿਲਾਂ ਨਿਰਾਸ਼ਾਜਨਕ ਹੈ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਗਰੀਬਾਂ ਲਈ ਆਮਦਨ ਸਹਾਇਤਾ, ਮਗਨਰੇਗਾ ਤਹਿਤ ਵੱਧ ਉਜਰਤਾਂ ਅਤੇ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਵਿੱਚ ਵਾਧਾ ਸਮੇਂ ਦੀ ਲੋੜ ਹੈ। ਰਮੇਸ਼ ਨੇ ਇੱਕ ਕਿਹਾ, 'ਕੇਂਦਰ ਸਰਕਾਰ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਵਿੱਤੀ ਸਾਲ 2025 ਵਿੱਚ ਜੀਡੀਪੀ ਵਿਕਾਸ ਦਰ ਸਿਰਫ 6.4 ਫੀਸਦ ਰਹਿਣ ਦਾ ਅਨੁਮਾਨ ਹੈ। ਇਹ ਚਾਰ ਸਾਲਾਂ ਵਿੱਚ ਸਭ ਤੋਂ ਹੇਠਲਾ ਪੱਧਰ ਹੈ ਅਤੇ ਵਿੱਤੀ ਵਰ੍ਹੇ 2024 ਵਿੱਚ ਦਰਜ 8.2 ਫੀਸਦ ਵਿਕਾਸ ਦਰ ਵਾਧੇ ਦੇ ਮੁਕਾਬਲੇ ਸਪੱਸ਼ਟ ਗਿਰਾਵਟ ਹੈ।' ਉਨ੍ਹਾਂ ਕਿਹਾ ਕਿ ਭਾਰਤੀ ਅਰਥਵਿਵਸਥਾ ਹੇਠਲੇ ਪੱਧਰ 'ਤੇ ਪਹੁੰਚ ਗਈ ਹੈ ਅਤੇ ਵਿਕਾਸ 'ਚ ਅਹਿਮ ਭੂਮਿਕਾ ਨਿਭਾਉਣ ਵਾਲਾ ਨਿਰਮਾਣ ਖੇਤਰ ਉਸ ਤਰੀਕੇ ਨਾਲ ਨਹੀਂ ਵਧ ਰਿਹਾ, ਜਿਸ ਤਰ੍ਹਾਂ ਇਹ ਵਧਣਾ ਚਾਹੀਦਾ ਹੈ। ਰਮੇਸ਼ ਅਨੁਸਾਰ ਸਰਕਾਰ ਹੁਣ ਭਾਰਤ ਦੇ ਆਰਥਿਕ ਵਿਕਾਸ ਵਿੱਚ ਗਿਰਾਵਟ ਦੀ ਅਸਲੀਅਤ ਅਤੇ ਇਸ ਦੇ ਪਹਿਲੂਆਂ ਤੋਂ ਇਨਕਾਰ ਨਹੀਂ ਕਰ ਸਕਦੀ। ਉਨ੍ਹਾਂ ਕਿਹਾ, 'ਪਿਛਲੇ ਦਸ ਸਾਲਾਂ ਵਿੱਚ ਭਾਰਤ ਦੀ ਖਪਤ ਦੀ ਕਹਾਣੀ ਉਲਟੀ ਚਲੀ ਗਈ ਹੈ ਅਤੇ ਭਾਰਤੀ ਅਰਥਵਿਵਸਥਾ ਲਈ ਸਭ ਤੋਂ ਵੱਡੀ ਸਮੱਸਿਆ ਦੇ ਰੂਪ ਵਿੱਚ ਉਭਰੀ ਹੈ।'

# ਹਵਾਈ ਕੰਪਨੀਆਂ ਨੂੰ ਆਈਐੱਮਡੀ ਨਾਲ ਸਾਂਝੇ ਕਰਨੇ ਪੈਣਗੇ ਮੌਸਮ ਸਬੰਧੀ ਅੰਕੜੇ



ਨਵੀਂ ਦਿੱਲੀ- ਸਰਕਾਰ ਘਰੇਲੂ ਹਵਾਬਾਜ਼ੀ ਕੰਪਨੀਆਂ ਲਈ ਜਹਾਜ਼ਾਂ ਦੇ ਉਡਾਣ ਭਰਨ ਤੇ ਉਤਰਨ ਦੌਰਾਨ ਇਕੱਠੇ ਕੀਤੇ ਗਏ ਮੌਸਮੀ ਪੇਸ਼ੀਨਗੋਈ ਸਬੰਧੀ ਅੰਕੜੇ ਆਈਐੱਮਡੀ ਨਾਲ ਸਾਂਝੇ ਕਰਨਾ ਲਾਜ਼ਮੀ ਕਰਨ ਦੀ ਯੋਜਨਾ ਬਣਾ ਰਹੀ ਹੈ। ਸੀਨੀਅਰ ਅਧਿਕਾਰੀਆਂ ਨੇ ਕਿਹਾ ਕਿ ਇਸ ਨਾਲ ਮੌਸਮ ਸਬੰਧੀ ਅਨੁਮਾਨ ਲਾਉਣ ਦੀ ਸਮਰੱਥਾ 'ਚ ਜ਼ਿਕਰਯੋਗ ਵਾਧਾ ਹੋਵੇਗਾ। ਕੇਂਦਰੀ ਭੂ-ਵਿਗਿਆਨ ਮੰਤਰਾਲੇ ਦੇ ਸਕੱਤਰ ਐੱਮ ਰਵੀਚੰਦਰਨ ਨੇ ਦੱਸਿਆ ਕਿ ਉਨ੍ਹਾਂ ਦਾ ਮੰਤਰਾਲਾ ਇਸ ਮਾਮਲੇ 'ਚ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨਾਲ ਚਰਚਾ ਕਰ ਰਿਹਾ ਹੈ ਅਤੇ ਮੌਸਮੀ ਪੇਸ਼ੀਨਗੋਈ ਸਬੰਧੀ ਅੰਕੜੇ ਮੁਹੱਈਆ ਕਰਾਉਣਾ 'ਇੱਕ ਸਾਲ ਅੰਦਰ ਘਰੇਲੂ ਹਵਾਬਾਜ਼ੀ ਕੰਪਨੀਆਂ ਲਈ ਲਾਜ਼ਮੀ ਕਰ ਦਿੱਤਾ ਜਾਵੇਗਾ।' ਉਨ੍ਹਾਂ ਕਿਹਾ, 'ਇਹ ਲਾਜ਼ਮੀ ਕੀਤਾ ਜਾਣਾ ਚਾਹੀਦਾ ਹੈ। ਇਹ ਨਾ ਸਿਰਫ਼ ਉਡਾਣਾਂ ਦੇ ਸੰਚਾਲਨ ਲਈ ਬਲਕਿ ਹਰ ਥਾਂ ਮੌਸਮੀ ਪੇਸ਼ੀਨਗੋਈ ਲਈ ਵੀ ਬਹੁਤ ਲਾਹੇਵੰਦ ਹੋਵੇਗਾ।' ਉਨ੍ਹਾਂ ਕਿਹਾ ਕਿ ਮੌਸਮੀ ਪੇਸ਼ੀਨਗੋਈ ਕਾਫੀ ਹੱਦ ਤੱਕ ਨਿਗਰਾਨੀ 'ਤੇ ਨਿਰਭਰ ਕਰਦੀ ਹੈ। ਉਨ੍ਹਾਂ ਕਿਹਾ, 'ਸਾਡੇ ਕੋਲ ਜਿੰਨੀ ਜ਼ਿਆਦਾ ਨਿਗਰਾਨੀ ਹੋਵੇਗੀ, ਸਾਡੀ ਪੇਸ਼ੀਨਗੋਈ ਓਨੀ ਹੀ ਬਿਹਤਰ ਹੋਵੇਗੀ। ਇਹ ਐਗਜ਼ਿਟ ਪੋਲ ਦੀ ਤਰ੍ਹਾਂ ਹੈ।

# '84 ਸਿੱਖ ਕਤਲੇਆਮ: ਸੱਜਣ ਕੁਮਾਰ ਖ਼ਿਲਾਫ਼ 21 ਨੂੰ ਆ ਸਕਦੈ ਫ਼ੈਸਲਾ




ਨਵੀਂ ਦਿੱਲੀ- ਦਿੱਲੀ ਦੀ ਅਦਾਲਤ 1984 ਸਿੱਖ ਕਤਲੇਆਮ ਵਿੱਚ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਖ਼ਿਲਾਫ਼ ਹੱਤਿਆ ਦੇ ਮਾਮਲੇ ਵਿੱਚ 21 ਜਨਵਰੀ ਨੂੰ ਫ਼ੈਸਲਾ ਸੁਣਾ ਸਕਦੀ ਹੈ। ਇਹ ਮਾਮਲਾ ਕਤਲੇਆਮ ਦੌਰਾਨ ਸਰਸਵਤੀ ਵਿਹਾਰ ਇਲਾਕੇ ਵਿੱਚ ਦੋ ਵਿਅਕਤੀਆਂ ਦੀ ਹੱਤਿਆ ਨਾਲ ਸਬੰਧਤ ਹੈ। ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੇ ਅੱਜ ਹੁਕਮ ਪਾਸ ਕੀਤਾ ਸੀ, ਪਰ ਉਨ੍ਹਾਂ ਫੈਸਲਾ ਟਾਲ ਦਿੱਤਾ। ਜੱਜ ਨੇ ਕਿਹਾ, "ਅਗਲੀ ਤਰੀਕ 21 ਜਨਵਰੀ ਤੈਅ ਕੀਤੀ ਜਾਂਦੀ ਹੈ।" ਸੱਜਣ ਕੁਮਾਰ ਇਸ ਸਮੇਂ ਤਿਹਾੜ ਜੇਲ੍ਹ ਵਿੱਚ ਬੰਦ ਹੈ। ਉਸ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਅਦਾਲਤ 'ਚ ਪੇਸ਼ੀ ਭੁਗਤੀ। ਅਦਾਲਤ ਨੇ ਪਹਿਲੀ ਨਵੰਬਰ 1984 ਨੂੰ ਜਸਵੰਤ ਸਿੰਘ ਅਤੇ ਉਸ ਦੇ ਪੁੱਤਰ ਤਰੁਣਦੀਪ ਸਿੰਘ ਦੀ ਹੱਤਿਆ ਨਾਲ ਸਬੰਧਤ ਮਾਮਲੇ ਵਿੱਚ ਅੰਤਿਮ ਦਲੀਲਾਂ ਸੁਣਨ ਮਗਰੋਂ ਫੈਸਲਾ ਸੁਰੱਖਿਅਤ ਰੱਖ ਲਿਆ ਸੀ। ਇਹ ਮਾਮਲਾ ਸ਼ੁਰੂ ਵਿੱਚ ਪੰਜਾਬੀ ਬਾਗ਼ ਥਾਣੇ ਵਿੱਚ ਦਰਜ ਕੀਤਾ ਗਿਆ ਸੀ ਪਰ ਬਾਅਦ ਵਿੱਚ ਵਿਸ਼ੇਸ਼ ਜਾਂਚ ਟੀਮ ਨੇ ਜਾਂਚ ਆਪਣੇ ਹੱਥ ਲੈ ਲਈ। ਅਦਾਲਤ ਨੇ 16 ਦਸੰਬਰ 2021 ਨੂੰ ਸੱਜਣ ਕੁਮਾਰ ਖ਼ਿਲਾਫ਼ ਦੋਸ਼ ਤੈਅ ਕੀਤੇ ਸਨ ਅਤੇ 'ਪਹਿਲੀ ਨਜ਼ਰੇ' ਮਾਮਲਾ ਸਹੀ ਪਾਇਆ ਸੀ। ਇਸਤਗਾਸਾ ਪੱਖ ਮੁਤਾਬਕ ਮਾਰੂ ਹਥਿਆਰਾਂ ਨਾਲ ਲੈਸ ਭੀੜ ਨੇ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਦਾ ਬਦਲਾ ਲੈਣ ਲਈ ਵੱਡੇ ਪੱਧਰ 'ਤੇ ਲੁੱਟ-ਖੋਹ, ਅੱਗਜ਼ਨੀ ਅਤੇ ਸਿੱਖਾਂ ਦੀਆਂ ਜਾਇਦਾਦਾਂ ਨੂੰ ਤਬਾਹ ਕਰ ਦਿੱਤਾ ਸੀ। -

## ਆਸਾਰਾਮ ਨੂੰ ਪੈਰੋਲ ਮਿਲਣ ਮਗਰੋਂ ਪੀੜਤਾ ਦੇ ਘਰ ਦੀ ਸੁਰੱਖਿਆ ਵਧਾਈ

ਸ਼ਾਹਜਹਾਂਪੁਰ- ਸੁਪਰੀਮ ਕੋਰਟ ਵੱਲੋਂ ਆਸਾਰਾਮ ਨੂੰ ਸਿਹਤ ਸਮੱਸਿਆਵਾਂ ਕਾਰਨ ਪੈਰੋਲ 'ਤੇ ਰਿਹਾਅ ਕਰਨ ਦਾ ਫ਼ੈਸਲਾ ਸੁਣਾਏ ਜਾਣ ਮਗਰੋਂ ਇੱਥੇ ਸ਼ਾਹਜਹਾਂਪੁਰ ਜ਼ਿਲ੍ਹੇ 'ਚ ਜਬਰ ਜਨਾਹ ਪੀੜਤਾ ਦੇ ਘਰ ਦੀ ਸੁਰੱਖਿਆ ਵਧਾ ਦਿੱਤੀ ਗਈ ਹੈ। ਪੁਲੀਸ ਦੇ ਇੱਕ ਅਧਿਕਾਰੀ ਨੇ ਅੱਜ ਇਹ ਜਾਣਕਾਰੀ ਦਿੱਤੀ। ਜਿਨਸੀ ਸ਼ੋਸ਼ਣ ਮਾਮਲੇ 'ਚ ਸਜ਼ਾ ਕੱਟ ਰਹੇ ਆਸਾਰਾਮ ਨੂੰ ਸੁਪਰੀਮ ਕੋਰਟ ਨੇ 31 ਮਾਰਚ ਤੱਕ ਪੈਰੋਲ ਦਿੱਤੀ ਹੈ। ਪੀੜਤਾ ਦੇ ਪਿਤਾ ਨੇ ਆਪਣੇ ਪਰਿਵਾਰ ਦੀ ਸੁਰੱਖਿਆ ਲਈ ਚਿੰਤਾ ਜ਼ਾਹਿਰ ਕਰਦਿਆਂ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਹੈਰਾਨੀ ਜ਼ਾਹਿਰ ਕੀਤੀ। ਏਐੱਸਪੀ (ਸ਼ਹਿਰੀ) ਸੰਜੈ ਕੁਮਾਰ ਸਾਗਰ ਨੇ ਦੱਸਿਆ ਕਿ ਆਸਾਰਾਮ ਨੂੰ ਪੈਰੋਲ ਮਿਲਣ ਮਗਰੋਂ ਉਹ ਖੁਦ ਪੀੜਤਾ ਦੇ ਘਰ ਗਏ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਨਾਲ ਮੁਲਾਕਾਤ ਕੀਤੀ। ਪੀੜਤਾ ਦੇ ਘਰ ਪੁਲੀਸ ਦਾ ਇੱਕ ਗਾਰਡ ਪਹਿਲਾਂ ਤੋਂ ਹੀ ਤਾਇਨਾਤ ਹੈ। ਇਸ ਤੋਂ ਇਲਾਵਾ ਪੀੜਤਾ ਦੇ ਪਿਤਾ ਕੋਲ ਹਥਿਆਰਬੰਦ ਸੁਰੱਖਿਆ ਕਰਮੀ ਹੈ।

# ਚੀਨ ਵਿੱਚ ਫੈਲ ਰਹੇ ਨਵੇਂ ਵਾਇਰਸ ਤੋਂ ਗੁਆਂਢੀ ਦੇਸ਼ ਭਾਰਤ ਨੂੰ ਕਿੰਨਾ ਖ਼ਤਰਾ ? ਇਸ ਤੋਂ ਕਿਵੇਂ ਬਚਿਆ ਜਾਵੇ ?



ਕੋਵਿਡ ਮਹਾਂਮਾਰੀ ਦਾ ਭਿਆਨਕ ਦੌਰ ਸ਼ੁਰੂ ਹੋਣ ਤੋਂ ਪੰਜ ਸਾਲ ਬਾਅਦ, ਚੀਨ ਵਿੱਚ ਇੱਕ ਹੋਰ ਨਵੇਂ ਵਾਇਰਸ ਦੀ ਲਾਗ ਦੇ ਮਾਮਲੇ ਸਾਹਮਣੇ ਆ ਰਹੇ ਹਨ।ਇਹ ਨਵਾਂ ਵਾਇਰਸ ਖਾਸ ਤੌਰ ਤੇ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਪ੍ਰਭਾਵਿਤ ਕਰ ਰਿਹਾ ਹੈ।ਹਿਊਮਨ ਮੇਟਾਪਨੀਓਮੋਵਾਇਰਸ (ਐੱਚਐੱਮਪੀਵੀ) ਨਾਮ ਦੇ ਇਸ ਵਾਇਰਸ ਦੀ ਲਾਗ ਦੇ ਜ਼ਿਆਦਾ ਮਾਮਲੇ ਉੱਤਰੀ ਚੀਨ ਵਿੱਚ ਸਾਹਮਣੇ ਆ ਰਹੇ ਹਨ।ਬੀਬੀਸੀ ਮਾਨੀਟਰਿੰਗ ਨੇ ਇੱਕ ਮੀਡੀਆ ਰਿਪੋਰਟ ਦੇ ਹਵਾਲੇ ਨਾਲ ਜਾਣਕਾਰੀ ਦਿੱਤੀ ਹੈ ਕਿ ਇਸ ਵਾਇਰਸ ਕਾਰਨ ਵਿਅਕਤੀ ਵਿੱਚ ਜ਼ੁਕਾਮ ਅਤੇ ਕੋਵਿਡ-19 ਵਰਗੇ ਲੱਛਣ ਦਿਖਾਈ ਦਿੰਦੇ ਹਨ ਅਤੇ ਇਹ ਤੇਜ਼ੀ ਨਾਲ ਫੈਲ ਰਿਹਾ ਹੈ।ਚੀਨ ਦੇ ਗੁਆਂਢੀ ਦੇਸ਼ ਸਥਿਤੀ ਤੇ ਨਜ਼ਰ ਰੱਖ ਰਹੇ ਹਨ। ਭਾਰਤੀ ਸਿਹਤ ਸੇਵਾਵਾਂ ਦੇ ਡਾਇਰੈਕਟਰ ਜਨਰਲ ਦਾ ਕਹਿਣਾ ਹੈ ਕਿ ਫਿਲਹਾਲ ਚਿੰਤਾ ਕਰਨ ਦੀ ਕੋਈ ਗੱਲ ਨਹੀਂ ਹੈ।ਇਸ ਦੇ ਨਾਲ ਹੀ, ਭਾਰਤ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰਾਲੇ ਨੇ ਸ਼ਨੀਵਾਰ ਨੂੰ ਡੀਜੀਐੱਚਐੱਸ ਦੀ ਪ੍ਰਧਾਨਗੀ ਹੇਠ ਸੰਯੁਕਤ ਨਿਗਰਾਨੀ ਸਮੂਹ ਦੀ ਮੀਟਿੰਗ ਵੀ ਬੁਲਾਈ । ਇਸ ਦੌਰਾਨ ਵਿਸਥਾਰਪੂਰਵਕ ਚਰਚਾ ਤੋਂ ਬਾਅਦ ਕੁਝ ਨੁਕਤਿਆਂ ਤੇ ਸਹਿਮਤੀ ਬਣੀ।ਯਾਨੀ ਕਿ ਚੀਨ ਵਿੱਚ ਫਲੂ ਦੇ ਮੌਸਮ ਦੇ ਮੱਦੇਨਜ਼ਰ ਇਹ ਸਥਿਤੀ ਅਸਾਧਾਰਨ ਨਹੀਂ ਹੈ। ਐੱਚਐੱਮਪੀਵੀ ਇਸ ਮੌਸਮ ਵਿੱਚ ਹੋਣ ਵਾਲਾ ਇੱਕ ਆਮ ਜਰਾਸੀਮ ਹੈ। ਸਰਕਾਰ ਸਥਿਤੀ ਤੇ ਤਿੱਖੀ ਨਜ਼ਰ ਰੱਖ ਰਹੀ ਹੈ। ਵਿਸ਼ਵ ਸਿਹਤ ਸੰਗਠਨ ਨੂੰ ਵੀ ਚੀਨ ਦੀ ਸਥਿਤੀ ਬਾਰੇ ਸਮੇਂ ਸਿਰ ਜਾਣਕਾਰੀ ਸਾਂਝੀ ਕਰਨ ਦੀ ਬੇਨਤੀ ਕੀਤੀ ਗਈ ਹੈ।

**ਕਿੱਥੋਂ ਹੋਈ ਸ਼ੁਰੂਆਤ**

ਸੋਸ਼ਲ ਮੀਡੀਆ ਤੇ ਲਗਾਤਾਰ ਅਜਿਹੀਆਂ ਵੀਡੀਓਜ਼ ਸ਼ੇਅਰ ਕੀਤੀਆਂ ਜਾ ਰਹੀਆਂ ਸਨ। ਜਿਨ੍ਹਾਂ ਵਿੱਚ ਚੀਨ ਦੇ ਹਸਪਤਾਲ ਵੱਡੀ ਗਿਣਤੀ ਚ ਮਰੀਜ਼ਾਂ ਨਾਲ ਜੂਝਦੇ ਨਜ਼ਰ ਆ ਰਹੇ ਸਨ। ਇਨ੍ਹਾਂ ਮਰੀਜ਼ਾਂ ਵਿੱਚ ਫਲੂ ਵਰਗੇ ਲੱਛਣ ਦੇਖਣ ਨੂੰ ਮਿਲ ਰਹੇ ਸਨ ਇਸ ਤੋਂ ਬਾਅਦ ਹੀ ਖਦਸ਼ਾ ਜਤਾਇਆ ਜਾਣ ਲੱਗਾ ਕਿ ਚੀਨ ਵਿੱਚ ਫਿਰ ਇੱਕ ਵਾਰ ਨਵਾਂ ਵਾਇਰਸ ਲੋਕਾਂ ਲਈ ਚੁਣੌਤੀ ਖੜੀ ਕਰ ਰਿਹਾ ਹੈ।ਕੋਵਿਡ ਵਾਇਰਸ, ਜਿਸ ਨੇ ਪੰਜ ਸਾਲ ਪਹਿਲਾਂ ਦੁਨੀਆ ਦੇ ਸੌ ਤੋਂ ਵੱਧ ਦੇਸ਼ਾਂ ਵਿੱਚ ਤਬਾਹੀ ਮਚਾਈ ਸੀ। ਇਹ ਮੰਨਿਆ ਜਾਂਦਾ ਹੈ ਕਿ ਇਹ ਚੀਨ ਦੇ ਵੂਹਾਨ ਦੇ ਇੱਕ ਬਾਜ਼ਾਰ ਤੋਂ ਪੈਦਾ ਹੋਇਆ ਸੀ।ਚੀਨ ਦੀ ਅਧਿਕਾਰਤ ਨਿਊਜ਼ ਵੈੱਬਸਾਈਟ ਗਲੋਬਲ ਟਾਈਮਜ਼ ਮੁਤਾਬਕ ਉੱਤਰੀ ਚੀਨ ਦੇ ਖੇਤਰਾਂ ਤੋਂ ਇਲਾਵਾ ਬੀਜਿੰਗ, ਚੋਂਗਕਿੰਗ ਅਤੇ ਦੱਖਣੀ ਚੀਨ ਦੇ ਗੁਆਂਗਡੋਂਗ ਸੂਬਿਆਂ ਚ ਐੱਚਐੱਮਪੀਵੀ ਦੇ ਮਾਮਲੇ ਸਾਹਮਣੇ ਆਏ ਹਨ।ਨਿਊਜ਼ ਏਜੰਸੀ ਰਾਇਟਰਜ਼ ਵਿੱਚ 27 ਦਸੰਬਰ, 2024 ਨੂੰ ਪ੍ਰਕਾਸ਼ਿਤ ਰਿਪੋਰਟ ਦੇ ਅਨੁਸਾਰ, ਚੀਨ ਦੀਆਂ ਸਿਹਤ ਏਜੰਸੀਆਂ ਨੇ ਕਿਹਾ ਕਿ ਸਰਦੀਆਂ ਵਿੱਚ ਸਾਹ ਦੀਆਂ ਬਿਮਾਰੀਆਂ ਦੇ ਵੱਧ ਰਹੇ ਮਾਮਲਿਆਂ ਦੇ ਮੱਦੇਨਜ਼ਰ ਪਾਇਲਟ ਨਿਗਰਾਨ ਪ੍ਰਣਾਲੀ ਸ਼ੁਰੂ ਕੀਤੀ ਜਾ ਰਹੀ ਹੈ।ਇਸ ਨਿਗਰਾਨ ਪ੍ਰਣਾਲੀ ਬਾਰੇ ਚੀਨ ਦੇ ਨੈਸ਼ਨਲ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ ਦੀ ਮੁਖੀ ਲੀ ਜ਼ੇਂਗਲੌਂਗ ਨੇ ਕਿਹਾ ਕਿ ਇਸ ਦੇ ਨਾਲ ਅਣਪਛਾਤੇ ਕਾਰਨਾਂ ਨਾਲ ਹੋਣ ਵਾਲੇ ਨਿਮੋਨੀਆ ਦੇ ਮਾਮਲਿਆਂ ਦੀ ਨਿਗਰਾਨੀ ਕੀਤੀ ਜਾਵੇਗੀ।ਰਾਇਟਰਜ਼ ਨੇ ਚੀਨੀ ਸਰਕਾਰ ਵੱਲੋਂ ਜਾਰੀ ਬਿਆਨ ਦੇ ਆਧਾਰ ਤੇ ਆਪਣੀ ਰਿਪੋਰਟ ਚ ਕਿਹਾ ਹੈ ਕਿ ਦਸੰਬਰ ਦੇ ਤੀਜੇ ਹਫ਼ਤੇ ਚੀਨ ਚ ਸਾਹ ਦੀਆਂ ਬਿਮਾਰੀਆਂ ਤੋਂ ਪੀੜਤ ਲੋਕਾਂ ਦੀ ਗਿਣਤੀ ਚ ਤੇਜ਼ੀ ਨਾਲ ਵਾਧਾ ਦਰਜ ਕੀਤਾ ਗਿਆ ਹੈ।ਇਸ ਰਿਪੋਰਟ ਦੇ ਅਨੁਸਾਰ ਦਰਜ ਕੀਤੇ ਮਾਮਲਿਆਂ ਵਿੱਚ ਰਾਈਨੋਵਾਇਰਸ ਅਤੇ ਹਿਊਮਨ ਮੈਟਾਪਨੀਓਮੋ ਵਾਇਰਸ (ਐੱਚਐੱਮਪੀਵੀ) ਨਾਲ ਲਾਗ ਦੇ ਮਾਮਲੇ ਵਧੇਰੇ ਹਨ। ਇਸ ਦੇ ਵਧੇਰੇ ਮਾਮਲੇ ਉੱਤਰੀ ਸੂਬਿਆਂ ਵਿੱਚ ਦਰਜ ਕੀਤੇ ਗਏ ਹਨ ਅਤੇ ਇਹਨਾਂ ਵਿੱਚ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਗਿਣਤੀ ਜ਼ਿਆਦਾ ਹੈ।ਰਿਪੋਰਟ ਮੁਤਾਬਕ ਹਿਊਮਨ ਮੈਟਾਨੀਓਮੋ ਵਾਇਰਸ ਦੇ ਸਰੋਤ ਬਾਰੇ ਅਜੇ ਤੱਕ ਕੋਈ ਜਾਣਕਾਰੀ ਨਹੀਂ ਮਿਲੀ ਹੈ।

**ਚੀਨ ਦੇ ਗੁਆਂਢੀਆਂ ਨੇ ਚਿੰਤਾ ਪ੍ਰਗਟਾਈ**

ਇੰਡੋਨੇਸ਼ੀਆ ਦੇ ਸਿਹਤ ਮੰਤਰਾਲੇ ਨੇ ਬੀਤੇ ਦਿਨੀ ਬਿਆਨ ਜਾਰੀ ਕਰਕੇ ਚੀਨ ਵਿੱਚ ਇਨਫਲੂਐਂਜ਼ਾ ਏ ਅਤੇ ਸਾਹ ਦੀਆਂ ਬਿਮਾਰੀਆਂ ਦਾ ਕਾਰਨ ਬਣ ਰਹੇ ਹੋਰ ਵਾਇਰਸਾਂ ਬਾਰੇ ਚਿੰਤਾ ਜ਼ਾਹਰ ਕੀਤੀ ਹੈ।ਇੰਡੋਨੇਸ਼ੀਆ ਦੀ ਖ਼ਬਰ ਏਜੰਸੀ ਅੰਤਾਰਾ ਦੇ ਮੁਤਾਬਿਕ ਸੋਸ਼ਲ ਮੀਡੀਆ ਤੇ ਚੀਨ ਦਾ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਇੰਡੋਨੇਸ਼ੀਆ ਦੇ ਸਿਹਤ ਮੰਤਰਾਲੇ ਦੇ ਬੁਲਾਰੇ ਵਿਦਿਆਵਤੀ ਨੇ ਲੋਕਾਂ ਨੂੰ ਚੌਕਸ ਤੇ ਸਾਵਧਾਨ ਰਹਿਣ ਅਤੇ ਨਾਲ ਹੀ ਮਾਸਕ ਪਾਉਣ ਅਤੇ ਸਾਬਣ ਨਾਲ ਹੱਥ ਧੋਣ ਵਰਗੀਆਂ ਸਾਵਧਾਨੀਆਂ ਬਾਰੇ ਦੱਸਿਆ ਹੈ।ਉਨ੍ਹਾਂ ਨੇ ਕਿਹਾ, ਇੰਡੋਨੇਸ਼ੀਆ, ਚੀਨ ਵਿੱਚ ਐੱਚਐੱਮਪੀਵੀ ਦੇ ਫੈਲਣ ਦੀ ਨਿਗਰਾਨੀ ਕਰ ਰਿਹਾ ਹੈ ਅਤੇ ਦੇਸ਼ ਵਿੱਚ ਐਂਟਰੀ ਪੁਆਇੰਟਾਂ ਤੇ ਵੀ ਨਿਗਰਾਨੀ ਰੱਖੀ ਜਾ ਰਹੀ ਹੈ। ਇਸ ਵਿੱਚ ਫਲੂ ਵਰਗੇ ਲੱਛਣ ਦਿਖਾਉਣ ਵਾਲੇ ਵਿਦੇਸ਼ੀ ਯਾਤਰੀਆਂ ਨੂੰ ਕੌਆਰਟੀਨ ਕਰਨ ਵਰਗੇ ਕਦਮ ਸ਼ਾਮਲ ਹਨ।ਬੀਤੇ ਦਿਨੀ ਹਾਂਗਕਾਂਗ ਫ੍ਰੀ ਪ੍ਰੈਸ ਨੇ ਇੱਕ ਰਿਪੋਰਟ ਵਿੱਚ ਕਿਹਾ ਸੀ ਕਿ ਹਾਂਗਕਾਂਗ ਵਿੱਚ ਐੱਚਐੱਮਪੀਵੀ ਦੇ ਮਾਮਲੇ ਸਾਹਮਣੇ ਆਏ ਹਨ, ਪਰ ਅਜੇ ਗਿਣਤੀ ਬਹੁਤ ਘੱਟ ਹੈ।ਇੱਕ ਮਹਾਂਮਾਰੀ ਵਿਗਿਆਨੀ ਦੇ ਹਵਾਲੇ ਨਾਲ ਰਿਪੋਰਟ ਵਿੱਚ ਕਿਹਾ ਗਿਆ ਕਿ ਚੀਨ ਦੀ ਤਰ੍ਹਾਂ ਇੱਥੇ ਵਾਇਰਸ ਫੈਲਣ ਦੇ ਮਾਮਲਿਆਂ ਵਿੱਚ ਕੋਈ ਵਾਧਾ ਦਰਜ ਨਹੀਂ ਕੀਤਾ ਗਿਆ ਹੈ।

**ਚੀਨ ਦਾ ਜਵਾਬ**

ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਮਾਓ ਨਿੰਗ ਦੀ ਸ਼ੁੱਕਰਵਾਰ ਦੀ ਪ੍ਰੈਸ ਕਾਨਫਰੰਸ ਵਿੱਚ ਹੋਰ ਸਵਾਲਾਂ ਦੇ ਨਾਲ ਇਹ ਸਵਾਲ ਵੀ ਉਠਾਇਆ ਗਿਆ ਸੀ।

ਇਸ ਦੇ ਜਵਾਬ ਵਿੱਚ ਮਾਓ ਨਿੰਗ ਨੇ ਕਿਹਾ ਕਿ ਉੱਤਰੀ ਗੋਲਾਰਥ ਵਿੱਚ ਸਰਦੀਆਂ ਦੇ ਮੌਸਮ ਵਿੱਚ ਸਾਹ ਵਿੱਚ ਮੁਸ਼ਕਿਲ ਦੇ ਜ਼ਿਆਦਾ ਮਾਮਲੇ ਸਾਹਮਣੇ ਆਉਂਦੇ ਹਨ।

ਉਨ੍ਹਾਂ ਕਿਹਾ, ਹਾਲ ਹੀ ਵਿੱਚ, ਚੀਨ ਦੇ ਨੈਸ਼ਨਲ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ ਨੇ ਇੱਕ ਪ੍ਰੈਸ ਕਾਨਫਰੰਸ ਕਰਕੇ ਸਰਦੀਆਂ ਦੇ ਸਮੇਂ ਵਿੱਚ ਚੀਨ ਵਿੱਚ ਸਾਹ ਦੀਆਂ ਬਿਮਾਰੀਆਂ ਦੀ ਰੋਕਥਾਮ ਅਤੇ ਨਿਯੰਤਰਣ ਬਾਰੇ ਜਾਣਕਾਰੀ ਦਿੱਤੀ ਸੀ।

ਇਹ ਬੀਮਾਰੀ ਪਿਛਲੇ ਸਾਲ ਦੇ ਮੁਕਾਬਲੇ ਘੱਟ ਗੰਭੀਰ ਅਤੇ ਘੱਟ ਪੈਮਾਨੇ ਤੇ ਫੈਲਦੀ ਦਿਖਾਈ ਦਿੰਦੀ ਹੈ। ਮੈਂ ਤੁਹਾਨੂੰ ਯਕੀਨ ਦਿਵਾਉਦੀ ਹਾਂ ਕਿ ਚੀਨ ਦੀ ਯਾਤਰਾ ਸੁਰੱਖਿਅਤ ਹੈ।

ਭਾਰਤ ਵਿੱਚ ਕਿਸ ਤਰ੍ਹਾਂ ਦਾ ਪ੍ਰਤੀਕਰਮ ?

ਚੀਨ ਵਿੱਚ ਐੱਚਐੱਮਪੀਵੀ ਵਾਇਰਸ ਦੇ ਮਾਮਲਿਆਂ ਵਿੱਚ ਵਾਧੇ ਤੋਂ ਬਾਅਦ ਭਾਰਤ ਵਿੱਚ ਇਸ ਨੂੰ ਲੈ ਕੇ ਚਿੰਤਾ ਜਤਾਈ ਜਾ ਰਹੀ ਹੈ। ਹਾਲਾਂਕਿ ਭਾਰਤੀ ਸਿਹਤ ਸੇਵਾਵਾਂ ਦੇ ਡਾਇਰੈਕਟਰ ਜਨਰਲ ਡਾ. ਅਤੁਲ ਗੋਇਲ ਦਾ ਕਹਿਣਾ ਹੈ ਕਿ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ।

ਅਤੁਲ ਗੋਇਲ ਨੇ ਸ਼ੁੱਕਰਵਾਰ ਨੂੰ ਦੱਸਿਆ ਕਿ ਭਾਰਤ ਚ ਹੁਣ ਤੱਕ ਇਸ ਵਾਇਰਸ ਨਾਲ ਇਨਫੈਕਸ਼ਨ ਦੇ ਜ਼ਿਆਦਾ ਮਾਮਲੇ ਦਰਜ ਨਹੀਂ ਕੀਤੇ ਗਏ ਹਨ।

ਉਨ੍ਹਾਂ ਕਿਹਾ, ਇਹ ਇਕ ਆਮ ਵਾਇਰਸ ਹੈ ਜੋ ਸਾਹ ਦੀ ਨਾਲੀ ਵਿਚ ਇਨਫੈਕਸ਼ਨ ਦਾ ਕਾਰਨ ਬਣਦਾ ਹੈ। ਇਸ ਕਾਰਨ ਸਰਦੀ- ਜ਼ੁਕਾਮ ਵਰਗੀ ਬੀਮਾਰੀ ਹੋ ਸਕਦੀ ਹੈ। ਇਸ ਇਨਫੈਕਸ਼ਨ ਕਾਰਨ ਇਕ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਅਤੇ ਬਜ਼ੁਰਗਾਂ ਵਿਚ ਫਲੂ ਵਰਗੇ ਲੱਛਣ ਦੇਖਣ ਨੂੰ ਮਿਲ ਸਕਦੇ ਹਨ।

ਪਰ ਇਹ ਗੰਭੀਰ ਬੀਮਾਰੀਆਂ ਦਾ ਕਾਰਨ ਨਹੀਂ ਬਣਦਾ, ਇਸ ਲਈ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ। ਸਰਦੀਆਂ ਵਿੱਚ ਆਮ ਕਰਕੇ ਹੀ ਜ਼ੁਕਾਮ ਅਤੇ ਖੰਘ ਵਰਗੇ ਮਾਮਲੇ ਜ਼ਿਆਦਾ ਦੇਖਣ ਨੂੰ ਮਿਲਦੇ ਹਨ। ਸਾਡੇ ਹਸਪਤਾਲ ਸਥਿਤੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹਨ।

ਅਸੀਂ ਅੰਕੜਿਆਂ ਦੀ ਵੀ ਲਗਾਤਾਰ ਨਿਗਰਾਨੀ ਕਰ ਰਹੇ ਹਾਂ। ਪਿਛਲੇ ਸਾਲ ਦੇ ਦਸੰਬਰ ਦੇ ਅੰਕੜਿਆਂ ਵਿੱਚ ਕੋਈ ਵਾਧਾ ਨਹੀਂ ਹੋਇਆ ਹੈ। ਭਾਰਤ ਦੇ ਸਿਹਤ ਮੰਤਰਾਲੇ ਨੇ ਪਹਿਲਾਂ ਇੱਕ ਅਖਬਾਰ ਨੂੰ ਦੱਸਿਆ ਸੀ ਕਿ ਉਹ ਚੀਨ ਵਿੱਚ ਐੱਚਐੱਮਪੀਵੀ ਵਾਇਰਸ ਦੇ ਵੱਧਦੇ ਮਾਮਲਿਆਂ ਦੀ ਨਿਗਰਾਨੀ ਕਰ ਰਹੇ ਹਨ।

ਮੰਤਰਾਲੇ ਨੇ ਕਿਹਾ ਕਿ ਹਾਲ ਹੀ ਦੇ ਸਮੇਂ ਵਿੱਚ ਚੀਨ ਵਿੱਚ ਲੋਕਾਂ ਵਿੱਚ ਸਾਹ ਲੈਣ ਵਿੱਚ ਮੁਸ਼ਕਲ ਦੇ ਕਈ ਮਾਮਲੇ ਦਰਜ ਕੀਤੇ ਗਏ ਹਨ, ਜੋ ਐੱਚਐੱਮਪੀਵੀ ਵਾਇਰਸ ਨਾਲ ਸਬੰਧਤ ਹਨ। ਭਾਰਤ ਵਿੱਚ ਵੀ ਸਰਦੀਆਂ ਵਿੱਚ ਸਾਹ ਲੈਣ ਵਿੱਚ ਮੁਸ਼ਕਲ ਵਰਗੇ ਮਾਮਲੇ ਸਾਹਮਣੇ ਆਉਂਦੇ ਹਨ ਪਰ ਹੁਣ ਤੱਕ ਅਜਿਹੇ ਮਾਮਲਿਆਂ ਦੀ ਗਿਣਤੀ ਵਿੱਚ ਕੋਈ ਅਚਾਨਕ ਵਾਧਾ ਨਹੀਂ ਹੋਇਆ ਹੈ।

ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਨੈਸ਼ਨਲ ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਸਾਹ ਦੀ ਸਮੱਸਿਆ ਅਤੇ ਮੌਸਮੀ ਜ਼ੁਕਾਮ ਅਤੇ ਖੰਘ ਵਰਗੇ ਮਾਮਲਿਆਂ 'ਤੇ ਨਜ਼ਰ ਰੱਖ ਰਿਹਾ ਹੈ ਅਤੇ ਉਹ ਇਸ ਮਾਮਲੇ 'ਚ ਅੰਤਰਰਾਸ਼ਟਰੀ ਏਜੰਸੀਆਂ ਨਾਲ ਵੀ ਸੰਪਰਕ ਚ ਹਨ।

**ਡਾਕਟਰ ਕੀ ਕਹਿੰਦੇ ਹਨ ?**

ਇਸ ਦੇ ਨਾਲ ਹੀ ਦਿੱਲੀ ਦੇ ਸਰ ਗੰਗਾ ਰਾਮ ਹਸਪਤਾਲ ਦੇ ਬਾਲ ਵਿਭਾਗ ਦੇ ਡਾ. ਸੁਰੇਸ਼ ਗੁਪਤਾ ਨੇ ਖ਼ਬਰ ਏਜੰਸੀ ਪੀਟੀਆਈ ਨੂੰ ਦੱਸਿਆ ਕਿ ਇਹ ਕੋਈ ਨਵਾਂ ਵਾਇਰਸ ਨਹੀਂ ਹੈ। ਉਨ੍ਹਾਂ ਕਿਹਾ, ÷ਵੀਹ ਸਾਲਾਂ ਤੋਂ ਮਨੁੱਖ ਨੂੰ ਇਸ ਬਾਰੇ ਜਾਣਕਾਰੀ ਹੈ। ਸਰਦੀਆਂ ਦੇ ਮੌਸਮ ਵਿੱਚ ਇਸ ਦੇ ਮਾਮਲੇ ਸਾਹਮਣੇ ਆਉਂਦੇ ਰਹਿੰਦੇ ਹਨ। ਇਹ ਫਲੂ ਵਾਇਰਸ ਵਾਂਗ ਹੁੰਦਾ ਹੈ। ਡਾਕਟਰ ਸੁਰੇਸ਼ ਗੁਪਤਾ ਦਾ ਕਹਿਣਾ ਹੈ ਕਿ ਇਸ ਦੇ ਲਈ ਆਮ ਤੌਰ @ਤੇ ਜ਼ੁਕਾਮ ਅਤੇ ਖੰਘ ਲਈ ਵਰਤੀਆਂ ਜਾਂਦੀਆਂ ਦਵਾਈਆਂ ਦਿੱਤੀਆਂ ਜਾਂਦੀਆਂ ਹਨ ਅਤੇ ਬਿਮਾਰ ਵਿਅਕਤੀ ਨੂੰ ਆਰਾਮ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਉਹ ਕਹਿੰਦੇ ਹਨ, ਇਸ ਦੇ ਬਹੁਤੇ ਮਾਮਲਿਆਂ ਵਿੱਚ ਹਸਪਤਾਲ ਵਿੱਚ ਦਾਖਲ ਹੋਣ ਦੀ ਸਲਾਹ ਨਹੀਂ ਦਿੱਤੀ ਜਾਂਦੀ ਹੈ।

ਇਸੇ ਹਸਪਤਾਲ ਦੇ ਚੈਸਟ ਮੈਡੀਸਨ ਵਿਭਾਗ ਦੇ ਸੀਨੀਅਰ ਸਲਾਹਕਾਰ ਡਾ: ਬੌਬੀ ਭਾਲੋਤਰਾ ਦਾ ਕਹਿਣਾ ਹੈ, ÷ਇਸ ਵਾਇਰਸ ਦੇ ਸਾਰੇ ਮਾਮਲਿਆਂ ਵਿੱਚ ਅਜੇ ਤੱਕ ਸਿਰਫ ਮਾਮੂਲੀ ਲੱਛਣ ਹੀ ਦੇਖੇ ਗਏ ਹਨ। ਹਾਲਾਂਕਿ ਦਮੇ ਤੋਂ ਪੀੜਤ ਮਰੀਜ਼ ਅਤੇ ਕਰੋਨਿਕ ਅਬਸਰਟਰਕਟਿਵ ਪਲਮਨਰੀ ਡਿਜ਼ੀਜ਼ (ਸੀ.ਓ.ਪੀ.ਡੀ) ਵਾਲੇ ਮਰੀਜ਼ਾਂ ਨੂੰ ਕਾਫੀ ਪਰੇਸ਼ਾਨੀ ਹੋ ਸਕਦੀ ਹੈ। ਉਨ੍ਹਾਂ ਨੂੰ ਸਾਹ ਲੈਣ ਵਿੱਚ ਜ਼ਿਆਦਾ ਪਰੇਸ਼ਾਨੀ, ਥਕਾਵਟ ਅਤੇ ਬੁਖਾਰ ਹੋ ਸਕਦਾ ਹੈ।÷ ਭਾਰਤ ਵਿੱਚ ਮੌਜੂਦ ਇਸ ਵਾਇਰਸ ਦਾ ਸਟ੍ਰੇਨ ਗੰਭੀਰ ਸੰਕਰਮਣ ਦਾ ਕਾਰਨ ਨਹੀਂ ਬਣਦਾ। ਜਿਸ ਤਰ੍ਹਾਂ ਕੋਰਨਾ ਵਾਇਰਸ ਗੰਭੀਰ ਰੂਪ ਲੈ ਲੈਂਦਾ ਸੀ ਅਤੇ ਸਾਹ ਲੈਣ ਵਿੱਚ ਅਸਫਲਤਾ ਦਾ ਪੈਦਾ ਕਰਦਾ ਸੀ। ਅਜਿਹਾ ਹੁਣ ਤੱਕ ਦੇ ਮਾਮਲਿਆਂ ਵਿੱਚ ਨਹੀਂ ਦੇਖਿਆ ਗਿਆ ਹੈ। ਇਹ ਸੰਭਵ ਹੈ ਕਿ ਇਹ ਚੀਨ ਵਿੱਚ ਇਸ ਦਾ ਸਟ੍ਰੇਨ ਕਿੰਨਾ ਘਾਤਕ ਹੈ, ਇਹ ਵੀ ਆਉਣ ਵਾਲੇ ਦਿਨਾਂ ਵਿੱਚ ਪਤਾ ਲੱਗੇਗਾ।÷



## ਐੱਚਐੱਮਪੀਵੀ ਵਾਇਰਸ ਕੀ ਹੈ ?

ਸਾਇੰਸ ਡਾਇਰੈਕਟ ਅਨੁਸਾਰ ਇਹ ਵਾਇਰਸ 200 ਤੋਂ 400 ਸਾਲ ਪਹਿਲਾਂ ਚਿੜੀਆਂ ਤੋਂ ਪੈਦਾ ਹੋਇਆ ਸੀ। ਉਸ ਸਮੇਂ ਤੋਂ ਲੈ ਕੇ ਇਹ ਵਾਇਰਸ ਵਾਰ-ਵਾਰ ਆਪਣੇ ਆਪ ਨੂੰ ਬਦਲ ਰਿਹਾ ਹੈ ਅਤੇ ਹੁਣ ਇਹ ਵਾਇਰਸ ਚਿੜੀਆਂ ਨੂੰ ਪ੍ਰਭਾਵਿਤ ਨਹੀਂ ਕਰ ਸਕਦਾ ਹੈ। ਅਮਰੀਕੀ ਸਰਕਾਰ ਦੇ ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ (ਸੀਡੀਸੀ) ਦੇ ਅਨੁਸਾਰ, ਇਸ ਦੀ ਮਨੁੱਖਾਂ ਵਿੱਚ ਖੋਜ ਸਾਲ 2001 ਵਿੱਚ ਹੋਈ ਸੀ। ਇਸ ਦਾ ਮਤਲਬ ਇਸ ਸਾਲ ਵਿੱਚ ਇਹ ਖੋਜ ਕੀਤੀ ਗਈ ਸੀ ਕਿ ਇਹ ਵਾਇਰਸ ਮਨੁੱਖਾਂ ਵਿੱਚ ਫੈਲਦਾ ਹੈ। ਇਹ ਵਾਇਰਸ ਹਰ ਉਮਰ ਵਰਗ ਦੇ ਲੋਕਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਇਸ ਕਾਰਨ ਮਰੀਜ਼ ਨੂੰ ਬੁਖਾਰ, ਖੰਘ, ਨੱਕ ਬੰਦ ਹੋਣਾ ਅਤੇ ਸਾਹ ਲੈਣ ਵਿੱਚ ਤਕਲੀਫ਼ ਵਰਗੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਹਾਲਾਂਕਿ, ਜੇਕਰ ਲਾਗ ਵਧ ਜਾਂਦੀ ਹੈ, ਤਾਂ ਇਹ ਵਾਇਰਸ ਬ੍ਰੌਨਕਾਈਟਿਸ ਜਾਂ ਨਿਮੋਨੀਆ ਦਾ ਵੀ ਕਾਰਨ ਬਣ ਸਕਦਾ ਹੈ। ਇਸ ਵਾਇਰਸ ਦੇ ਵੱਧਣ ਦਾ ਸਮਾਂ ਆਮ ਤੌਰ @ਤੇ ਤਿੰਨ ਤੋਂ ਛੇ ਦਿਨ ਹੁੰਦਾ ਹੈ। ਪਰ ਬਿਮਾਰੀ ਦੀ ਮਿਆਦ ਘੱਟ ਜਾਂ ਵੱਧ ਹੋ ਸਕਦੀ ਹੈ। ਇਹ ਇਸ ਗੱਲ @ਤੇ ਨਿਰਭਰ ਕਰਦਾ ਹੈ ਕਿ ਲਾਗ ਕਿੰਨੀ ਗੰਭੀਰ ਹੈ।

# ਹਫ਼ਤਾਵਾਰੀ ਪ੍ਰੀਤਨਾਮਾ

**Weekly Preetnama** www.preetnama.com
+1 (201) 312-4180





**PRITPAL KAUR**
Editor-In-Chief
**+1 201-312-4180**
**+1 917-328-8436**



**ADVISORY BOARD**

Joga Singh
*******************************
Jaswinder Singh New Jersey
*********************************
Mindi Manak
NewYork
*********************************
Jagjit Singh Dasuya
*******************************
Gurmeet Singh Dhalwan
Chicago
*******************************
G. S Singh Punjab
*******************************
Sujan Nag, USA
*******************************
Dr. Jagdeep Dhimaan, India
******************
Sarabjit Kaur Punjab
**********************
Sukhmandar Brar
(Bhagata Bhaika) Vancouver,

*******************************
Sunil Kumar Gund
(Journalist) India
**********************************
Raj Rani
Video editor
**************************************
Jagmeet Kaur
97817-41631
*******************************

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

**The Preetnama is not responsible or legally lible for any news, article, advertisement or typing mistakes in the news or articles**

**ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।**

**Preetnamausa@gmail.com**
**www.preetnama.com**


# ਸ਼ੱਚੇ ਦੋਸਤ ਅਸਧਾਰਨ ਹੁੰਦੇ ਹਨ 'ਤੇ ਵਿਸ਼ਵਾਸਘਾਤੀ ਦੁਖਦਾਈ

**ਸੁਰਜੀਤ ਸਿੰਘ ਫਲੋਰਾ**

ਵਿਸ਼ਵਾਸ ਦੋਸਤੀ ਦੀ ਨੀਂਹ ਹੁੰਦਾ ਹੈ। ਡਿਜ਼ੀਟਲ ਕਨੈਕਸ਼ਨਾਂ ਅਤੇ ਸਮੇਂ-ਸਮੇਂ 'ਤੇ ਚੱਲਣ ਵਾਲੀ ਵਫ਼ਾਦਾਰੀ ਸਾਡੀ ਦੁਨੀਆ ਨੂੰ ਤੇਜ਼ੀ ਨਾਲ ਰੂਪ ਦੇ ਰਹੀ ਹੈ, ਜੋ ਆਪਣੇ ਇਰਾਦਿਆਂ ਨੂੰ ਛੁਪਾਉਣ ਵਾਲੇ ਲੋਕਾਂ ਤੋਂ ਸੱਚੇ ਦੋਸਤਾਂ ਨੂੰ ਵੱਖ ਕਰਨਾ ਮਹੱਤਵਪੂਰਨ ਬਣਾਉਂਦੇ ਹਨ। ਬਾਹਰਲੇ ਲੋਕ ਹਮੇਸ਼ਾ ਵਿਸ਼ਵਾਸਘਾਤ ਦਾ ਦਰਦ ਨਹੀਂ ਦਿੰਦੇ; ਅਕਸਰ, ਇਹ ਉਹਨਾਂ ਲੋਕਾਂ ਤੋਂ ਆਉਂਦਾ ਹੈ ਜਿਨ੍ਹਾਂ ਦੀ ਤੁਸੀਂ ਸਭ ਤੋਂ ਵੱਧ ਕਦਰ ਕਰਦੇ ਹੋ, ਉਹ ਵਿਅਕਤੀ ਜਿਨ੍ਹਾਂ ਨੂੰ ਤੁਸੀਂ ਪਰਿਵਾਰ ਵਾਂਗ ਮੰਨਦੇ ਹੋ। ਆਪਣੇ ਮਾਂ-ਬਾਪ, ਭੈਣ - ਭਰਾ ਤੋਂ ਵੀ ਉਪਰ ਦਾ ਦਰਜਾ ਦਿੰਦੇ ਹੋ।

ਹਾਲ ਹੀ ਵਿੱਚ, ਮੈਨੂੰ ਪਤਾ ਲੱਗਾ ਕਿ ਜਿਨ੍ਹਾਂ ਨੂੰ ਮੈਂ ਆਪਣੇ ਸਭ ਤੋਂ ਨਜ਼ਦੀਕੀ ਸਹਿਯੋਗੀ, ਮੇਰੇ ਜਿਗਰੀ ਦੋਸਤ ਸਮਝਦਾ ਸੀ, ਅਸਲ ਵਿੱਚ ਮੇਰੀਆਂ ਚੁਣੌਤੀਆਂ ਮੇਰੀਆਂ ਕਾਬਲੀਅਤ ਪਿੱਛੇ ਸਨ। ਮੇਰੇ ਆਲੇ-ਦੁਆਲੇ ਫੁਸਫੁਟੀਆਂ, ਸ਼ੈਤਾਨੀਆਂ, ਮੇਰੇ ਵਾਰੇ ਗਲਤ ਧਾਰਨਾਵਾਂ ਫੈਲ ਰਹੇ ਸਨ - ਨੁਕਸਾਨ ਪਹੁੰਚਾਉਣ ਵਾਲੀਆਂ ਅਫਵਾਹਾਂ ਜੋ ਮੇਰੀ ਸਾਖ, ਮੇਰੇ ਕਰੀਅਰ, ਅਤੇ ਸਮਾਜਿਕ ਸਰਕਲਾਂ ਵਿੱਚ ਮੇਰੇ ਸਥਾਨ ਨੂੰ ਖਤਰੇ ਵਿੱਚ ਪਾਉਂਦੀਆਂ ਹਨ। ਇਹ ਸਿਰਫ਼ ਗ਼ਲਤਫ਼ਹਿਮੀ ਜਾਂ ਮਾਸੂਮ ਬਕਵਾਸ ਨਹੀਂ ਸਨ। ਇਹ ਮੇਰੀ ਸਾਖ ਨੂੰ ਨੁਕਸਾਨ ਪਹੁੰਚਾਉਣ ਲਈ ਜਾਣਬੁੱਝ ਕੇ ਕੀਤੇ ਗਏ ਯਤਨ ਸਨ, ਜੋ ਈਰਖਾ ਤੋਂ ਪੈਦਾ ਹੋਏ। ਕਿਉਂਕਿ ਹਊਮੈਂ ਦੇ ਕਾਰਨ ਸਾਡੇ ਅੰਦਰ ਸਾੜਾ, ਈਰਖਾ, ਦਵੈਤ, ਨਫਰਤ, ਨਿੰਦਾ,ਬੇਈਮਾਨੀ, ਖ਼ੁਦਗਰਜੀ, ਧੜੇ ਬਾਜੀ ਅਤੇ ਝੂਠ ਭਰਿਆ ਹੁੰਦਾ ਹੈ।

ਅਜਿਹੇ ਵਿਸ਼ਵਾਸਘਾਤ ਕਿਸੇ ਵੀ ਸੱਟ ਨਾਲੋਂ ਵਧੇਰੇ ਡੂੰਘਾਈ ਨਾਲ ਪ੍ਰਵੇਸ਼ ਕਰਦੇ ਹਨ, ਕਿਉਂਕਿ ਉਹ ਉਹਨਾਂ ਤੋਂ ਪੈਦਾ ਹੁੰਦੇ ਹਨ ਜਿਨ੍ਹਾਂ ਨੇ ਤੁਹਾਡਾ ਭਰੋਸਾ ਕਮਾਇਆ ਹੁੰਦਾ ਹੈ। ਤੁਸੀਂ ਇਹਨਾਂ ਵਿਅਕਤੀਆਂ ਨੂੰ ਆਪਣੇ ਸੁਪਨਿਆਂ, ਅਤੇ ਆਪਣੀਆਂ ਕਮਜ਼ੋਰੀਆਂ ਨੂੰ ਸਾਂਝਿਆ ਕੀਤਾ ਹੁੰਦਾ ਹੈ ਜਿਸ ਕਰਕੇ ਇਹ ਲੋਕ ਤੁਹਾਡੀ ਹਰ ਦੁਖਦੀ ਨਬਜ਼ ਬਾਰੇ ਜਾਣਦੇ ਹੁੰਦੇ ਹਨ। ਕਿਉਂਕਿ ਤੁਸੀਂ ਉਹਨਾਂ ਤੇ ਵਿਸ਼ਵਾਸ ਹੀ ਇੰਨਾ ਕਰ ਲੈਂਦੇ ਹੋ ਕਿ ਇਹ ਕਦੇ ਨਹੀਂ ਸੋਚਦੇ ਹੋ ਕਿ ਉਹ ਇਹਨਾਂ ਨੂੰ ਕਦੇ ਤੁਹਾਡੇ ਵਿਰੁੱਧ ਹੀ ਵਰਤ ਸਕਦੇ ਹਨ। ਹਾਲਾਂਕਿ, ਈਰਖਾ ਇੱਕ ਖ਼ਤਰਨਾਕ ਭਾਵਨਾ ਹੋ ਸਕਦੀ ਹੈ। ਇਹ ਰਿਸ਼ਤਿਆਂ ਨੂੰ ਕਮਜ਼ੋਰ ਕਰਦੀ ਹੈ ਅਤੇ ਵਿਅਕਤੀਆਂ ਨੂੰ ਮਾੜੇ ਇਰਾਦੇ ਨਾਲ ਵਿਵਹਾਰ ਕਰਨ ਲਈ ਮਜਬੂਰ ਕਰਦੀ ਹੈ।

ਇਹ ਚੁੱਪ ਵਿਰੋਧੀ ਨੁਕਸਾਨ ਪਹੁੰਚਾਉਂਦੇ ਹਨ ਜੋ ਫੁਸਫੁਸੀਆਂ ਤੋਂ ਪਰੇ ਹੈ। ਅੱਜ ਦੇ ਹਾਈਪਰਕਨੈਕਟਡ ਸਮਾਜ ਵਿੱਚ, ਉਹ ਆਪਣੀਆਂ ਸਕੀਮਾਂ ਨੂੰ ਸੋਸ਼ਲ ਮੀਡੀਆ ਅਤੇ ਪੇਸ਼ੇਵਰ ਨੈੱਟਵਰਕਾਂ ਰਾਹੀਂ ਫੈਲਾ ਸਕਦੇ ਹਨ। ਇੱਕ ਸੂਖਮ ਪੋਸਟ, ਇੱਕ ਅਸਪਸ਼ਟ ਟਿੱਪਣੀ, ਜਾਂ ਇੱਕ ਜਾਣਬੁੱਝ ਕੇ ਬੇਦਖਲੀ ਇੱਕ ਬਿਰਤਾਂਤ ਬਣਾ ਸਕਦੀ ਹੈ ਜਿਸ ਨੂੰ ਉਲਟਾਉਣਾ ਮੁਸ਼ਕਲ ਹੈ। ਇਹ ਉਦੇਸ਼ਪੂਰਨ, ਸੂਖਮ ਕਿ ?ਰਆਵਾਂ ਹਨ ਜੋ ਤੁਹਾਡੇ ਤੇ ਤੁਹਾਡੀ ਮਹਿਸੂਮੀਅਤ, ਤੁਹਾਡੇ ਵਿਸ਼ਵਾਸ਼ ਦੇ ਟੁਰੜੇ- ਟੁਕੜੇ ਕਰ ਸਕਦੀਆਂ ਹਨ ਤੇ ਤੁਹਾਡੀ ਬਣੀ ਹੋਈ ਇਜੱ ?ਤ, ਮਾਣ ਸੋ ?ਹਰਤ, ਤੇ ਕੈਰੀਅਰ ਨੂੰ ਤਬਾਹ ਕਰ ਦਿੰਦੇ ਹਨ।

ਇਹ ਅਹਿਸਾਸ ਕਿ ਇਹ ÷ਦੋਸਤ÷ ਅਸਲ ਵਿੱਚ ਤੁਹਾਡੇ ਅੰਦਰੂਨੀ ਸਰਕਲ ਦਾ ਹਰ ਪਲ ਹਿੱਸਾ ਸਨ, ਸਭ ਤੋਂ ਪਰੇਸ਼ਾਨ ਕਰਨ ਵਾਲੀ ਗੱਲ ਹੈ ਜੋ ਹੋ ਸਕਦੀ ਹੈ। ਉਹ ਤੁਹਾਡੀਆਂ ਮਹੱਤਵਪੂਰਨ ਪ੍ਰਾਪਤੀਆਂ ਨੂੰ ਦੇਖਣ ਲਈ, ਤੁਹਾਡੀਆਂ ਕਾਮਯਾਬੀਆਂ, ਵਿੱਚ ਖੁਸ਼ੀ ਮਨਾਉਣ, ਅਤੇ ਹੋ ਸਕਦਾ ਹੈ ਕਿ ਤੁਹਾਨੂੰ ਤਸੱਲੀ ਪ੍ਰਦਾਨ ਕਰਨ ਲਈ ਉੱਥੇ ਮੌਜੂਦ ਸਨ ਜਦੋਂ ਤੁਸੀਂ ਆਪਣੀ ਮਿਹਨਤ ਨਾਲ ਕਮਾਈ ਸ਼ੋਹਰਤ ਦਾ ਅਨੁਭਵ ਕਰ ਰਹੇ ਸੀ। ਦੂਜੇ ਪਾਸੇ, ਉਹ ਪਰਦੇ ਦੇ ਪਿੱਛੇ ਈਰਖਾ ਨੂੰ ਪਨਾਹ ਦੇ ਰਹੇ ਹੋਣ ਅਤੇ ਸਮਝਦਾਰੀ ਨਾਲ ਤੁਹਾਡੀ ਤਬਾਹੀ ਦੀ ਯੋਜਨਾ ਬਣਾ ਰਹੇ ਹੋਣ। ਜਦੋਂ ਤੁਸੀਂ ਇਸ ਗੱਲ 'ਤੇ ਵਿਚਾਰ ਕਰਦੇ ਹੋ ਕਿ ਕਿੰਨੀਆਂ ਮੁਸਕਰਾਹਟਾਂ ਨੇ ਤੁਹਾਡੀ ਪਿੱਠ ਲਈ ਖੰਜਰਾਂ ਨੂੰ ਛੁਪਾਇਆ ਸੀ, ਤਾਂ ਇਹ ਇੱਕ ਡਰਾਉਣਾ ਵਿਚਾਰ ਹੈ।

ਮੈਂ ਉਹਨਾਂ ਸੰਕੇਤਾਂ ਨੂੰ ਸਵੀਕਾਰ ਕਰਨਾ ਸ਼ੁਰੂ ਕਰ ਦਿੱਤਾ ਹੈ ਜਿਨ੍ਹਾਂ ਨੂੰ ਮੈਂ ਇੱਕ ਵਾਰ ਨਜ਼ਰਅੰਦਾਜ਼ ਕੀਤਾ ਸੀ। ਸੱਚੇ ਦੋਸਤ ਬਿਨਾਂ ਝਿਜਕ ਮਸਲਿਆਂ ਦਾ ਸਾਹਮਣਾ ਕਰਦੇ ਹਨ। ਉਹ ਗੁਪਤ ਤੌਰ 'ਤੇ ਗੱਪਾਂ ਨਹੀਂ ਫੈਲਾਉਂਦੇ ਜਾਂ ਦੂਜਿਆਂ ਨੂੰ ਤੁਹਾਡੇ ਬਾਰੇ ਨਕਾਰਾਤਮਕਤਾ ਦਾ ਪ੍ਰਚਾਰ ਨਹੀਂ ਕਰਦੇ। ਉਹ ਸੱਚੇ ਹੁੰਦੇ ਹਨ, ਔਖੇ ਹਾਲਾਤਾਂ ਵਿੱਚ ਵੀ, ਅਤੇ ਜਦੋਂ ਤੁਸੀਂ ਆਲੇ-ਦੁਆਲੇ ਨਹੀਂ ਹੁੰਦੇ ਤਾਂ ਉਹ ਤੁਹਾਡੇ ਨਾਲ ਖੜੇ ਹੁੰਦੇ ਹਨ। ਇੱਕ ਸੱਚਾ ਦੋਸਤ ਤੁਹਾਡੇ ਵਿਕਾਸ ਦਾ ਸਮਰਥਨ ਕਰਦਾ ਹੈ, ਜਦੋਂ ਕਿ ਇੱਕ ਲੁਕਿਆ ਹੋਇਆ ਵਿਰੋਧੀ ਤੁਹਾਡੀਆਂ ਮੁਸ਼ਕਲਾਂ ਵਿੱਚ ਖੁਸ਼ ਹੁੰਦਾ ਹੈ ਤੁਹਾਡਾ ਮਜਾਕ ਉੜਾਉਂਦਾ ਹੈ।

ਇਸ ਅਨੁਭਵ ਨੇ ਮੈਨੂੰ ਭਰੋਸੇ ਦਾ ਮੁੜ ਮੁਲਾਂਕਣ ਕਰਨਾ ਸਿਖਾਇਆ ਹੈ। ਮੈਨੂੰ ਹੁਣ ਅਹਿਸਾਸ ਹੋਇਆ ਕਿ ਕਰਮ ਸ਼ਬਦਾਂ ਨਾਲੋਂ ਵੱਧ ਮਾਇਨੇ ਰੱਖਦੇ ਹਨ। ਸੱਚੇ ਦੋਸਤ ਸਿਰਫ਼ ਜਿੱਤਾਂ ਦਾ ਜਸ਼ਨ ਨਹੀਂ ਮਨਾਉਂਦੇ। ਉਹ ਖਾਲੀ ਕਮਰਿਆਂ ਵਿੱਚ ਤੁਹਾਡੀ ਪ੍ਰਤੀਨਿਧਤਾ ਕਰਦੇ ਹਨ। ਮੁਸੀਬਤ ਦੇ ਸਮੇਂ, ਉਹ ਤੁਹਾਡੇ ਚਰਿੱਤਰ ਦੀ ਰੱਖਿਆ ਕਰਦੇ ਹਨ ਅਤੇ ਤੁਹਾਨੂੰ ਪਿਆਰ ਨਾਲ ਸੁਧਾਰਦੇ ਹਨ। ਉਹ ਤੁਹਾਡੇ ਦੇਹਾਂਤ ਜਾਂ ਬਰਬਾਦੀ ਬਾਰੇ ਨਿਸ਼ਕਿ ?ਰਆ ਨਹੀਂ ਕਰਦੇ।

ਕੋਈ ਵੀ ਜਿਸ ਨੇ ਇਸ ਤਰ੍ਹਾਂ ਦੇ ਵਿਸ਼ਵਾਸਘਾਤ ਨੂੰ ਸਹਿਣ ਕੀਤਾ ਹੈ, ਉਹਨਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਕਿਸੇ ਹੋਰ ਦੀ ਈਰਖਾ ਤੁਹਾਡੇ ਮਾਣ, ਸ਼ੋਹਰਤ ਨੂੰ ਘੱਟ ਨਹੀਂ ਕਰਦੀ। ਉਹਨਾਂ ਦਾ ਵਿਵਹਾਰ ਤੁਹਾਡੀਆਂ ਕਦਰਾਂ - ਕੀਮਤਾਂ ਨਾਲੋਂ ਉਹਨਾਂ ਦੇ ਆਪਣੇ ਸ਼ੰਕਿਆਂ ਬਾਰੇ ਵਧੇਰੇ ਜ਼ਾਹਰ ਕਰਦਾ ਹੈ।ਜਿਨ੍ਹਾਂ ਲੋਕਾਂ ਨੂੰ ਤੁਸੀਂ ਆਪਣੇ ਨਜ਼ਦੀਕੀ ਸਮੂਹ ਵਿੱਚ ਬੁਲਾਉਂਦੇ ਹੋ ਅਤੇ ਜਿਨ੍ਹਾਂ ਵਿਅਕਤੀਆਂ ਨੂੰ ਤੁਸੀਂ ਆਪਣੀਆਂ ਇੱਛਾਵਾਂ ਅਤੇ ਕਮਜ਼ੋਰੀਆਂ ਨੂੰ ਸਾਂਝਿਆ ਕਰਦੇ ਹੋ ਉਨ੍ਹਾਂ ਬਾਰੇ ਸਮਝਦਾਰੀ ਦਾ ਅਭਿਆਸ ਕਰੋ ਤੇ ਗੱਲ ਸਮਝ ਸੋਚ ਕੇ ਸਾਂਝਿਆ ਕਰੋ ਉਹ ਵੀ ਜੇਕਰ ਉਸ ਦੀ ਲੋੜ ਹੋਵੇਂ ਤਾਂ। ਹਰ ਕਿਸੇ ਨੂੰ ਤੁਹਾਡੀ ਯਾਤਰਾ ਦੀ ਅਗਵਾਈ ਕਰਨ ਦਾ ਕੋਈ ਅਧਿਕਾਰ ਨਹੀਂ ਹੈ।

ਸਵੈ-ਪ੍ਰਤੀਬਿੰਬ ਵਿੱਚ ਨਿਵੇਸ਼ ਕਰਨਾ ਵੀ ਮਹੱਤਵਪੂਰਨ ਹੈ। ਵਿਸ਼ਵਾਸਘਾਤ ਸਾਨੂੰ ਆਪਣੇ ਫ਼ੈਸਲਿਆਂ 'ਤੇ ਸੋਚਣ ਲਈ ਮਜਬੂਰ ਕਰ ਸਕਦਾ ਹੈ। ਕੀ ਅਸੀਂ ਕਿਸੇ ਚੇਤਾਵਨੀ ਦੇ ਚਿੰਨ੍ਹ ਨੂੰ ਨਜ਼ਰਅੰਦਾਜ਼ ਕੀਤਾ ਹੈ ? ਕੀ ਅਸੀਂ ਸੁਵਿਧਾ ਜਾਂ ਪੁਰਾਣੀ ਭਾਵਨਾ ਦੇ ਆਧਾਰ 'ਤੇ ਗਲਤ ਲੋਕਾਂ ਦੀ, ਰਿਸ਼ਤਿਆਂ ਦੀ ਚੋਣ ਕੀਤੀ ਹੈ ? ਵਿਕਾਸ ਨੂੰ ਅਕਸਰ ਛਾਂਟਣ ਦੀ ਕਿ ?ਰਆ ਦੀ ਲੋੜ ਹੁੰਦੀ ਹੈ - ਉਹਨਾਂ ਸਬੰਧਾਂ ਨੂੰ ਖਤਮ ਕਰਨਾ ਜੋ ਸਾਡੇ ਵਧਣ-ਫੁੱਲਣ ਦਾ ਸਮਰਥਨ ਕਰਨ ਦੀ ਬਜਾਏ ਰੁਕਾਵਟ ਬਣਦੇ ਹਨ।

2025 ਵਿੱਚ,ਆਉ ਪ੍ਰਣ ਕਰੀਏ ਕਿ ਅਸੀਂ ਸਾਰੇ ਸਾਡੇ ਸਬੰਧਾਂ ਵਿੱਚ ਰਿਸ਼ਤਿਆਂ ਨੇੜਤਾ ਵਧਾਉਣ ਦੀ ਬਜਾਏ ਗੁਣਵੱਤਾ ਦੀ ਕਦਰ ਕਰਨ 'ਤੇ ਧਿਆਨ ਕੇਂਦਰਿਤ ਕਰੀਏ। ਆਪਣੇ ਆਪ ਨੂੰ ਉਹਨਾਂ ਵਿਅਕਤੀਆਂ ਨਾਲ ਜੋੜੋ ਜੋ ਤੁਹਾਨੂੰ ਪ੍ਰੇਰਿਤ ਕਰਦੇ ਹਨ, ਤੁਹਾਡੇ ਵਿਕਾਸ ਨੂੰ ਉਤਸ਼ਾਹਿਤ ਕਰਦੇ ਹਨ, ਅਤੇ ਸੱਚਮੁੱਚ ਤੁਹਾਡੀ ਸਫਲਤਾ ਦੀ ਕਾਮਨਾ ਕਰਦੇ ਹਨ। ਤੁਹਾਨੂੰ ਸਮੇਂ ਦੇ ਨਾਲ ਵਿਸ਼ਵਾਸ ਪੈਦਾ ਕਰਨਾ ਅਤੇ ਕਮਾਉਣਾ ਚਾਹੀਦਾ ਹੈ; ਇਹ ਕੁਝ ਅਜਿਹਾ ਨਹੀਂ ਹੈ ਜੋ ਆਪਣੇ ਆਪ ਆ ਜਾਂਦਾ ਹੈ। ਜਦੋਂ ਵਿਸ਼ਵਾਸਘਾਤ ਹੁੰਦਾ ਹੈ, ਤਾਂ ਇਹ ਆਪਣੇ ਆਪ ਨੂੰ ਦੂਰ ਕਰਨਾ ਸਵੀਕਾਰਯੋਗ ਹੈ, ਇੱਥੋਂ ਤੱਕ ਕਿ ਉਹਨਾਂ ਤੋਂ ਵੀ ਜਿਨ੍ਹਾਂ ਨੂੰ ਤੁਸੀਂ ਇੱਕ ਵਾਰ ਪਰਿਵਾਰ ਸਮਝਦੇ ਹੋ।

ਸੱਚੇ ਦੋਸਤ ਅਸਧਾਰਨ ਹੁੰਦੇ ਹਨ, ਫਿਰ ਵੀ ਉਹ ਮੌਜੂਦ ਹਨ। ਉਹਨਾਂ ਦੀ ਕਦਰ ਕਰੋ, ਅਤੇ ਦੂਜਿਆਂ ਨੂੰ ਤੁਹਾਡੀ ਸਫਲਤਾ ਨੂੰ ਦੂਰੋਂ ਦੇਖਣ ਦਿਉ। ਵਿਸ਼ਵਾਸਘਾਤ ਦੁਖਦਾਈ ਹੈ, ਫਿਰ ਵੀ ਇਹਨਾਂ ਤੋਂ ਵੱਡਮੁਲਾ ਕੀਮਤੀ ਸਬਕ ਮਿਲਦਾ ਹੈ, ਜਿਸ ਤੋਂ ਬਹੁਤ ਕੁਝ ਸਿੱਖਣ ਲਈ ਮਿਲਦਾ ਹੈ, ਜੋ ਤੁਹਾਨੂੰ ਵਿਅਕਤੀਆਂ ਅਤੇ ਸਬੰਧਾਂ ਵੱਲ ਲੈ ਕੇ ਜਾਂਦੇ ਹਨ ਜੋ ਅਸਲ ਵਿੱਚ ਮਹੱਤਵਪੂਰਨ ਹਨ। ਜਿਹਨਾਂ ਤੇ ਤੁਸੀਂ ਅੱਖਾਂ ਬੰਦ ਕਰਕੇ ਵਿਸ਼ਵਾਸ ਕਰ ਸਕਦੇ ਹੋ ਤੇ ਲੋੜ ਪੈਣ ਤੇ ਉਹਨਾਂ ਤੇ ਹਰ ਤਰ੍ਹਾਂ ਕਰਕੇ ਭਰੋਸਾ ਜਿੱਤਾ ਸਕਦੇ ਹੋ




Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 286 | Website: www.preetnama.com Email preetnamausa@gmail.com | 10 JAN TO 16 JAN , 2025

# Kechi Konter Asar is an Organisation 49th Annieversay Celeberation

KECHI KONTER ASAR is an Organisation working the society for the opliftment of the childrens of the Society An event of celeberations was Organised by the President/fandes Mr Hewayet Hossain at world fais Marina Beauquet I Marina Rd Corona NY 11368. The event was the showcase of chilcher Perfevices both Musical and dance of diff communities followed by Award Ceremony and Lunch for the Guests Invested to accessge these. The Guest List inchided Mr Shah Ngay Political Leadus, Attorneys, CAA's and other Prestige members of the Society. The Organization also celeberated the workings of Sister Concun women Fights against Violence Organization working under the "Supervision of Director Sonia Malhotra for the Abused women of the society.

Kochi Konther Asal has been working not only for USA but also in Bangladesh on diff Project including Medical/ Education / Recreation for the Society Under the supervision of the founder and President Mr. Hewayet Hossain.










Picture by : B.J. Studio


























# Preetnama

ਪ੍ਰੀਤਨਾਮਾ ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 286

Website: www.preetnama.com Email preetnamausa@gmail.com

10 JAN TO 16 JAN , 2025


# Kechi Konter Asar is an Organisation 49th Annieversay Celeberation










Picture by : B.J. Studio























# Preetnama

प्रीतनामा

खरा सच

Khara Sach

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 286 | Website: www.preetnama.com Email preetnamausa@gmail.com | 10 JAN TO 16 JAN , 2025


# जस्टिन ट्रूडो ने छोड़ा पद, क्या अब बेहतर होंगे भारत के साथ कनाडा के रिश्ते

कनाडा चर्चा में है. कारण हैं वहां के प्रधानमंत्री जस्टिन ट्रूडो. उन्होंने सोमवार (स्थानीय समय के मुताबिक़) को सत्ताधारी लिबरल पार्टी के नेता पद और प्रधानमंत्री पद से इस्तीफ़ा दे दिया. ट्रूडो ने एक प्रेस कॉन्फ्रेंस में अपने इस्तीफ़े की घोषणा की. उन्होंने कहा कि वो पार्टी के नेता के तौर पर इस्तीफ़ा देते हैं और अगला नेता चुने जाने के बाद वो पीएम पद छोड़ देंगे. वैसे पीएम जस्टिन ट्रूडो के इस्तीफ़ा देने का भारत पर क्या असर पड़ेगा? क्या भारत को इससे ख़ुश होना चाहिए? लिबरल पार्टी का नया नेता भारत के लिए कैसा साबित होगा? ऐसे ही कुछ सवालों के जवाब जानने के लिए बीबीसी हिंदी ने अंतरराष्ट्रीय राजनीतिक मामलों के जानकारों से बातचीत की. विशेषज्ञ मानते हैं कि जस्टिन ट्रूडो के हटने से संबंध बेहतर होने की उम्मीद है.



## कैसे बिगड़े भारत-कनाडा के रिश्ते ?

जून 2023 में 45 साल के ख़ालिस्तान समर्थक हरदीप सिंह निज्जर की कनाडा के वैंकूवर के पास बंदूकधारियों ने गोली मारकर हत्या कर दी थी. कनाडा के प्रधानमंत्री जस्टिन ट्रूडो ने इस हत्या के पीछे भारत का हाथ होने का आरोप लगाया था. इसके बाद भारत और कनाडा के रिश्तों में तनाव बढ़ता चला गया. फिर अमेरिकी अख़बार %वॉशिंगटन पोस्ट% ने सूत्रों के हवाले से लिखा था कि भारत के केंद्रीय गृह मंत्री अमित शाह ने कनाडा में सिख अलगाववादियों के ख़िलाफ़ अभियान के ऑर्डर दिए थे. 29 अक्टूबर, 2024 को कनाडा की सरकार के उप विदेश मंत्री डेविड मॉरिसन ने देश की नागरिक सुरक्षा और राष्ट्रीय सुरक्षा कमेटी को बताया कि भारत सरकार के एक वरिष्ठ मंत्री ने कनाडाई नागरिकों को धमकी देने या उनकी हत्या के अभियान को मंज़ूरी दी थी. इसके बाद यह मामला और भी ज़्यादा बिगड़ गया था. दरअसल, कनाडा में ख़ालिस्तान समर्थकों की ओर से भारत विरोधी प्रदर्शनों का होना और ख़ालिस्तान समर्थक हरदीप सिंह निज्जर की हत्या के बाद भारत और कनाडा के रिश्तों में तनाव लगातार बढ़ा है. कनाडा का आरोप है कि ख़ालिस्तान समर्थक हरदीप सिंह निज्जर की हत्या में भारत का हाथ है, जबकि भारत इससे इनकार करता रहा है.

**क्या भारत को ख़ुश होना चाहिए?**

पिछले कुछ समय से मुझे लगता है कि ये बिलकुल स्पष्ट था कि जब तक ट्रूडो कनाडा के प्रधानमंत्री बने रहेंगे, तब तक भारत-कनाडा के संबंधों में नया मोड़ जिसकी ज़रूरत है, वो नहीं आ पाएगा. यह कहना है प्रोफ़ेसर हर्ष वी. पंत का, जो नई दिल्ली स्थित ऑब्ज़र्वर रिसर्च फ़ाउंडेशन के अध्ययन और विदेश नीति विभाग के उपाध्यक्ष हैं. उन्होंने कहा, ट्रूडो ने इसे निजी तौर पर ले लिया था और जिस तरह की संजीदगी इस मुद्दे पर चाहिए थी, वो नहीं दिखा रहे थे. उससे दोनों देशों के बीच के संबंधों में काफ़ी नुक़सान हुआ. दरअसल, जस्टिन ट्रूडो पिछले कुछ समय से भारत विरोधी बयानबाज़ी कर रहे थे. इस बीच, कनाडा ने स्टूडेंट वीज़ा से जुड़ा एक फ़ैसला लिया था, जिससे भारतीय स्टूडेंट्स की दिक़्क़तें बढ़ गई थीं. यही वजह है कि भारत और कनाडा के बीच तनाव देखने को मिल रहा है. वॉशिंगटन डीसी के विल्सन सेंटर थिंक टैंक में साउथ एशिया इंस्टीट्यूट के निदेशक माइकल कुगेलमैन भी भारत और कनाडा के संबंधों को लेकर यही राय रखते हैं. उन्होंने एक्स पर लिखा, ट्रूडो का इस्तीफ़ा भारत-कनाडा के बिगड़ते संबंधों को स्थिर करने का मौक़ा दे सकता है. नई दिल्ली ने द्विपक्षीय संबंधों में गहराई तक फैली समस्याओं के लिए सीधे तौर पर ट्रूडो को ज़िम्मेदार ठहराया है. हाल के वर्षों में कनाडा एकमात्र पश्चिमी देश है, जिसके भारत के साथ संबंध लगातार ख़राब हुए हैं.

**क्या अब बदलेंगे कूटनीतिक संबंध?**

तो क्या अब बदल जाएंगे भारत और कनाडा के कूटनीतिक संबंध? इस सवाल के जवाब में प्रोफ़ेसर पंत कहते हैं कि जब भी इस तरह का बदलाव होता है, तो बदलाव की उम्मीद तो होती है. उन्होंने कहा, जब नया प्रशासन आएगा, वो नई शुरुआत करेगा. और नए प्रधानमंत्री और नए प्रशासन से एक नई उम्मीद तो रहती है. लेकिन, यह ज़रूर है कि लिबरल पार्टी की भी अपनी चुनौतियाँ हैं. अक्टूबर में चुनाव होने हैं. तो चुनावों में तो काफ़ी समय है. और लिबरल पार्टी की जो सीटें हैं, उसमें भी कई ऐसे नेता हैं, जो सिख कम्युनिटी से आते हैं. और जो रेडिकल सिख कम्युनिटी बिहेवियर को सपोर्ट करते रहे हैं. तो मुझे लगता है कि कोई इतनी बड़ी उम्मीद करना, थोड़ा अस्वाभाविक बात होगी. जब तक चुनाव नहीं हो जाते, तब तक मुझे लगता है कि यह समस्या बनी रहेगी. क्योंकि, लिबरल पार्टी को तो अपनी सीटों को बनाकर रखना पड़ेगा, फिर चाहे ट्रूडो लीड करें या कोई और लीड करे. भारत के पूर्व विदेश सचिव कंवल सिब्बल की राय भी कुछ ऐसी ही है. उन्होंने एक्स पर लिखा, ट्रूडो ने अपने इस्तीफ़े का एलान कर दिया, जो अच्छी बात है. उन्होंने अपनी ग़ैर-ज़िम्मेदार नीतियों से भारत-कनाडा संबंधों को नुक़सान पहुंचाया. लेकिन, कनाडा में सिख उग्रवाद की समस्या ख़त्म नहीं होगी, क्योंकि इन तत्वों ने कनाडा की राजनीतिक प्रणाली में गहरी पैठ बना ली है.

**क्या कंज़र्वेटिव के आने से बेहतर होंगे रिश्ते?**

ऐसे में सवाल उठता है कि कनाडा में अगर कंज़र्वेटिव पार्टी का नेता प्रधानमंत्री बनता है तो क्या उसका व्यवहार भारत के लिए अलग होगा? प्रोफ़ेसर पंत कहते हैं, बिल्कुल, मुझे लगता है कि ऐसा होगा. क्योंकि, ट्रूडो से पहले आप स्टीफ़न हार्पर की बात करें, जो एक कंज़र्वेटिव कार्यकाल था, तब भारत-कनाडा के संबंधों ने एक नया आयाम लिया था. ट्रूडो के आने से बिल्कुल पहले, प्रधानमंत्री मोदी वहां गए थे. तब स्टीफ़न हार्पर वहां के प्रधानमंत्री थे. और दोनों देशों के बीच एक बहुत बड़ी साझेदारी का खाका तैयार किया गया था. फिर ट्रूडो आए. उन्होंने अपने हिसाब से चीज़ें कीं, जिसका नुक़सान भारत-कनाडा संबंधों को हुआ. मुझे लगता है कि कंज़र्वेटिव आते हैं, तो भारत-कनाडा के संबंधों को फ़ायदा होना चाहिए. हालांकि, प्रोफ़ेसर पंत का यह भी कहना है कि ऐसा मानना कि जो समस्याएं हैं, उनको पूरी तरह से दरकिनार कर दिया जाएगा, तो ऐसा नहीं होगा. उन्होंने कहा, ये समस्याएं तो बनी रहेंगी. लेकिन, उस समस्या को किस तरह से हैंडल किया जाता है, वो महत्वपूर्ण है. ख़ासतौर पर उन देशों के लिए, जो खुद को स्ट्रेटेजिक पार्टनर कहते हैं.

**क्या ट्रूडो की विदेश नीति ने खेल बिगाड़ा?**

क्या ट्रूडो की विदेश नीति उन पर भारी पड़ गई? इस सवाल के जवाब में प्रोफ़ेसर पंत ने कहा कि देखिए, इनका (ट्रूडो) जो राजनीतिक पतन हुआ, वो अंदरूनी कारणों से ही होता है. उन्होंने कहा, यह ज़रूर है कि जब इनको लगा कि मैं राजनीति में कमज़ोर हो रहा हूं, तो इन्होंने कोशिश की कि विदेश नीति में कुछ नया किया जाए. जैसे- पहले इन्होंने भारत के साथ तनातनी की.फिर हाल ही में इन्होंने कहा कि मैं ट्रंप से मिलूंगा. कोशिश करूंगा कि ये टैरिफ़ कम हो जाएं. तो उसका नतीजा भी हमको देखने को मिला कि किस तरह से यह उन पर भारी पड़ा. पंत ने कहा, मुझे ऐसा लगता है कि ट्रूडो जिस तरह से विदेश नीति के मामले में फ़ेल हुए, इस बात ने कनाडा के मतदाताओं को यह सोचने पर मजबूर किया कि फिलहाल ये नेतृत्व और प्रधानमंत्री हमारे लिए सही नहीं हैं. पिछले कुछ समय से जस्टिन ट्रूडो को कनाडा में विपक्षी पार्टियों के साथ-साथ अपनी पार्टी के नेताओं से भी आलोचनाओं का सामना करना पड़ा है. इसका एक प्रमाण कनाडा की उपप्रधानमंत्री और वित्त मंत्री क्रिस्टिया फ्रीलैंड का प्रधानमंत्री जस्टिन ट्रूडो से टकराव के बाद पद छोड़ना भी माना जा सकता है. अब ट्रंप के टैरिफ़ की धमकी ने लगभग एक दशक तक सत्ता में रहने के बाद ट्रूडो को इस्तीफ़ा देने पर मजबूर कर दिया है.

# बच्चों में शुरुआत से ही पढ़ाई पर ध्यान दें



बच्चे का सबसे पहला विद्यालय उसका घर और सबसे पहले गुरु उसके माता-पिता होते हैं। शिशु शुरुआती अवस्था में अपने माता-पिता से ही सारी क्रियाएं सीखता है और अपना ज्ञान अर्जित करता है। माता-पिता न सिर्फ बच्चों को अच्छी शिक्षा देते हैं बल्कि सही-गलत की पहचान कराते हुए बच्चों का स्वर्णिम भविष्य बनाने का भी काम करते हैं। बच्चे माता-पिता का मार्गदर्शन पाकर सभी कठिनाईयों पर विजय पाते हुए अपने सपने को साकार करते हैं। दरअसल माता-पिता के व्यवहार और क्रियाओं का उनके बच्चों पर सीधा प्रभाव पड़ता है। यदि घर में कुछ गलत होता है तो बच्चे गलत सीखते हैं। इसी तरह यदि घर का वातावरण सही होता है तो बच्चों को अच्छी शिक्षा मिलती है। इसलिए सबसे पहले माता-पिता की भूमिका बहुत ही महत्वपूर्ण होती है। माता-पिता के रूप में आप जैसा करेंगे, आपके बच्चे वैसा ही सीखने की कोशिश करेंगे। यदि आप अपने बच्चे के भविष्य को सुंदर बनाना चाहते हैं, अपने सपनों को सच कर दिखाना चाहते हैं तो यह बहुत जरूरी है कि आप बच्चों के लिए एक रोल मॉडल बनें। बच्चों के सामने स्वयं एक बेहतर उदाहरण बनें ताकि इसका सकारात्मक प्रभाव आपके बच्चे पर पड़े। आइए जानते हैं कि माता-पिता के रूप में आप साधारण बातों को भी किस तरह से बेहतर बना सकते हैं और बच्चों के लिए एक रोल मॉडल बन सकते हैं।

**शुरुआती स्कूल है घर** -बच्चों के पहले शिक्षक माता-पिता होते हैं- जन्म के बाद शिशु लगातार माता-पिता के साथ रहकर बोलना, खाना, पीना, खेलना, लिखना या अन्य गतिविधियां सम्पन्न करना सीखता है। छोटे बच्चे के लिए यह एक औपचारिक विद्यालय जैसा होता है। इसी तरह बच्चा जब थोड़ा बड़ा या युवा होता है तब वह घर में माता-पिता को एक दूसरे को सहयोग करते देखता है। पिता को घर के बाहर के कार्यों को निपटाते हुए माता का सहयोग करते देखकर बच्चों में मदद करने की भावना का निर्माण होता है। इससे बच्चे घर के कार्यों में माता की मदद करना सीखते हैं। वास्तव में किसी भी बच्चे के लिए यह पाठ सामाजीकरण का प्रथम चरण माना जाता है। इसलिए माता-पिता को घर में एक कोच जैसी भूमिका निर्वाह करनी चाहिए। आप घर में जो भी कार्य करें उसे पूरी तरह सुव्यवस्थित ढंग से करें। एक-दूसरे के साथ बातचीत में सम्मानसूचक शब्दों का इस्तेमाल करें। ऐसा व्यवहार करने की कोशिश करें जो घर में शांति स्थापित कर और शिशु के मानसपटल पर अच्छा प्रभाव डाले। शिशु को घर की बातों के साथ-साथ घर के बाहर होने वाली अच्छी बातों की सीख देने की कोशिश करें।


**प्यार से समझाएं** --बच्चों के साथ समय बिताएं- बच्चे छोटे हों या बड़े, सभी माता-पिता से प्यार चाहते हैं। वास्तव में प्यार एक ऐसी दवा है जो बच्चों के साथ बड़ों की आदतों को भी अच्छा बना सकता है। प्यार बुराईयों को अच्छाई में बदलने की शक्ति रखता है। खासकर छोटे बच्चे को आप सिर्फ प्यार से ही कोई बात सिखा सकते हैं। इसलिए आप अपने कीमती समय में से कुछ पल निकालें जो सिर्फ आपके बच्चों के लिए ही हों। उन पलों में आप यह जानने की कोशिश करें कि आपका बच्चा आपसे क्या कहना चाहता है? उसके दिमाग में क्या चल रहा है? उसकी दैनिक क्रियाएं कैसी चल रही हैं? उसे क्या पसंद है? वह किस बात से नाराज है? आप रोज थोड़ा समय निकालकर अपने बच्चों की गतिविधियों को और बेहतर कर सकते हैं।

सभी बच्चों का दिमाग होता है अलग

सभी बच्चों की प्रकृति एक जैसी नहीं होती, इसलिए बच्चों के सीखने के तौर-तरीकों में अंतर होता है। कुछ बच्चे किसी बात को देखकर ही सीख जाते हैं तो कुछ बच्चे उस बात को स्वयं संपादित कर सीखते हैं। इसलिए अपने बच्चों के मस्तिष्क को पढ़ने की कोशिश करें। यह जानने की कोशिश करें कि आपका बच्चा चीजों को किस तरह से सीखता है। यदि उसके पास देखकर सीखने की शक्ति है तो सभी कार्यों को प्रेरणादायक बनाने की कोशिश करें ताकि आपका बच्चा देखकर सही चीज सीखे। यदि आपके बच्चे की शैली कार्यों को स्वयं संपादित कर सीखने की है तो आपको इस बात पर अधिक ध्यान देना होगा। ऐसी स्थिति में आपको स्वयं एक रोल मॉडल बनकर बच्चे के साथ उसके कार्यों को सही तरीके से सम्पन्न करने में उसकी मदद करनी चाहिए। आप बच्चे के कार्यों में भागीदार बनें और अपने प्रयासों से उसे सीखने का अवसर दें। आप चार्ट, मॉडल आदि कार्यों में अपनी भागीदारी निभाकर बच्चे की रूचि को समझ सकते हैं और कठिन विषय को सुलभ तरीके से उसे समझा भी सकते हैं।

**घर में कराएं अभ्यास**--स्कूल के कार्यों का घर में कराएं अभ्यास- कई शिक्षक ऐसे होते हैं जो बच्चों को खुले दिमाग से सीखने का अवसर देते हैं और माता-पिता को भी यह सलाह देते हैं कि वे बच्चों पर दबाव न डालें। यह एक सही तरीका है। इस प्रक्रिया में आपकी भूमिका एक मार्गदर्शक की तरह होनी चाहिए। आपका बच्चा स्कूल में क्या सीखता है, आपको इन बातों का ध्यान रखना है। बच्चों को स्कूल में जो पाठ पढ़ाया जाता है उसका अभ्यास घर पर हो, इसकी जिम्मेदारी माता-पिता को निभानी होती है।

# एआई की मांग तेजी से बढ़ रही कोर्स कर शानदार करियर बनाएं




आजकल आर्टिफीशियल इंटेलीजेंस (एआई )की मांग तेजी से बढ़ रही है। ऐसे में अगर आप भी करियर में आगे बढ़ना चाहते हैं तो इस प्रकार के कोर्स कर आगे बढ़ सकते है । कई कंपनियां कुछ कम अवधि के ए आई के शार्ट टर्म एआई कोर्स आयोजित करती हैं जिन्हें पूरा कर आप भी इसमें अच्छा करियर बना सकते हैं। इन कोर्स की फीस 500 रुपए से लेकर 15 हजार रुपए तक हो सकती है। इनमें से कुछ कोर्स फ्री होते हैं, लेकिन सर्टिफिकेट लेने के लिए कंपनियां फीस लेती हैं। गूगल समेत कई कंपनियों की तरफ से कई तरह के एआई कोर्स जारी किए गए हैं। यह कोर्स ऑनलाइन और पूरी तरह फ्री हैं। करियर में आगे बढ़ने के लिए यह कोर्स आपकी मदद कर सकते हैं। हालांकि यह कोर्स अंग्रेजी में होते हैं और आपको थोड़ी-बहुत कंप्यूटर की जानकारी होनी चाहिए। बाकि इन कोर्स को करने के लिए किसी खास तरह की योग्यता की आवश्यकता नहीं है। ऐसे में आप यह कोर्स को अपनी रेज्यूमे में जोड़कर अच्छी नौकरी की तलाश पूरी कर सकते हैं। लार्ज लैग्वेज मॉडल्स ~ इस कोर्स को करने के बाद आप भी चैट जपीटी जैसा प्लैटफॉर्म बना सकते है। इस कोर्स में आपको यह सिखाया जाता है कि किस तरह से चैट जपीटी जैसे प्लेटफॉर्म पर इमेज और कंटेंट क्रिएट किये जाते हैं। आप इस कोर्स को करने के बाद किसी भी टॉपिक पर आर्टिकल बना सकते हैं। यह किसी भी कंटेंट को दूसरी भाषा में ट्रांसफर कर सकते हैं। मिनटों में लंबे असाइनमेंट या प्रोजेक्ट तैयार कर सकते हैं। लार्ज लैग्वेज मॉडल्स कोर्स में यह भी बताया व सिखाया जाता है कि आप किस तरह प्रॉम्प्ट ट्यूनिंग की सहायता से आउटपुट पर नियंत्र पा सकते हैं। इस कोर्स की अवधि 8 घंटे की है। इमेज जनरेटर ~ इमेज जनरेटर का कोर्स कर आप आई की सहायता से कैसा भी कोई भी फोटो बना सकते हैं। इस कोर्स में आप यह भी सीख सकते हैं कि कम रिजॉल्यूशन वाली फोटो को हाई रिजॉल्यूशन में कैसे बदलें। इस कोर्स को करने के बाद आप किसी का चेहरा भी डिजाइन कर सकते हैं और लैंडस्केप इमेज भी तैयार कर सकती हैं। इस कोर्स में टेक्स्ट प्रॉम्प्ट के आधार पर इमेज, स्केच और कार्टून आदि बनाने की ट्रेनिंग दी भी जाती है। इस कोर्स की अवधि 8 घंटे की है। इसके अलावा कई बड़ी अवधि के भी कोर्स हैं।

# Preetnama

ਪ੍ਰੀਤਨਾਮਾ ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 286 | Website: www.preetnama.com Email preetnamausa@gmail.com | 10 JAN TO 16 JAN , 2025


# SUFI HELP CENTRE HOSTED SANJHA PUNJAB NEW YORK 2025 NEW YEAR

## Cake cutting ceremony in SUFI COMMUNITY HELP CENTER 1 Helen Keller way Hempstead NY 11550. ( Long Island) New York.




New York - Suffi Adult Day Care Center and Sanjha Punjab Organisation celebrated New year ceremony on Wednesday January 1st in Suffi Adult Care Centre in Hempstead NewYork . Mr. IFTIKHAR Butt Founder of Suffi Adult Day Care hosted this program Mr. Ami Shah , Gurinderpal Singh Josan ( Founders of Sanjha Punjab ) , Mr. Humayuan Shabbir president , Mr, Iftikaar Butt and all team of both organisations were presented there . Some other guests were also joined this program. Mr. Akram Choudhury. Joined this program as a chief guest. After cake cut ceremony everyone enjoyed delicious food too .















# Preetnama
ਅੱਜ ਕੱਲ ਲੜਕੀਆਂ ਦੇ ਜੰਮਨ ਦੀ ਖ਼ੁਸ਼ੀ ਵੀ ਉਨੇ ਹੀ ਪ੍ਰੇਮ ਅਤੇ ਸਧਰਾਂ, ਚਾਵਾਂ ਨਾਲ ਮਨਾਈ ਜਾਂਦੀ ਹੈ। ਵਿਕਸਿਤ ਅਤੇ ਉਨਤ ਪਰਿਵਾਰਾਂ ਵਿਚ ਲੜਕੀਆਂ ਦੀ ਲੋਹੜੀ ਪਾਈ ਜਾਂਦੀ ਹੈ ਅਤੇ ਲੜਕੇ ਨਾਲੋਂ ਵੱਧ ਚਾਅ, ਖ਼ੁਸ਼ੀਆਂ ਲੜਕੀ ਦੀ ਲੋਹੜੀ ਤੇ ਕਰਦੇ ਹਨ। ਜਿਸ ਲੜਕੀ ਦੀ ਲੋਹੜੀ ਪਾਈ ਜਾਵੇ, ਰਿਸ਼ਤੇਦਾਰ ਉਸ ਨੂੰ ਗਹਿਣੇ ਅਤੇ ਖਾਸ ਕਰਕੇ ਪੈਰ੍ਹਾਂ ਦੀਆਂ ਝਾਂਜਰਾ ਦੇਣਾ ਸੁਭ ਸ਼ਗੁਨ ਸਮਝਦੇ ਹਨ। ਇਸ ਦਿਨ ਘਰਾਂ ਦੇ ਵਿਹੜਿਆਂ ਵਿਚ, ਸੰਸਥਾਵਾਂ ਵਿਚ, ਸੱਥਾਂ, ਮੁਹੱਲਿਆਂ, ਬਜਾਰਾਂ ਆਦਿ ਵਿਚ ਲੰਬੀਆਂ ਲਕੜਾਂ ਦਾ ਢੇਰ ਬਣਾ ਕੇ ਜਾਂ ਗੋਏ ਦੀਆਂ ਪਾਥੀਆਂ ਅਤੇ ਟੱਕਲਿਆਂ ਦਾ ਢੇਰ ਬਣਾ ਕੇ ਉਸ ਦੀ ਅਗੱਨੀ ਦੇ ਸੇਕ ਦਾ ਲੁਤੱਫ ਲਿਆ ਜਾਂਦਾ ਹੈ ਚਾਰ-ਚੁਫੇਰੇ ਪਸਰੀ ਠੰਡ ਅਤੇ ਰੂੰ ਵਾਂਗ ਫੈਲ੍ਹੀ ਧੁੰਦ ਵਿਚ ਸੇਕ ਦਾ ਆਪਣਾ ਹੀ ਇਕ ਆਨੰਦ ਹੁੰਦਾ ਹੈ। ਇਸ ਅੱਗਨੀ ਵਿਚ ਤਿੱਲ ਆਦਿ ਸੁਟਦੇ ਹਨ। ਘਰਾਂ ਵਿਚ ਸਾਰੇ ਦਾ ਸਾਰਾ ਪਰਿਵਾਰ ਬੈਠ ਕੇ ਖ਼ੁਸ਼ੀ ਦੀ ਅਭਿਵਿਅਕਤੀ ਲਈ ਗੀਤ, ਟੱਪੇ ਗਾਉਂਦੇ ਹਨ। ਦੇਰ ਰਾਤ ਤੱਕ ਢੋਲਕੀ ਦੀ ਆਵਾਜ਼, ਢੋਲ ਦੇ ਫੜੱਕਦੇ ਤਾਲ, ਗਿੱਧੇ ਦੀ ਧਮਕ ਅਤੇ ਗੀਤਾਂ ਦੀ ਲੈ ਸੁਣਾਈ ਦਿੰਦੀ ਰਹਿੰਦੀ ਹੈ। ਰਿਸ਼ਤਿਆਂ ਦੀ ਖੁਸ਼ਬੂਅ, ਮੋਹ, ਮਮਤਾ ਅਤੇ ਪਿਆਰ ਦਾ ਨਜ਼ਾਰਾ ਚਹੁੰ ਪਾਸੇ ਪਸਰਿਆ ਨਜ਼ਰ ਆਉਂਦਾ ਹੈ। ਇਕ ਸੰਪੂਰਨ ਖ਼ੁਸ਼ੀ ਦਾ ਆਲਮ ਲੋਹੜੀ ਦੇ ਤਿਉਹਾਰ ਨਾਲ ਕਈ ਕਥਾਵਾਂ ਪ੍ਰਚਲਿਤ ਹਨ। ਦੱਸਿਆ ਜਾਂਦਾ ਹੈ ਕਿ ਦੁੱਲਾ ਭੱਟੀ ਇਕ ਡਾਕੂ ਹੋਇਆ ਏ। ਉਹ ਜ਼ਾਲਮਾਂ, ਬੇਇਮਾਨਾਂ ਅਤੇ ਧੋਖੇਬਾਜ਼ ਲੋਕਾਂ ਨੂੰ ਹੀ ਲੁੱਟਦਾ ਸੀ। ਦੀਨ-ਦੁੱਖੀਆ, ਬੇ-ਸਹਾਰਿਆਂ, ਲੋੜਵੰਦਾਂ ਅਤੇ ਗ਼ਰੀਬਾਂ ਦੀ ਖੁਲ੍ਹ ਕੇ ਮਦਦ ਕਰਦਾ ਹੈ। ਇਕ ਗਰੀਬ ਬ੍ਰਾਹਮਣ ਦੀਆਂ ਦੋ ਧੀਆਂ ਸੁੰਦਰੀ ਅਤੇ ਮੁੰਦਰੀ ਸਨ। ਉਹ ਉਨ੍ਹਾਂ ਦਾ ਵਿਆਹ ਨਹੀਂ ਸੀ ਕਰ ਸਕਦਾ। ਦੁੱਲੇ ਭੱਟੀ ਨੇ ਉਨ੍ਹਾਂ ਗ਼ਰੀਬ ਲੜਕੀਆਂ ਦੀ ਸ਼ਾਦੀ ਕਰਵਾਈ ਅਤੇ ਮੌਕੇ 'ਤੇ ਉਸ ਕੋਲ ਜੋ ਬਣਦਾ-ਸਰਦਾ ਸੀ ਉਨ੍ਹਾਂ ਲੜਕੀਆਂ ਦੀ ਝੋਲੀ ਵਿਚ ਪਾਇਆ। ਸੁੰਦਰੀ-ਮੁੰਦਰੀ ਦੀ ਸ਼ਾਦੀ, ਰਾਤ ਦੇ ਸਮੇਂ ਲੱਕੜਾਂ ਦੀ ਅੱਗ ਬਾਲ ਕੇ ਉਨ੍ਹਾਂ ਦੇ ਆਲੇ-ਦੁਆਲੇ ਫੇਰੇ ਕਰਵਾਏ ਤੇ ਇਕ ਬਾਪ ਦੇ ਫਰਜ਼ ਨਿਭਾਉਂਦੇ ਹੋਏ ਦੁੱਲਾ ਭੱਟੀ ਨੇ ਉਨ੍ਹਾਂ ਦੀ ਦੋਵਾਂ ਦੀ ਝੋਲੀ ਵਿਚ ਸ਼ੱਕਰ ਪਾਈ। ਇਸ ਸਬੰਧ ਵਿਚ ਅੱਜ ਵੀ ਇਕ ਪ੍ਰਚਲਿਤ ਹੈ। ਸੁੰਦਰ ਮੁੰਦਰੀਏ, ਹੋ, ਤੇਰਾ ਕੌਣ ਵਿਚਾਰਾ, ਹੋ ਦੁੱਲਾ ਭੱਟੀ ਵਾਲਾ, ਹੋ, ਦੁੱਲੇ ਨੇ ਧੀ ਵਿਆਹੀ, ਹੋ ਸ਼ੇਰ ਸ਼ੱਕਰ ਆਈ, ਹੋ, ਕੁੜੀ ਦੇ ਬੋਝੇ ਪਾਈ, ਹੋ, ਕੁੜੀ ਦਾ ਲਾਲ ਪਟਾਕਾ ਹੋ, ਕੁੜੀਦਾ ਸ਼ਾਲੂ ਪਾਟਾ, ਹੋ, ਸ਼ਾਲੂ ਕੌਣ ਸਮੇਟੇ, ਹੋ, ਚਾਚਾ ਗਾਲੀ ਦੇਸੇ, ਹੋ, ਚਾਚੇ ਚੁਰੀ ਕੁੱਟੀ, ਹੋ, ਜ਼ਿੰਮੀਦਾਰਾਂ ਲੁਟੀ, ਹੋ, ਜ਼ਿਮੀਦਾਰ ਸਦਾਓ, ਹੋ, ਗਿਣਸ਼ਗਿਣ ਪੋਲੇ ਲਾਉ, ਇਕ ਪੌਲਾ ਘਸ ਗਿਆ, ਜ਼ਿਮੀਦਾਰ ਵਹੁਟੀ ਲੈਕੇ ਨਸ ਗਿਆ, ਹੋ,ਹੋ,ਹੋ,ਹੋ,ਹੋ,ਹੋ,ਹੋ, ਸ਼,ਸ਼

ਲੋਹੜੀ ਵਾਲੇ ਦਿਨ ਬਜ਼ੁਰਗ ਲੋਕ ਸੁੰਦਰੀ-ਮੁੰਦਰੀ ਦੀ ਕਥਾ ਵੀ ਸੁਣਾਉਂਦੇ ਹਨ ਕਿ ਕਿਸ ਤਰ੍ਹਾਂ ਦੁੱਲਾ ਭੱਟੀ ਡਾਕੂ ਨੇ ਗ਼ਰੀਬ ਲੜਕੀਆਂ ਦਾ ਵਿਅਹ ਕਰਕੇ ਆਪਣਾ ਧਰਮ ਨਿਭਾਇਆ। ਲੋਹੜੀ ਦੇ ਕਈ ਪਰੰਪਰਾਵਾਦੀ ਗੀਤ ਪ੍ਰਚਲਿਤ ਹਨ ਜਿਵੇਂ

ਲੋਹੜੀ ਬਣੀ ਲੋਹੜੀ, ਦਿਉ ਗੁੜ ਦੀ ਰੋੜੀ, ਵਈ ਰੋੜੀ, ਕਲਮਦਾਨ ਵਿਚ ਘਿਉ, ਜੀਵੇ ਮੁੰਡੇ ਦਾ ਪਿਉ, ਕਲਮਦਾਨ ਵਿਚ ਕਾਂ, ਜੀਵੇ ਮੁੰਡੇ ਦੀ ਮਾਂ, ਕਲਮਦਾਨ ਵਿਚ ਕਾਨਾ, ਜੀਵੇ ਮੁੰਡੇ ਦਾ ਨਾਨਾ, ਕਲਮਦਾਨ ਵਿਚ ਕਾਨੀ, ਜੀਵੇ ਮੁੰਡੇ ਦੀ ਨਾਨੀ।

ਲੜਕੇ ਲੜਕੀਆਂ ਵੀ ਇਸ ਦਿਨ ਲੋਹੜੀ ਮੰਗਦੇ ਹਨ। ਟੋਲੀਆਂ ਬਣਾ ਕੇ ਲੋਹੜੀ ਮੰਗਣ ਦਾ ਆਪਣਾ ਹੀ ਇਕ ਮਜ਼ਾ ਹੈ। ਭਾਵੇਂ ਲੋਹੜੀ ਦੇ ਗੀਤ ਅਲੋਪ ਹੁੰਦੇ ਜਾ ਰਹੇ ਹਨ ਪਰ ਪੁਰਾਣੇ ਬਜ਼ੁਰਗਾਂ ਨੂੰ ਅਜੇ ਵੀ ਇਹ ਗੀਤ ਜ਼ੁਬਾਨੀ ਯਾਦ ਹੈ। ਜਿਵੇਂ- ਕੋਠੀ ਹੇਠ ਚਾਕੂ, ਗੁੜ ਦੇਊ ਮੁੰਡੇ ਦਾ ਬਾਪੂ, ਕੋਠੀ ਉਤੇ ਕਾਂ, ਗੁੜ ਦੇਵੇ ਮੁੰਡੇ ਦੀ ਮਾਂ। ਨਵ ਵਿਆਹੁਤਾ ਜੋੜੇ ਲਈ ਲੋਹੜੀ ਦੇ ਗੀਤ ਬੋਲ ਕੇ ਲੋਹੜੀ ਮੰਗੀ ਜਾਂਦੀ ਹੈ ਜਿਵੇਂ ।ਸੀ ਟਾਂਡਾ-ਟਾਂਡਾ ਨੀ ਲਕੜੀਓ ਟਾਂਡਾ ਸੀ, ਇਸ ਟਾਂਡੇ ਨਾਲ ਕਲੀਰਾ ਸੀ, ਜੁੱਗ ਜੀਵੇ ਨੀ ਬੀਬੀ ਤੇਰਾ ਵੀਰ ਸੀ, ਇਸ ਵੀਰ ਦੀ ਵੇਲ੍ਹ ਵਧਾਈ ਸੀ। ਘਰ ਚੂੜ੍ਹੇ-ਤੇ ਬੀੜ੍ਹੇ ਵਾਲੀ ਆਈ ਸੀ, ਚੂੜਾ ਬੀੜਾ ਵਜੇ ਨੀ, ਸਰੀਕਣੀਆਂ ਨੂੰ ਸੱਦੇ ਨੀ, ਸਰੀਕਣੀਆਂ ਮਾਰੇ ਬੋਲ, ਤੇਰਾ ਨਿੱਕਾ ਜੀਵੇ, ਤੇਰਾ ਵੱਡਾ ਜਿਵੇ, ਵੱਡ ਵਡੇਰਾ ਜੀਵੇ, ਗੁੜ ਦੀ ਰੋੜੀ ਜੀਵੇ, ਭਾਈਆਂ ਦੀ ਜੋੜੀ ਜੀਵੇ ਘਰ ਵਾਲੇ ਜਲਦੀ ਉਧਾਈ ਨਾ ਦੇਣ ਤਾਂ ਕੁੜੀਆਂ ਇਹ ਗੀਤ ਬੋਲਦੀਆਂ ਹਨ। ਸਾਡੇ ਪੈਰ੍ਹਾ ਹੇਠ ਰੋੜ, ਸਾਨੂੰ ਛੇਤੀ ਛੇਤੀ ਤੋਰ, ਸਾਡੇ ਪੈਰਾਂ ਹੇਠ ਦਹੀ, ਅਸੀਂ ਹਿਲਣਾ ਵੀ ਨਹੀਂ, ਸਾਡੇ ਪੈਰ੍ਹਾਂ ਹੇਠ ਪਰਾਤ, ਸਾਨੂੰ ਉਤੋਂ ਪੈ ਗਈ ਰਾਤ, ਮੁੰਡਾ ਜੰਮਨ ਤੇ ਕੁੜੀਆਂ ਹਾਸੇ ਮਜ਼ਾਕ ਵਿਚ ਉਸ ਦੇ ਪਰਿਵਾਰ ਨੂੰ ਇਸ ਗੀਤ ਨਾਲ ਸੰਬੋਧਨ ਕਰਦੀਆਂ ਹਨ। ਗੀਗਾ ਤੱਕੜੀ ਦਾ ਛਾਬਾ, ਵੇ ਲੜਾਕਾ ਤੇਰਾ ਬਾਬਾ, ਗੀਤਾ ਤੱਤਾ-ਤੱਤਾ ਘਿਉ, ਵੇ ਲੜਾਕਾ ਤੇਰਾ ਪਿਉ, ਗੀਗਾ ਗੋਰੀ ਗੋਰੀ ਗਾਂ, ਵੇ ਲੜਾਕੀ ਤੇਰੀ ਮਾਂ। ਇਸ ਤਰ੍ਹਾਂ ਕੁਝ ਹੋਰ ਗੀਤ ਜਿਵੇਂ ਕੁਪੀਏ ਨੀ ਕੁਪੀਏ, ਅਸਮਾਨ ਤੇ ਲੁਟੀਏ, ਅਸਮਾਨ ਪੁਰਾਣਾ, ਛਿੱਕ ਬੰਨ੍ਹ ਤਾਣਾ, ਲੰਗਰੀ 'ਚ ਦਾਲ, ਮਾਰ ਮੱਥੇ ਨਾਲ, ਮੱਥਾ ਤੇਰਾ ਵੱਡਾ, ਲਿਆ ਲਕੜੀਆਂ ਦਾ ਗੱਡਾ। ਲੋਹੜੀ ਵਾਲੇ ਦਿਨ ਮੁੰਡੇ ਸਵਾਂਗ ਬਣਕੇ ਨੱਚਦੇ-ਨੱਚਦੇ ਵੀ ਲੋਹੜੀ (ਵਧਾਈ) ਮੰਗਦੇ ਹਨ।

ਲੋਹੜੀ ਤੋਂ ਦੂਸਰੇ ਦਿਨ ਮਾਘੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਪੋਹ ਦੇ ਮਹੀਨੇ ਕਾਫੀ ਠੰਢ ਪੈਂਦੀ ਹੈ। ਇਸ ਮਹੀਨੇ ਵਿਚ ਵਿਆਹ ਨਹੀਂ ਕੀਤੇ ਜਾਂਦੇ। ਮਾਘ ਦੇ ਮਹੀਨੇ ਵਿਚ ਸਰਦੀ ਤਾਂ ਹੁੰਦੀ ਹੈ ਪਰ ਵਿਆਹ ਜ਼ਿਆਦਾ ਇਸ ਮਹੀਨੇ ਦੀ ਕੀਤੇ ਜਾਂਦੇ ਹਨ। ਇਸ ਮਹੀਨੇ ਹੀ ਪੁੰਨ ਦਾਨ ਕਰਨਾ, ਖਾਸ ਕਰਕੇ ਲੜਕੀਆਂ ਦੀ ਸ਼ਾਦੀ ਕਰਨਾ, ਉਚਿਤ ਸਮਝਿਆ ਜਾਂਦਾ ਹੈ। ਗ੍ਰਹਿ ਅਤੇ ਨਸ਼ੱਤਰਾਂ ਦੇ ਹਿਸਾਬ ਮਾਘ ਦੇ ਪਹਿਲਾ ਮੰਗਣੀਆਂ, ਮੁਕਲਾਵੇ, ਸ਼ਗੁਨ ਆਦਿ ਲਈ ਸ਼ੁਭ ਸਮਝਿਆ ਜਾਂਦਾ ਹੈ। ਇਸ ਮਹੀਨੇ ਵਿਚ ਨੌਜਵਾਨ ਨੂੰ ਸੰਤੁਲਤ ਖ਼ਰਾਕ ਖਾਣੀ ਚਾਹੀਦੀ ਹੈ ਜੋ ਫਾਇਦੇਮੰਦ ਹੁੰਦੀਹੈ। ਰਜ਼ਾਈ ਦਾ ਨਿੱਘ, ਗੰਨੇ ਦਾ ਰਸ, ਮੂਲੀਆਂ, ਗਾਜਰਾਂ ਆਦਿ ਖਾਣ ਦਾ ਮਜ਼ਾ ਹੀ ਇਸ ਮਹੀਨੇ ਹੁੰਦਾ ਹੈ। ਪਹੁ ਫੁਟਾਲੇ ਉਠ ਕੇ ਬਾਜਰੇ ਦੀ ਖਿਚੜੀ, ਸਰੋ ?ਹ ਦਾ ਸਾਗ, ਜਵਾਰ ਦੀ ਰੋਟੀ ਅਤੇ ਮੱਖਣ ਆਦਿ ਖ਼ਾਣ ਦਾ ਆਪਣਾ ਸੁਆਦ ਹੁੰਦਾ ਹੈ। ਤੇ ਮਾਘੀ ਦਾ ਮੇਲਾ ਪੰਜਾਬ ਵਿਚ ਅਨੇਕਾਂ ਥਾਵਾਂ 'ਤੇ ਬੜੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਖਾਸ ਕਰਕੇ ਲੋਹੜੀ ਦਾ ਤਿਉਹਾਰ ਮੁਕਤਸਰ ਵਿਖੇ ਵੱਡੇ ਪੱਧਰ 'ਤੇ ਮਨਾਇਆ ਜਾਂਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਆਪਣੀ ਬਾਣੀ ਬਾਰਹ ਮਾਹਾ ਵਿਚ ਵੀ ਮਾਘ ਮਹੀਨੇ ਦੀ ਇੰਜ ਉਸਤਤ ਕੀਤੀ ਹੈ। ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ। ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੇ ਕਰਿ ਦਾਨੁ ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨ ਕਾਮਿ ਕਰੋਧਿ ਨਾ ਮੋਹੀਐ ਬਿਨਸੈ ਲੋਭੁ ਸੁਆਨੁ ਸਚੈ ਮਾਰਗਿ ਚਲਦਿਆ ਉਸਤਿਤ ਕਰੇ ਜਹਾਨ ਅਠਸਠਿ ਤੀਰਥ ਸਗਲ ਪੁੰਨ ਜੀਆ ਦਇਆ ਪਰਵਾਨੁ ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ।

ਸ੍ਰੀ ਕ੍ਰਿਸ਼ਨ ਭਗਵਾਨ ਨੇ ਵੀ ਗੀਤਾ ਦੇ ਅੱਠਵੇਂ ਅਧਿਆਇ ਵਿਚ ਵੀ ਮਾਘ ਮਹੀਨੇ ਦੀ ਉਸਤਤ ਕੀਤੀ ਹੈ। ਦੁਨੀਆਂ ਦੇ ਸਭ ਤੋਂ ਵੱਡੇ ਮੰਨੇ ਜਾਂਦੇ ਧਾਰਮਿਕ ਸਥਾਨ ਪ੍ਰਯਾਗ ਤੀਰਥ ਵਿਖੇ ਸਾਧੂ ਮਹਾਤਮਾ ਲੋਕ ਇਥੇ ਪ੍ਰਕਲਪ ਕਰਦੇ ਹਨ। ਭਾਵ ਕਿ ਇਕ ਮਹੀਨੇ ਤੱਕ ਸਾਧਨਾ ਕਰਦੇ ਹਨ। ਮਾਘ ਮਹੀਨੇ ਤੋਂ ਅੱਗਲੇ 6 ਮਹੀਨੇ ਤੱਕ ਸਾਧੂ ਮਹਾਤਮਾ ਲੋਕ ਜੋ ਤਪੱਸਿਆ ਕਰਦੇ ਹਨ, ਉਸ ਨੂੰ ਉਤਰਾਇਨਮ ਕਹਿੰਦੇ ਹਨ।

ਲੋਹੜੀ ਦਾ ਤਿਉਹਾਰ ਭਾਰਤ ਵਿਚ ਹੀ ਨਹੀਂ। ਵਿਦੇਸ਼ਾਂ ਵਿਚ ਬੈਠੇ ਪੰਜਾਬੀ ਵੀ ਧੂੰਮ-ਧਮ ਤੇ ਸ਼ਰਧਾ ਨਾਲ ਮੰਨਾਉਂਦੇ ਹਨ। ਸ਼ਾਲਾ, ਲੋਹੜੀ ਭਾਰਤ ਨੂੰ ਖ਼ੁਸ਼ੀਆਂ, ਸ਼ਾਂਤੀ, ਤਰੱਕੀ, ਭਾਈਚਾਰਾ, ਸਦਭਾਵਨਾ ਅਤੇ ਵੱਖ-ਵੱਖ ਧਰਮਾਂ ਦੇ ਖਿੜਦੇ ਤਾਰਿਆਂ ਨੂੰ ਇਕ ਮਾਨਵਤਾ ਦੇ ਅੰਬਰ ਦੇ ਧਾਗੇ ਵਿਚ ਭਰੋਕੇ ਰੱਖੇ। ਜਿਸ ਤੇ ਸਾਂਝੀ ਵਾਲਤਾ ਦੇ ਰਿਸ਼ਤੇ ਦੀ ਖ਼ੂਸ਼ਬੂਅ ਹਮੇਸ਼ਾ-ਹਮੇਸ਼ਾ ਆਉਂਦੀ ਰਹੇ।

ਬਲਵਿੰਦਰ ਬਾਲਮ
ਮੋ. ਫੋਨ ਨੰ. 98156-25409

## ਸਾਲ 2025 ਸਾਡੇ ਸਾਰਿਆਂ ਲਈ ਖੁਸ਼ੀਆਂ ਭਰਿਆ, ਸਿਹਤ, ਸਿੱਖਿਆ, ਤਰੱਕੀ ਅਤੇ ਹਰ ਪਾਸੋ ਵਿਕਾਸ ਭਰਪੂਰ ਹੋਵੇ

ਅਸੀਂ ਹਰ ਵਾਰ ਜਦੋਂ ਨਵਾਂ ਸਾਲ ਚੜਦਾ ਹੈ ਤਾਂ ਇਸ ਆਸ ਨਾਲ ਬਹੁਤ ਖੁਸ਼ੀਆਂ ਮਨਾਉਂਦੇ ਹਾਂ ਕਿ ਇਹ ਨਵਾਂ ਸਾਲ ਸਾਡੇ ਲਈ ਬਹੁਤ ਖੁਸ਼ੀਆਂ ਭਰਿਆ ਹੋਵੇਗਾ । ਨਵਾਂ ਵਰ੍ਹਾ ਮਨਾਉਣ ਦੀ ਰਵਾਇਤ ਮੈਸੋਪਟਾਮੀਆ ਵਿੱਚ 2000 ਈਸਾ ਪੂਰਵ ਵਿੱਚ ਹੋਈ ਰੋਮਨਾਂ ਨੇ ਦਰਵਾਜ਼ੇ ਦੇ ਦੇਵਤਾ ਜੈਨੂਅਸ ਦੇ ਨਾਂਅ ਉੱਪਰ ਸਾਲ ਦੇ ਪਹਿਲੇ ਮਹੀਨੇ ਜਨਵਰੀ (ਜੈਨੂਅਰੀ) ਦਾ ਨਾਂਅ ਰੱਖਿਆ ਇਸ ਤੋਂ ਬਾਅਦ 46 ਈਸਾ ਪੂਰਵ ਵਿੱਚ ਰੋਮਨ ਸ਼ਾਸਕ ਜੂਲੀਅਸ ਸੀਜਰ ਨੇ ਇੱਕ ਜਨਵਰੀ ਨੂੰ ਨਵਾਂ ਵਰ੍ਹਾ ਐਲਾਨ ਕੀਤਾ ਇੰਗਲੈਡ ਦੇ ਨਾਲ ਬਾਕੀ ਯੂਰਪੀ ਦੇਸ਼ਾਂ ਨੇ ਵੀ ਇੱਕ ਜਨਵਰੀ ਨੂੰ ਨਵਾਂ ਵਰ੍ਹਾ ਮੰਨ ਲਿਆ ਇੰਗਲੈਂਡ ਵਿੱਚ 1752 ਈਸਵੀ ਨੂੰ ਗਰਿਗੋਰੀਅਨ ਕੈਲੰਡਰ ਨੂੰ ਅਪਣਾਇਆ ਤੇ ਇੱਕ ਜਨਵਰੀ ਨੂੰ ਨਵੇਂ ਸਾਲ ਵਜੋਂ ਮਾਨਤਾ ਦਿੱਤੀ ਈਸਾਈ ਧਰਮ ਵਿੱਚ ਇੱਕ ਜਨਵਰੀ ਦਾ ਮਹੱਤਵ ਧਾਰਮਿਕ ਕਾਰਨ ਕਰਕੇ ਵੀ ਹੈ ਕਿਉਂਕਿ 25 ਦਸੰਬਰ ਨੂੰ ਜੀਸਸ ਦਾ ਜਨਮ ਹੋਇਆ ਸੀ ਤੇ ਇੱਕ ਜਨਵਰੀ ਨੂੰ ਉਹ ਅੱਠ ਦਿਨਾਂ ਦੇ ਹੋਏ ਸਨ ਸੰਨ 1990 ਤੋਂ ਇਹ ਪਰੰਪਰਾ ਸ਼ੁਰੂ ਹੋ ਗਈ ਕਿ 31 ਦਸੰਬਰ ਦੀ ਰਾਤ ਨੂੰ ਨਵੇਂ ਵਰ੍ਹੇ ਨੂੰ 'ਜੀ ਆਇਆਂ ' ਕਿਹਾ ਜਾਣ ਲੱਗਾ ਹੁਣ ਸੰਸਾਰ ਦੇ ਹਰ ਕੋਨੇ ਵਿੱਚ 31 ਦਸੰਬਰ ਦੀ ਰਾਤ ਨਵੇਂ ਸਾਲ ਦੇ ਆਗਾਜ਼ ਦੀ ਖੁਸ਼ੀ 'ਚ ਬਿਤਾਈ ਜਾਂਦੀ ਹੈ । ਇਸ ਵਾਰ ਸਾਲ 2025 ਤੋਂ ਅਸੀਂ ਇਹ ਹੀ ਆਸ ਕਰਦੇ ਹਾਂ ਕਿ ਇਹ ਨਵਾਂ ਸਾਲ ਸਾਡੇ ਸਾਰਿਆਂ ਲਈ ਬਹੁਤ ਜ਼ਿਆਦਾ ਖੁਸ਼ੀਆਂ ਖੇੜਿਆਂ ਨਾਲ ਭਰਪੂਰ ਹੋਵੇ, ਸਿਹਤ ਪੱਖੋਂ ਹਰੇਕ ਲਈ ਤੰਦਰੁਸਤੀ ਭਰਿਆ ਹੋਵੇ, ਵਿਕਾਸ ਪੱਖੋਂ ਹਰੇਕ ਵਰਗ ਨੂੰ ਅੱਗੇ ਲੈ ਕੇ ਜਾਣ ਵਾਲ ?ਾ ਹੋਵੇ, ਸਮਾਜ ਦਾ ਹਰੇਕ ਵਿਅਕਤੀ ਤਰੱਕੀ ਕਰੇ ,ਸਭ ਦੀਆਂ ਆਸਾਂ ਨੂੰ ਪੂਰਾ ਕਰਨ ਵਾਲਾ ਹੋਵੇ ।ਹਰੇਕ ਵਰਗ ਦੇ ਲੋਕਾਂ ਨੂੰ ਵਧੀਆ ਸਿੱਖਿਆ ਮਿਲੇ ਅਤੇ ਹਰੇਕ ਬੇਰੁਜ਼ਗਾਰ ਨੂੰ ਰੁਜ਼ਗਾਰ ਮਿਲੇ ਤਾਂ ਜੋਂ ਹਰੇਕ ਵਿਅਕਤੀ ਆਪਣਾ ਅਤੇ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਵਧੀਆ ਢੰਗ ਨਾਲ ਕਰ ਸਕੇ। ਹਰੇਕ ਵਿਦਿਆਰਥੀ ਵਧੀਆ ਪੜ੍ਹਾਈ ਕਰੇ ਤਾਂ ਜੋਂ ਸਮਾਜ ਨੂੰ ਅੱਗੇ ਤਰੱਕੀ ਦੇ ਰਾਹ ਤੇ ਲੈ ਜਾ ਸਕੇ। ਸਾਨੂੰ ਪੜ੍ਹਾਈ ਸਿਰਫ ਨੌਕਰੀ ਲੱਗਣ ਲਈ ਜ਼ਰੂਰੀ ਨਹੀਂ ਹੈ ਸਗੋਂ ਪੜ੍ਹਾਈ ਸਾਨੂੰ ਸਮਾਜ ਵਿੱਚ ਵਿਚਰਨ ਅਤੇ ਆਪਣਾ ਕਾਰੋਬਾਰ ਕਰਨ ਲਈ ਵੀ ਬਹੁਤ ਜਰੂਰੀ ਹੈ ।ਜਿਸ ਵਿਦਿਆਰਥੀ ਨੂੰ ਨੌਕਰੀ ਮਿਲ ਜਾਂਦੀ ਹੈ ਉਸ ਲਈ ਤਾਂ ਬਹੁਤ ਵਧੀਆ ਹੈ ਪਰ ਜਿਸ ਨੂੰ ਜਿੰਨਾਂ ਟਾਇਮ ਨੌਕਰੀ ਨਹੀਂ ਮਿਲਦੀ ਉਸ ਨੂੰ ਨਿਰਾਸ਼ ਨਹੀਂ ਹੋਣਾ ਚਾਹੀਦਾ ਅਤੇ ਆਪਣੀ ਪੂੰਜੀ ਦੇ ਹਿਸਾਬ ਨਾਲ ਕੋਈ ਨਾ ਕੋਈ ਕੰਮ ਕਾਰ ਸ਼ੁਰੂ ਕਰ ਲੈਣਾ ਚਾਹੀਦਾ ਹੈ । ਸੋ ਪ੍ਰਮਾਤਮਾ ਅੱਗੇ ਇਹੀ ਅਰਦਾਸ ਹੈ ਕਿ ਸਾਲ 2025 ਵਿੱਚ ਹਰੇਕ ਨੌਜਵਾਨ ਨੂੰ ਰੁਜ਼ਗਾਰ ਮਿਲੇ ਅਤੇ ਹਰੇਕ ਵਿਅਕਤੀ ਦੇ ਘਰ ਖੁਸ਼ੀਆਂ ਖੇੜੇ ਹੋਣ।




ਸੰਦੀਪ ਕੰਬੋਜ
98594-00002

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 284 | Website: www.preetnama.com Email preetnamausa@gmail.com | 10 JAN TO 16 JAN , 2025



# ਉਮੰਗਾ, ਖੁਸ਼ੀਆ ਦੀ ਲੋਹੜੀ



ਲੋਹੜੀ ਦਾ ਸਬੰਧ ਘਰ ਆਏ ਨਵੇ ਬੱਚੇ ਤੋ ਇਲਾਵਾ ਖੇਤੀਬਾੜੀ ,ਪਕਵਾਨਾ,ਮੋਸਮ ਤੇ ਸੱਜਰੇ ਗਏ ਮੁਕਲਾਵਿਆ ਨਾਲ ਵੀ ਜੁੜਿਆ ਹੋਇਆ ਹੈ । ਇਹ ਉਮੰਗਾ ,ਆਸਾ ਤੇ ਖੁਸ਼ੀ ਖੇੜਿਆ ਦਾ ਤਿਉਹਾਰ, ਜੋ ਧਰਮਾ ਜਾਤਾ ਤੋ ਉਪਰ ਹੈ ।ਉੱਤਰੀ ਭਾਰਤ ਦਾ,ਵਿੱਚ ਬੜੀ ਧੂਮ- ਧਾਮ ਨਾਲ ਮਨਾਉਦੇ ਹਨ ।ਇਹ ਸਰਦੀਆਂ ਦੇ ਸੁਰੂ ਅਤੇ ਹਾੜ੍ਹੀ ਦੀਆਂ ਫ਼ਸਲਾਂ ਦੇ ਪ੍ਰਫੁੱਲਤ ਹੋਣ ਦਾ ਸੰਕੇਤ ਵੀ ਹੈ ।ਜਿਸ ਘਰ ਮੁੰਡੇ ਨੇ ਜਨਮ ਲਿਆ ਹੋਵੇ ਲੋਹੜੀ ਨੂੰ ਵੱਡੇ ਜੋਸ਼ ਨਾਲ ਮਨਾਇਆ ਜਾਂਦਾ ਹੈ।ਮੌਜੂਦਾ ਦੌਰ ਵਿੱਚ ਕੁੜੀਆਂ ਦੀ ਲੋਹੜੀ ਵੀ ਕਈ ਘਰਾਂ ਵਿੱਚ ਬਹੁਤ ਚਾਅ ਨਾਲ ਮਨਾਈ ਜਾਂਦੀ ਹੈ ਕਿਸੇ ਵੀ ਖੇਤਰ ਵਿੱਚ ਦੇਖਿਆ ਜਾਵੇ ਤਾਂ ਕੁੜੀਆਂ ਮੁੰਡਿਆਂ ਨਾਲੋਂ ਘੱਟ ਨਹੀਂ ਇਸੇ ਲਈ ਅਜੋਕੇ ਜਮਾਨੇ ਅਨੁਸਾਰ ਆਪਣੇ ਵਿਚਾਰ ਬਦਲ ਕੇ ਇਹ ਗਾਉਣਾ ਚਾਹੀਦਾ ਹੈ

**ਪੁੱਤਾ ਨਾਲ ਧੀਆ ਦੀ**
**ਲੋਹੜੀ ਨਵੇ ਜੀਆ ਦੀ**
**ਖੁਸ਼ੀਆ ਨਾਲ ਮਨਾਵਾਂਗੇ**
**ਰਲ ਮਿਲ ਭੰਗੜੇ ਪਾਵਾਂਗੇ**

ਪੁਰਾਤਨ ਸਮੇ ਵਿੱਚ ਲੋਕ ਆਪਣੇ ਸਰੀਕੇ ਤੇ ਨਗਰ ਵਿੱਚ ਗੁੜ ਤੇ ਮੂੰਗਫਲੀ ਵੰਡ ਖੁਸੀ ਸਾਝੀ ਕਰਦੇ ਸਨ।ਕਿਸੇ ਸਮੇਂ ਪੰਜਾਬ ਵਿੱਚ ਲੋਹੜੀ ਸੂਰਜ ਦੇਵ ਦੀ ਪੂਜਾ ਲਈ ਪ੍ਰਚੱਲਿਤ ਸੀ ।ਸੂਰਜ ਜਨਵਰੀ ਵਿੱਚ ਧਰਤੀ ਤੋਂ ਕਾਫ਼ੀ ਦੂਰ ਹੁੰਦਾ ਤੇ ਕਿਰਨਾਂ ਧਰਤੀ ਉੱਤੇ ਪਹੁੰਚਦਿਆਂ ਬਹੁਤੀਆਂ ਗਰਮ ਨਹੀਂ ਰਹਿੰਦੀਆਂ। ਪੁਰਾਤਨ ਕਾਲ ਵਿੱਚ ਲੋਕ ਇਸ ਪ੍ਰਕਿਰਿਆ ਨੂੰ ਸੂਰਜ ਦੀ ਤਪਸ਼ ਘਟ ਜਾਣ ਨਾਲ ਜੋੜਦੇ ਸਨ।ਸੂਰਜ ਦੇ ਚਾਨਣ ਤੇ ਤਪਸ਼ ਨੂੰ ਮੁੜ ਸੁਰਜੀਤ ਕਰਨ ਲਈ ਲੋਹੜੀ ਦੀ ਅੱਗ ਬਾਲ ?ੀ ਜਾਂਦੀ ਸੀ।ਇਹ ਸੂਰਜ ਨੂੰ ਰੌਸ਼ਨੀ ਤੇ ਗਰਮੀ ਦੇਣ ਦਾ ਪੁਰਾਤਨ ਲੋਕਧਾਰਾਈ ਢੰਗ ਸੀ।

ਪੁਰਾਤਨ ਸਮੇ ਵਿੱਚ ਲੋਹੜੀ ਮੰਗਣ ਦਾ ਰਿਵਾਜ ਇਕ ਮਨੋਰੰਜਨ ਦਾ ਸਾਧਨ ਵੀ ਸੀ ।ਜੋ ਲੋਕਾ ਨੂੰ ਆਪਸ ਵਿੱਚ ਜੋੜ ਕੇ ਰੱਖਦਾ ਸੀ ।ਲੋਹੜੀ ਤੋ 5-7 ਦਿਨ ਪਹਿਲਾਂ ਹੀ ਮੁੰਡੇ ਕੁੜੀਆਂ ਟੋਲੀਆਂ ਬਣਾ ਕੇ ਘਰਾਂ ਵਿਚ ਜਾ ਕੇ ਲੋਹੜੀ ਮੰਗਦੇ ਜਿਸ ਵਿੱਚ ਬਾਲਣ ਤੇ ਖਾਣ ਦੇ ਸਮਾਨ ਦੀ ਮੰਗ ਹੁੰਦੀ ਤੇ ਲੋਹੜੀ ਨਾਲ ਸਬੰਧਿਤ ਗੀਤ ਗਾਉਂਦੇ ਹਨ

**ਦੇਹ ਮਾਈ ਪਾਥੀ,**
**ਤੇਰਾ ਪੁੱਤ ਚੜ੍ਹੂਹਗਾ ਹਾਥੀ**
**ਦੇਹ ਮਾਈ ਲੋਹੜੀ,**
**ਤੇਰਾ ਪੁੱਤ ਚੜ੍ਹੂਹਗਾ ਘੋੜੀ**

ਜਦ ਕੋਈ ਘਰ ਵਾਲਾ ਲੋਹੜੀ ਦੇਣ ਵਿਚ ਦੇਰ ਕਰਦਾ ਹੈ ਤਾਂ ਕਾਹਲ ਨੂੰ ਦਰਸਾਉਂਦੀਆਂ ਹੋਈਆਂ ਇਹ ਸਤਰਾਂ ਗਾਈਆਂ ਜਾਂਦੀਆਂ ਹਨ।ਤਾ ਜੋ ਦੂਜੀ ਟੋਲੀ ਅੱਗੇ ਪਹੁੰਚ ਜਿਆਦਾ ਲੋਹੜੀ ਨਾ ਮੰਗ ਲਵੇ ।

**ਸਾਡੇ ਪੈਰਾਂ ਹੇਠ ਰੋੜ,**
**ਸਾਨੂੰ ਛੇਤੀ ਛੇਤੀ ਤੋਰ।**
**ਸਾਡੇ ਪੈਰਾਂ ਹੇਠ ਸਲਾਈਆਂ,**
**ਅਸੀਂ ਕਿਹੜੇ ਵੇਲੇ ਦੀਆਂ ਆਈਆਂ।**

ਜਦ ਕੋਈ ਘਰ ਵਾਲਾ ਫਿਰ ਵੀ ਲੋਹੜੀ ਨਾ ਦੇਵੇ ਤਾਂ ਇਹ ਟੋਲੀਆਂ ਇਹ ਸੈਨਤਾਂ ਰੂਪੀ ਸੋਹਲੇ ਗਾਉਂਦੀਆਂ ਹੋਈਆਂ ਅਗਲੇ ਘਰਾ ਲਈ ਰਵਾਨਾ ਹੋ ਜਾਂਦੀਆਂ ਹਨ।

**ਹੁੱਕਾ ਬਈ ਹੁੱਕਾ, ਇਹ ਘਰ ਭੁੱਖਾ।**

ਲੋਹੜੀ ਦਾ ਇਤਿਹਾਸ ਦੁੱਲਾ ਭੱਟੀ ਦੀ ਕਹਾਣੀ ਨਾਲ ਵੀ ਜੁੜਿਆ ਹੋਇਆ ਹੈ।[ ਦੁੱਲਾ ਭੱਟੀ ਅਕਬਰ ਦੇ ਸ਼ਾਸ਼ਨ ਕਾਲ ਦੌਰਾਨ ਇੱਕ ਬਾਗ਼ੀ ਸੀ ਜੋ ਕਿ ਅਮੀਰ ਲੋਕਾਂ ਦਾ ਮਾਲ ਲੁੱਟ ਕੇ ਗਰੀਬ ਲੋਕਾਂ ਵਿੱਚ ਵੰਡ ਦਿੰਦਾ ਸੀ।ਉਸ ਇਲਾਕੇ ਦੇ ਗਰੀਬ ਲੋਕ ਉਸ ਦੀ ਇਸ ਦਰਿਆ - ਦਿਲੀ ਦੇ ਕਾਇਲ ਅਤੇ ਉਸ ਦਾ ਆਦਰ-ਸਤਿਕਾਰ ਕਰਦੇ ਸਨ।ਇੱਕ ਵਾਰ ਉਸ ਨੇ ਇੱਕ ਲੜਕੀ ਤੋਂ ਅਗਵਾਕਾਰਾਂ ਤੋਂ ਛੁਡਾਇਆ ਤੇ ਉਸ ਨੂੰ ਆਪਣੀ ਧਰਮ ਦੀ ਧੀ ਬਣਾ ਲਿਆ।ਜਦ ਦੁੱਲਾ -ਭੱਟੀ ਨੇ ਉਸ ਲੜਕੀ ਦਾ ਵਿਆਹ ਕੀਤਾ ਤਾਂ ਉਸ ਨੇ ਉਸ ਦੇ ਵਿਆਹ ਵਿੱਚ ਤੋਹਫ਼ੇ ਦੇ ਤੌਰ ਤੇ ਸ਼ੱਕਰ ਪਾ ਦਿੱਤੀ ਸੀ।ਇੱਕ ਹੋਰ ਦੰਤ-ਕਥਾ ਅਨੁਸਾਰ ਸੁੰਦਰੀ -ਮੁੰਦਰੀ ਇੱਕ ਗਰੀਬ ਬ੍ਰਾਹਮਣ ਦੀਆਂ ਮੰਗੀਆਂ ਹੋਈਆਂ ਧੀਆਂ ਸਨ ਪਰ ਗਰੀਬੀ ਕਾਰਨ ਵਿਆਹ ਵਿੱਚ ਦੇਰ ਹੋ ਰਹੀ ਸੀ।ਹਾਕਮ ਨੂੰ ਕੁੜੀਆਂ ਦੇ ਸੁਹੱਪਣ ਦਾ ਪਤਾ ਲੱਗ ਗਿਆ ਤਾਂ ਉਸ ਨੇ ਜਬਰੀ ਚੁੱਕਣ ਦੀ ਧਾਰ ਲਈ ।ਇਸ ਦੀ ਭਿਣਕ ਬ੍ਰਾਹਮਣ ਨੂੰ ਵੀ ਪੈ ਗਈ।ਉਸ ਨੇ ਕੁੜੀਆਂ ਦਾ ਜਲਦੀ ਵਿਆਹ ਕਰਨ ਲਈ ਜੰਗਲ ਵਿੱਚ ਦੁੱਲੇ ਨਾਲ ਸੰਪਰਕ ਕੀਤਾ ਅਤੇ ਦੁੱਲੇ ਨੇ ਵਿਆਹ ਦੀ ਜ਼ੁੰਮੇਵਾਰੀ ਓਟੀ ÷ ਕੁੜੀਆਂ ਦੇ ਸਹੁਰਿਆਂ ਨੇ ਹਾਕਮ ਤੋਂ ਡਰਦਿਆਂ ਕਿਹਾ ਕਿ ਉਹ ਰਾਤ ਸਮੇਂ ਹੀ ਵਿਆਹੁਣ ਆਉਣਗੇ।ਪਿੰਡ ਤੋਂ ਬਾਹਰ ਜੰਗਲ ਵਿੱਚ ਵਿਆਹ ਰਚਾਉਣ ਦਾ ਪ੍ਰਬੰਧ ਕੀਤਾ ਗਿਆ। ਰੌਸ਼ਨੀ ਲਈ ਲੱਕੜੀਆਂ ਇਕੱਠੀਆਂ ਕਰ ਕੇ ਅੱਗ ਬਾਲੀ ਗਈ।ਦੁੱਲੇ ਨੇ ਆਲੇ- ਦੁਆਲੇ ਦੇ ਪਿੰਡਾਂ ਤੋਂ ਦਾਨ ਇਕੱਠਾ ਕੀਤਾ।ਪਿੰਡ ਵਿੱਚ ਜਿਹਨਾਂ ਦੇ ਘਰ ਨਵੇਂ ਵਿਆਹ ਹੋਏ ਸਨ ਜਾਂ ਜਿਹਨਾਂ ਦੇ ਬਾਲ ਜਨਮੇ ਸਨ ਉਨ੍ਹਾਂ ਨੇ ਵੀ ਸੁੰਦਰ -ਮੁੰਦਰੀ ਦੇ ਵਿਆਹ ’ਤੇ ਆਪਣੇ ਵੱਲੋਂ ਕੁਝ ਨਾ ਕੁਝ ਗੁੜ-ਸ਼ੱਕਰ ਤੇ ਦਾਣੇ ਆਦਿ ਦੇ ਰੂਪ ਵਿੱਚ ਦਾਨ ਦਿੱਤਾ।ਦੁੱਲੇ ਕੋਲ ਕੰਨਿਆ-ਦਾਨ ਦੇਣ ਲਈ ਇੱਕ ਲੱਪ ਸ਼ੱਕਰ ਦੀ ਹੀ ਸੀ।ਕੁੜੀਆਂ ਦਾ ਡੋਲਾ ਤੁਰ ਗਿਆ ਤੇ ਗ਼ਰੀਬ ਬ੍ਰਾਹਮਣ ਨੇ ਦੁੱਲੇ ਦਾ ਲੱਖ- ਲੱਖ ਸ਼ੁਕਰ ਕੀਤਾ। ਇਸ ਕਰ ਕੇ ਹੀ ਹਰ ਲੋਹੜੀ ਦੇ ਦਿਨ ਦੁੱਲੇ ਨੂੰ ਯਾਦ ਕੀਤਾ ਜਾਂਦਾ ਹੈ।ਬੱਚੇ ਜਦ ਲੋਹੜੀ ਮੰਗਣ ਦੂਜਿਆਂ ਦੇ ਘਰਾਂ ’ਚ ਜਾਂਦੇ ਹਨ ਤਾਂ ਉਹ ਇਹ ਗੀਤ ਗਾਉਂਦੇ ਹੋਏ ਨਜ਼ਰ ਆਉਂਦੇ ਹਨ।[

**ਸੁੰਦਰ ਮੁੰਦਰੀਏ ਹੋ**
**ਤੇਰਾ ਕੌਣ ਵਿੱਚਾਰ ਹੋ**
**ਦੁੱਲਾ ਭੱਟੀ ਵਾਲਾ ਹੋ**
**ਸਾਨੂੰ ਦੇ ਦੇ ਲੋਹੜੀ,**

**ਤੇਰੀ ਜੀਵੇ ਜੋੜੀ**

ਨਵੀਆ ਵਿਆਹੀਆਂ ਕੁੜੀਆਂ ਨੂੰ ਲੋਹੜੀ ਜਾ ਭਾਜੀ ਦੇਣ ਦਾ ਰਿਵਾਜ ਵੀ ਜੁੜਿਆ ਹੈ ।ਪੇਕੇ ਪਰਿਵਾਰ ਵਾਲੇ ਲੋਹੜੀ ਲੈ ਕੇ ਕੁੜੀ ਦੇ ਸਹੁਰੇ ਘਰ ਜਾਂਦੇ ਅਤੇ ਕੁੜੀ ਨੂੰ ਕੁੱਝ ਦਿਨ ਲਈ ਪੇਕੇ ਘਰ ਲੈ ਆਉਂਦੇ ਹਨ।ਭਾਜੀ ਵਿੱਚ ਪੰਜੀਰੀ ,ਬੂੰਦੀ ਦੇ ਲੱਡੂ, ਪਤਾਸੇ ,ਚੋਲਾ ਦੀਆ ਪਿੰਨੀਆਂ,ਗੁੜ,ਰਿਉੜ,ਮੂੰਗਫਲੀ, ਸੂਟ ,ਕੰਬਲ ,ਪੱਗ ਦਿੰਦੇ ਹਨ।ਕਈ ਕੁੜੀ ਦੇ ਸਹੁਰੇ ਉਸ ਭਾਜੀ ਨੂੰ ਆਪਣੇ ਰਿਸ਼ਤੇਦਾਰਾਂ ਅਤੇ ਗੁਆਂਢੀਆਂ ਵਿੱਚ ਵੰਡਦੇ ।ਅਜੋਕੇ ਸਮੇ ਵਿੱਚ ਵੀ ਮਾਪੇ ਲੋਹੜੀ ਸਮੇ ਮਹਿੰਗੇ ਤੋਹਫੇ ਤੇ ਘਰ ਦੀ ਵਰਤੋ ਦਾ ਸਮਾਨ ਦੇਣ ਲੱਗੇ ਹਨ ।

ਲੋਹੜੀ ਦੀ ਰਾਤ ਭੁੱਗਾ ਬਾਲਣ ਦੀ ਗੀਤ ਸਭ ਤੋ ਅਹਿਮ ਹੈ ।ਮੂੰਗਫਲੀ, ਰਿਉੜੀਆਂ, ਤਿਲਾਂ ਦੀ ਗੱਚਕ, ਮੱਕੀ ਦੇ ਫੁੱਲੇ ਆਦਿ ਦੀਆਂ ਭਰੀਆਂ ਪਰਾਂਤਾਂ ਮਹਿਮਾਨਾ ਵਿੱਚ ਵੰਡਦੇ ਹਨ ।ਘਰ ਦੇ ਖੁੱਲ੍ਹੇ ਵਿਹੜੇ ਵਿਚ ਲੱਕੜਾਂ ਜਾਂ ਗੋਹੇ ਦੀਆਂ ਪਾਥੀਆਂ ਦਾ ਢੇਰ ਲਗਾਕੇ ਅੱਗ ਲਗਾਈ ਜਾਂਦੀ ਹੈ ਜਿਸ ਨੂੰ ਭੁੱਗਾ ਕਿਹਾ ਜਾਂਦਾ ਹੈ।ਖੁਸ਼ੀਆਂ ’ਚ ਗੜੁੱਚ ਸਾਰੇ ਪਰਿਵਾਰਕ ਮੈਂਬਰ ਇਸਦੇ ਦੁਆਲੇ ਇਕੱਠੇ ਹੋ ਕੇ ਬੈਠ ਜਾਂਦੇ ਹਨ ਅਤੇ ਬਲਦੇ ਭੁੱਗੇ ਵਿੱਚ ਤਿਲ ,ਰਿਉੜੀਆਂ, ਮੂੰਗਫਲੀ ਸਮਪਰਤ ਕੇ ਬੋਲਦੇ ਹਨ।

**ਈਸ਼ਰ ਆ, ਦਲਿੱਦਰ ਜਾ**
**ਦਲਿੱਦਰ ਦੀ ਜੜ੍ਹ ਚੁੱਲ੍ਹੇ ਪਾ।**

ਬਦਲੇ ਜਮਾਨੇ ਨੇ ਇਸ ਤਿਉਹਾਰ ਨੂੰ ਹੋਰ ਵਡੇਰਾ ਕਰ ਦਿੱਤਾ ।ਜਿੱਥੇ ਪਹਿਲਾ ਪੁੱਤਰ ਹੋਣ ਤੇ ਹੀ ਲੋਹੜੀ ਮਨਾਈ ਜਾਦੀ ਸੀ ਅੱਜ ਲੋਕਾ ਨੇ ਬਰਾਬਰ ਰੁਤਬਾ ਦਿੰਦਿਆ ਧੀਆ ਦੀ ਵੀ ਲੋਹੜੀ ਮਨਾਉਦੇ ਹਨ।ਨਵੀਆ ਜੋੜੀਆ ਇਸ ਦਿਨ ਹੋਰ ਉਤਸਾਹਿਤ ਤੇ ਨਵੇ ਬਣੇ ਸੱਸ -ਸਹੁਰੇ ਦਾਦਾ-ਦਾਦੀ ਦੇ ਰੁਤਬੇ ਲਈ ਕਾਹਲੇ ਹੁੰਦੇ ਹਨ ।ਆਪਣੇ ਕੁਲ ਦੇ ਵਾਧੇ ਤੇ ਨਵੇ ਜੀਅ ਦਾ ਸਵਾਗਤ ਪਹਿਲਾ ਹੀ ਸੁਰੂ ਹੋ ਜਾਦਾ ਹੈ ।90ਵਿਆ ਤੱਕ ਵੀ ਇਸ ਤਿਉਹਾਰ ਦੀ ਮਹਿਕ ਵੱਖਰੀ ਹੀ ਸੀ ।ਆਪਣੇ ਘਰ ਕੁਨਬੇ ਤੇ ਆਢ- ਗੁਆਢ ਨੂੰ ਇਕੱਠਾ ਕਰ ਦੇਰ ਰਾਤ ਜਸਨ ਮਨਾਉਦੇ ਸਨ ।ਬੱਚੇ ਇਕੱਠੇ ਹੋ ਮਸਤੀਆ ਕਰਦੇ ਘਰੋ-ਘਰੀ ਲੋਹੜੀ ਮੰਗਣ ਜਾਦੇ ।ਪਿੰਡ ਵਿੱਚ ਮਸਤੀ ਦਾ ਵੱਖਰਾ ਹੀ ਸਰੂਰ ਹੁੰਦਾ ਸੀ ।ਜੋ ਅੱਜ ਮਹਿਗੇ ਹੋਟਲਾ ਜਾ ਪੈਲਸਾ ਵਿਚ ਹੀ ਦੱਬ ਗਿਆ ।ਜਿਸਦੀ ਮਹਿਕ ਲੱਖਾ ਖਰਚ ਕੇ ਨਹੀ ਮਿਲਦੀ ।ਪੰਜਾਬ ਦੇ ਤਿਉਹਾਰ ਨਵੀ ਪੀੜੀ ਲਈ ਪ੍ਰੇਰਨਾਦਾਇਕ ਹਨ ।ਜੋ ਇਹਨਾ ਨੂੰ ਮਿਲ ਕੇ ਰਿਹਣ ,ਖਾਣ ,ਵੰਡਣ ਤੇ ਮੇਹਨਤ ਕਰਨਾ ਸਿਖਾਉਦੇ ਹਨ ।ਸੋ ਆਉ ਪੰਜਾਬੀ ਦੀ ਅਮੀਰ ਵਿਰਾਸਤ ਨੂੰ ਸਾਭਦਿਆ ਉਹਨਾ ਨੂੰ ਤਿਉਹਾਰ ਮਾਨਣ ਦੇ ਨਾਲ ਜਾਨਣ ਦੀ ਆਦਤ ਵੀ ਪਾਈਏ ।

ਐਡਵੋਕੈਟ ਰਵਿੰਦਰ ਸਿੰਘ ਧਾਲੀਵਾਲ
ਮੋਬ :78374-90309

# ਖਿਦਰਾਣੇ ਦੀ ਢਾਬ (ਸ੍ਰੀ ਮੁਕਤਸਰ ਸਾਹਿਬ ਦਾ ਸ਼ਹੀਦੀ ਜੋੜ ਮੇਲਾ)

ਦੇਸੀ ਮਹੀਨੇ ਪੋਹ ਦੇ ਆਖਰੀ ਦਿਨ ਭਾਵ ਲੋਹੜੀ ਤੋਂ ਅਗਲੇ ਦਿਨ ਚੜ੍ਹਨ ਵਾਲੇ ਮਾਘ ਮਹੀਨੇ ਦੀ ਸੰਗਰਾਂਦ ਨੂੰ ਲੱਗਣ ਵਾਲੇ ਪਵਿੱਤਰ ਸ਼ਹੀਦੀ ਜੋੜ ਮੇਲੇ ਸ੍ਰੀ ਮੁਕਤਸਰ ਸਾਹਿਬ ਦਾ ਇਤਿਹਾਸ ਵਿੱਚ ਖਾਸ ਮਹੱਤਵ ਹੈ।ਇਹ ਇਤਿਹਾਸਕ ਮੇਲਾ ਸ੍ਰੀ ਗੁਰੂ ਗੋਬਿੰਦ ਸਿੰਘ ਨਾਲੋਂ ਤੋੜ ਵਿਛੋੜਾ ਕਰਕੇ ਆਏ ਓਹਨਾਂ ਚਾਲੀ ਸਿੰਘਾਂ ਦੀ ਦਾਸਤਾਨ ਦੀ ਯਾਦ ਦਿਵਾਉਂਦਾ ਹੈ ਤੇ ਓਹਨਾਂ ਮਹਾਨ ਸੂਰਮਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰਨ ਲਈ ਹੀ ਮਨਾਇਆ ਜਾਂਦਾ ਹੈ। ਜਿਨ੍ਹਾਂ ਨੇ ਆਪਣੀ ਭੁੱਲ ਬਖਸ਼ਾ ਕੇ ਇਥੇ ਖਿਦਰਾਣੇ ਦੀ ਢਾਬ ਤੇ ਹੋਈ ਆਖਰੀ ਫੈਸਲਾ ਕੁੰਨ ਲੜਾਈ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਸਾਥ ਦਿੱਤਾ ਤੇ ਜੋ ਬੇਦਾਵਾ ਲਿਖ ਕੇ ਦੇ ਆਏ ਸਨ ਕਿ ਤੁਸੀਂ ਸਾਡੇ ਗੁਰੂ ਨਹੀਂ ਤੇ ਅਸੀਂ ਤੁਹਾਡੇ ਸਿੱਖ ਨਹੀਂ ਓਹ ਬੇਦਾਵਾ ਪੜਵਾ ਕੇ ਆਪਣੀ ਟੁੱਟੀ ਗੰਢੀ ਸੀ।

ਬੇਸ਼ੱਕ ਲੋਹੜੀ ਦੇ ਤਿਉਹਾਰ ਦਾ ਵੀ ਆਪਣਾ ਮਹੱਤਵ ਹੈ ਨਵੇਂ ਜਨਮੇਂ ਪੁੱਤਰਾਂ ਦੀ ਤੇ ਨਵੇਂ ਵਿਹਾਏ ਜੋੜਿਆਂ ਦੀ ਲੋਹੜੀ ਵੰਡਣੀ ਖੁਸ਼ੀਆਂ ਵਿੱਚ ਅਥਾਹ ਵਾਧਾ ਕਰਦੀ ਹੈ,ਪਰ ਇਸ ਤੋਂ ਅਗਲੇ ਦਿਨ ਓਨਾਂ ਚਾਲੀ ਯੋਧਿਆਂ ਦੀ ਯਾਦ ਨੂੰ ਸਮਰਪਿਤ ਇਹ ਸ਼ਹੀਦੀ ਜੋੜ ਮੇਲਾ ਭਾਵੇਂ ਪੰਦਰਾਂ ਦਿਨ ਪੂਰੇ ਜਾਹੋ ਜਲਾਲ ਤੇ ਰਹਿੰਦਾ ਹੈ,ਪਰ ਮਾਘੀ ਵਾਲੇ ਦਿਨ ਚਾਲੀ ਮੁਕਤਿਆਂ ਦੀ ਯਾਦ ਵਿੱਚ ਬਣੇ ਗੁਰਦੁਆਰਾ ਟੁੱਟੀ ਗੰਢੀ ਸਾਹਿਬ ਵਿਖੇ ਨਹਾਉਣ ਦਾ ਜੋ ਮਹੱਤਵ ਹੈ ਓਹ ਓਹਨਾਂ ਸੂਰਮਿਆਂ ਨੂੰ ਸੱਚੀ ਸੁੱਚੀ ਸ਼ਰਧਾਂਜਲੀ ਹੈ।ਇਸ ਦਿਨ ਦੇਸ਼ ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਸ਼ਮੂਲੀਅਤ ਕਰਦੀਆਂ ਹਨ ਤੇ ਓਨਾਂ ਸੂਰਮਿਆਂ ਨੂੰ ਨਤਮਸਤਕ ਹੋ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬਾਨ ਤੋਂ ਆਸ਼ੀਰਵਾਦ ਪ੍ਰਾਪਤ ਕਰਦੀਆਂ ਹਨ।

ਜਿਥੇ ਇਸ ਦਿਨ ਇਸ ਟੁੱਟੀ ਗੰਢੀ ਗੁਰਦੁਆਰਾ ਸਾਹਿਬ ਦੀ ਮਹਾਂਨਤਾ ਹੈ ਓਥੇ ਹੋਰ ਵੀ ਛੇ ਗੁਰਦੁਆਰਾ ਸਾਹਿਬ ਹਨ ਇਸ ਦਿਨ ਬਾਹਰੋਂ ਆਉਣ ਵਾਲੀਆਂ ਸੰਗਤਾਂ ਓਨਾਂ ਦੇ ਦਰਸ਼ਨ ਦੀਦਾਰੇ ਵੀ ਜ਼ਰੂਰ ਕਰਦੀਆਂ ਹਨ। ਇਨ੍ਹਾਂ ਗੁਰਦੁਆਰਾ ਸਾਹਿਬਾਨਾਂ ਵਿੱਚ ਮਾਤਾ ਭਾਗ ਕੌਰ, ਗੁਰਦੁਆਰਾ ਅੰਗੀਠਾ ਸਾਹਿਬ, ਗੁਰਦੁਆਰਾ ਤਰਨਤਾਰਨ ਸਾਹਿਬ, ਗੁਰਦੁਆਰਾ ਰਕਾਬ ਗੰਜ ਸਾਹਿਬ,



ਗੁਰਦੁਆਰਾ ਦਾਤਨ ਸਰ ਸਾਹਿਬ, ਗੁਰਦੁਆਰਾ ਤੰਬੂ ਸਾਹਿਬ ਅਤੇ ਗੁਰਦੁਆਰਾ ਟਿੱਬੀ ਸਾਹਿਬ ਇਤਹਾਸਕ ਗੁਰਦੁਆਰਾ ਸਾਹਿਬਾਨ ਹਨ। ਜਿਨ੍ਹਾਂ ਨੂੰ ਸਤਿਗੁਰਾਂ ਦੇ ਚਰਨ ਛੋਹ ਪ੍ਰਾਪਤ ਹੈ।

ਨਹਿੰਗ ਸਿੰਘਾਂ ਦਾ ਹੋਲਾ ਮਹੱਲਾ ਵੀ ਵਿਸ਼ੇਸ਼ ਖਿੱਚ ਦਾ ਕਾਰਨ ਰਹਿਦਾ ਹੈ। ਵੈਸੇ ਤਾਂ ਇਹ ਇਤਿਹਾਸਕ ਜੋੜ ਮੇਲਾ ਨਹਾਉਣ ਤੋਂ ਬਾਅਦ ਸ਼ਹੀਦਾਂ ਨੂੰ ਨਤਮਸਤਕ ਹੋ ਕੇ ਤੇ ਹੋਲਾ ਮਹੱਲਾ ਤੋਂ ਬਾਅਦ ਹੀ ਸਮਾਪਨ ਹੋ ਜਾਂਦਾ ਹੈ,ਪਰ ਉਸ ਤੋਂ ਬਾਅਦ ਵੀ ਇਹ ਪੰਦਰਾਂ ਦਿਨ ਪੂਰੇ ਜਾਹੋ ਜਲਾਲ ਤੇ ਰਹਿੰਦਾ ਹੈ ਕਿਉਂਕਿ ਇਥੇ ਝੂਲੇ ਸਰਕਸ ਤੇ ਹੋਰ ਵੀ ਮਨੋਰੰਜਨ ਦੇ ਬਹੁਤ ਸਾਧਨ ਆਉਂਦੇ ਹਨ ਤੇ ਘੱਟੋ ਘੱਟ ਪੰਦਰਾਂ ਦਿਨ ਪਹਿਲਾਂ ਹੀ ਦੇਸ਼ ਦੇ ਅਲੱਗ-ਅਲੱਗ ਸ਼ਹਿਰਾਂ ਚੋਂ ਦੁਕਾਨਦਾਰ ਆਪਣੀਆਂ ਦੁਕਾਨਾਂ ਸਜਾਉਣ ਲੱਗ ਪੈਂਦੇ ਹਨ। ਅਤੇ ਓਹਨਾ ਨੂ ਇਹ ਜਗਾ ਕਿਰਾਏ ਤੇ ਮਿਲਦੀ ਹੈ। ਇਸੇ ਤਰ੍ਹਾਂ ਮੇਲੇ ਦਾ ਠੇਕਾ ਵੀ ਹਰ ਵਾਰ ਬਹੁਤ ਮਹਿੰਗਾ ਚੜ੍ਹਦਾ ਹੈ ਪ੍ਰਸ਼ਾਸਨ ਇਸ ਤੋਂ ਕਾਫੀ ਮੋਟੀ ਕਮਾਈ ਕਰਦਾ ਹੈ।ਜੋ ਕਿ ਬਹੁਤ ਹੀ ਮਾੜਾ ਵਤੀਰਾ ਹੈ।ਇਸ ਵਾਰ ਇਹ ਮੇਲੇ ਦਾ ਠੇਕਾ ਇਕਾਹਠ ਲੱਖ ਵਿੱਚ ਚੜ੍ਹਿਆ ਹੈ।ਇਹ ਸਾਰਾ ਭਾਰ ਭੋਲੀ ਭਾਲੀ ਜਨਤਾ ਉੱਤੇ ਹੀ ਪੈਣਾ ਹੈ ਜੋ ਪਹਿਲਾਂ ਹੀ ਕਰੋਨਾ ਦੀ ਮਾਰ ਕਰੀਬ ਪਿਛਲੇ ਨੌਂ ਮਹੀਨੇ ਤੋਂ ਝੱਲ ਰਹੀ ਹੈ।ਇਸ ਮਾਘੀ ਦੇ ਮੇਲੇ ਤੇ ਹਰ ਵਾਰ ਹੀ ਸਿਆਸੀ ਪਾਰਟੀਆਂ ਵੀ ਆਪੋ-ਆਪਣੀਆਂ ਕਾਨਫਰੰਸਾਂ ਕਰਦੀਆਂ ਹਨ,ਪਰ ਇਸ ਵਾਰ ਭਰੋਸੇ ਯੋਗ ਸੂਤਰਾਂ ਤੋਂ ਪਤਾ ਲੱਗਦਾ ਹੈ ਕਿ ਇਹ ਕਾਨਫਰੰਸਾਂ ਨਹੀਂ ਹੋਣਗੀਆਂ।

ਕਿਸਾਨੀ ਸੰਘਰਸ਼ ਦੇ ਕਾਰਣ ਇਸ ਵਾਰ ਇਸ ਮੇਲੇ ਤੇ ਕੋਈ ਜ਼ਿਆਦਾ ਰੌਣਕ ਨਾ ਹੋਣ ਦੀ ਹੀ ਆਸ ਲਾਈ ਜਾ ਰਹੀ ਹੈ ਕਿਉਂਕਿ ਲੱਖਾਂ ਦੀ ਗਿਣਤੀ ਵਿੱਚ ਦਿੱਲੀ ਬਾਰਡਰਾਂ ਤੇ ਸਾਡੇ ਸੰਘਰਸ਼ੀ ਯੋਧਿਆਂ ਨੇ ਆਪਣੀਆਂ ਹੱਕੀ ਮੰਗਾਂ ਲਈ ਪੱਕੇ ਡੇਰੇ ਲਾਏ ਹੋਏ ਹਨ।ਇਹ ਸਤਰਾਂ ਲਿਖਣ ਤੱਕ ਸਰਕਾਰ ਵੀ ਟੱਸ ਤੋਂ ਮੱਸ ਨਹੀਂ ਹੋ ਰਹੀ ਤੇ ਨਾ ਹੀ ਯੋਧਿਆਂ ਨੇ ਪਿੱਛੇ ਹਟਣਾ ਹੈ, ਵਾਹਿਗੁਰੂ ਅੱਗੇ ਇਹੀ ਅਰਦਾਸ ਹੈ ਕਿ ਇਹ ਸੰਘਰਸ਼ ਜਲਦੀ ਖਤਮ ਹੋਵੇ ਤੇ ਅੰਤਾਂ ਦੀ ਠੰਢ ਤੋਂ ਸਾਡੇ ਵੀਰ ਘਰੀਂ ਪਰਤਣ।

ਲੱਖਾਂ ਸ਼ਰਧਾਲੂ ਆਉਂਣ ਕਰਕੇ ਹਰ ਸਾਲ ਮਾਘੀ ਮੇਲੇ ਦੇ ਇਸ ਪਵਿੱਤਰ ਤਿਉਹਾਰ ਤੇ ਹਜ਼ਾਰਾਂ ਦੇ ਹਿਸਾਬ ਨਾਲ ਭਾਂਤ ਭਾਂਤ ਤਰਾਂ ਦੇ ਪਕਵਾਨਾਂ ਦੇ ਲੰਗਰ ਲੱਗਦੇ ਹਨ।ਪਰ ਲੱਗਦੇ ਸਿਰਫ਼ ਦੋ ਜਾਂ ਤਿੰਨ ਦਿਨ ਹੀ ਹਨ ਕਿੰਨਾ ਚੰਗਾ ਹੋਵੇ ਜੇਕਰ ਇਹ ਲੰਗਰ ਪੰਦਰਾਂ ਵੀਹ ਦਿਨ ਹੀ ਲੱਗਣ ਕਿਉਂਕਿ ਸੈਂਕੜਿਆਂ ਦੀ ਤਾਦਾਦ ਵਿੱਚ ਲੋਕ ਹਰ ਰੋਜ਼ ਹੀ ਪਿੰਡਾਂ ਚੋਂ ਆਉਂਦੇ ਰਹਿੰਦੇ ਹਨ ਅਤੇ ਇੱਕ ਦਿਨ ਸਿਰਫ਼ ਔਰਤਾਂ ਦਾ ਮੇਲਾ ਵੀ ਲੱਗਦਾ ਹੈ।ਸਰਕਸ ਝੂਲੇ ਅਤੇ ਹੋਰ ਵੀ ਮਨੋਰੰਜਨ ਦੇ ਮਨ ਨੂੰ ਲੁਭਾਉਣ ਵਾਲੇ ਕਰਤਵ ਵਿਖਾਏ ਜਾਂਦੇ ਹਨ।



ਬੇਸ਼ੱਕ ਇਸ ਮੇਲੇ ਤੇ ਹਰ ਵਾਰ ਪ੍ਰਸ਼ਾਸਨ ਤੇ ਸਮਾਜਿਕ ਅਤੇ ਧਾਰਮਿਕ ਜਥੇਬੰਦੀਆਂ ਦੀ ਬੇਨਤੀ ਤੇ ਸਪੈਸ਼ਲ ਟ੍ਰੇਨਾਂ ਵੀ ਚਲਾਈਆਂ ਜਾਂਦੀਆਂ ਹਨ ਪਰ ਇਸ ਵਾਰ ਕਿਉਂਕਿ ਕਿਸਾਨੀ ਸੰਘਰਸ਼ ਕਰਕੇ ਇਹ ਗੱਲ ਸਮੇਂ ਦੇ ਗਰਭ ਵਿੱਚ ਹੀ ਹੈ।ਉਂਝ ਠੇਕੇਦਾਰਾਂ ਵੱਲੋਂ ਲੋਕਾਂ ਨੂੰ ਲੁੱਟਣ ਦੀ ਹਰ ਵਾਰ ਹੀ ਚਰਚਾ ਹੁੰਦੀ ਹੈ ਤੇ ਇਸ ਵਾਰ ਵੀ ਇਹ ਸਿਲਸਲਾ ਜਿਉਂ ਦਾ ਤਿਉਂ ਹੀ ਹੋਵੇਗਾ ਕਿਉਂਕਿ ਓਨਾਂ ਨੇ ਠੇਕਾ ਭਰਿਆ ਹੈ ਤੇ ਇਸ ਤੋਂ ਵੱਧ ਹੀ ਚਾਰ ਛਿੱਲੜ ਬਣਾਉਣਗੇ।ਹਰ ਸਾਲ ਇਸ ਪਵਿੱਤਰ ਦਿਹਾੜੇ ਤੇ ਮੀਂਹ ਵੀ ਜ਼ਰੂਰੀ ਪੈਂਦਾ ਹੈ ਇਹ ਧਾਰਨਾ ਪਿਛਲੇ ਕਾਫੀ ਸਾਲਾਂ ਤੋਂ ਦਾਸ ਵੀ ਵੇਖ ਰਿਹਾ ਹੈ ਪਰ ਇਸ ਵਾਰ ਤਾਂ ਪਹਿਲਾਂ ਹੀ ਵਾਹਿਗੁਰੂ ਨੇ ਮੀਂਹ ਦਾ ਜਲਵਾ ਵਿਖਾ ਦਿੱਤਾ ਹੈ। ਬਾਹਰੋਂ ਆਉਣ ਵਾਲੇ ਦੁਕਾਨਦਾਰਾਂ ਲਈ ਇਹ ਠੰਢ ਦੇ ਦਿਨਾਂ ਵਿੱਚ ਬਹੁਤ ਔਖਾ ਹੋ ਜਾਂਦਾ ਹੈ। ਸ੍ਰੀ ਮੁਕਤਸਰ ਸਾਹਿਬ ਵਿਖੇ ਆਵਾਰਾ ਪਸ਼ੂਆਂ ਦੇ ਕਾਰਨ ਵੀ ਕਈ ਵਾਰ ਕਾਫ਼ੀ ਨੁਕਸਾਨ ਹੋ ਜਾਂਦਾ ਹੈ। ਬੇਸ਼ੱਕ ਪ੍ਰਸ਼ਾਸਨ ਮੇਲੇ ਦੇ ਸੁਖਾਵੇਂ ਪ੍ਰਬੰਧਾਂ ਲਈ ਬਹੁਤ ਦੇਰ ਪਹਿਲਾਂ ਤੋਂ ਹੀ ਅੱਡੀ ਚੋਟੀ ਦਾ ਜ਼ੋਰ ਲਗਾਉਣ ਲੱਗ ਜਾਂਦਾ ਹੈ ਟੁੱਟੀਆਂ ਸੜਕਾਂ ਤੇ ਪੱਚ ਵੀ ਲਾਏ ਜਾਂਦੇ ਹਨ,ਆਰਜੀ ਬੱਸ ਸਟੈਂਡ,ਆਰਜੀ ਲੈਟਰੀਨਾ ਵੀ ਬਣਾਈਆਂ ਜਾਂਦੀਆਂ ਹਨ ਕਿ ਇਸ ਪਵਿੱਤਰ ਸ਼ਹਿਰ ਦੀ ਪਵਿੱਤਰਤਾ ਨੂੰ ਹਰ ਹੀਲੇ ਕਾਇਮ ਰੱਖਿਆ ਜਾਵੇ ਇਸ ਮੌਕੇ ਜਿਥੇ ਪ੍ਰਸ਼ਾਸਨ ਇਸ ਸਮੇਂ ਤੇ ਆਪਣੇ ਵੱਲੋਂ ਪੂਰਾ ਤਾਣ ਲਾਉਂਦਾ ਹੈ ਓਥੇ ਅਨੇਕਾਂ ਹੀ ਸਮਾਜ ਸੇਵੀ ਜਥੇਬੰਦੀਆਂ ਵੱਲੋਂ ਵੀ ਪ੍ਰਸ਼ਾਸਨ ਨੂੰ ਪੂਰਾ ਸਹਿਯੋਗ ਦਿੱਤਾ ਜਾਂਦਾ ਹੈ ਪਰ ਫਿਰ ਵੀ ਇਹ ਸਾਰੇ ਪ੍ਰਬੰਧ ਇਕੱਠ ਅੱਗੇ ਹਰ ਵਾਰ ਘੱਟ ਹੀ ਰਹਿ ਜਾਂਦੇ ਹਨ।ਕਰੀਬ ਸਾਰੇ ਹੀ ਪੰਜਾਬ ਚੋਂ ਉਚੇਚੇ ਤੌਰ ਤੇ ਪੁਲਿਸ ਬੁਲਾਈ ਜਾਂਦੀ ਹੈ ਕਿ ਮਤੇ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਜਾਵੇ।ਇਹ ਸ਼ਹੀਦੀ ਜੋੜ ਮੇਲਾ ਦੁਨੀਆਂ ਦੇ ਇਤਿਹਾਸ ਵਿੱਚ ਆਪਣੀ ਵਿਲੱਖਣ ਪਛਾਣ ਰੱਖਦਾ ਹੈ।ਓਸ ਅਕਾਲਪੁਰਖ ਅੱਗੇ ਇਹੀ ਅਰਦਾਸ ਬੇਨਤੀ ਜੋਦੜੀ ਹੈ ਕਿ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਇਹ ਸ਼ਹੀਦੀ ਜੋੜ ਮੇਲਾ ਬਿਨਾਂ ਕਿਸੇ ਲੜਾਈ ਝਗੜੇ ਦੇ ਸਮਾਪਤ ਹੋ ਜਾਵੇ ਅਤੇ ਸਾਡੇ ਅਣਖੀ ਯੋਧੇ ਜੋ ਅੰਤਾਂ ਦੀ ਠੰਢ ਵਿੱਚ ਆਪਣੀਆਂ ਹੱਕੀ ਮੰਗਾਂ ਲਈ ਦਿੱਲੀ ਵਿਖੇ ਬੈਠੇ ਹਨ ਓਹ ਜੇਤੂ ਹੋ ਕੇ ਵਾਪਸ ਆਪਣੇ ਘਰੀਂ ਪਰਤਣ।

ਜਸਵੀਰ ਸ਼ਰਮਾਂ ਦੱਦਾਹੂਰ
ਸ੍ਰੀ ਮੁਕਤਸਰ ਸਾਹਿਬ
95691-49556

# ਇੱਕ ਯੋਧਾ, ਇੱਕ ਸੰਤ, ਇੱਕ ਦਾਰਸ਼ਨਿਕ, ਇੱਕ ਕਵੀ ਅਤੇ ਇੱਕ ਗੁਰੂ - ਗੁਰੂ ਗੋਬਿੰਦ ਸਿੰਘ ਜੀ



ਸੁਰਜੀਤ ਸਿੰਘ ਫਲੋਰਾ

ਗੁਰੂ ਗੋਬਿੰਦ ਸਿੰਘ ਜੀ, ਇੱਕ ਯੋਧਾ, ਇੱਕ ਸੰਤ, ਇੱਕ ਦਾਰਸ਼ਨਿਕ, ਇੱਕ ਕਵੀ ਅਤੇ ਇੱਕ ਗੁਰੂ, ਪਟਨਾ (ਬਿਹਾਰ) ਵਿੱਚ ਉਸ ਅਸਥਾਨ ਤੇ ਪੈਦਾ ਹੋਏ ਜਿੱਥੇ ਹੁਣ ਤਖਤ ਪਟਨਾ ਸਾਹਿਬ ਸਥਿਤ ਹੈ। ਉਹ ਬਚਪਨ ਵਿੱਚ ਗੋਬਿੰਦ ਰਾਏ ਦੇ ਨਾਂ ਨਾਲ ਜਾਣੇ ਜਾਂਦੇ ਸਨ।

9 ਸਾਲ ਦੀ ਉਮਰ ਵਿੱਚ, ਆਪਣੇ ਦੋਸਤਾਂ ਨਾਲ ਖੇਡਦੇ ਹੋਏ, ਗੁਰੂ ਜੀ ਨੇ ਔਰੰਗਜ਼ੇਬ ਦੁਆਰਾ ਲਗਾਏ ਗਏ ਜ਼ੁਲਮ ਅਤੇ ਜ਼ਬਰਦਸਤੀ ਧਰਮ ਪਰਿਵਰਤਨ ਤੋਂ ਸੁਰੱਖਿਆ ਦੀ ਮੰਗ ਕਰਦੇ ਹੋਏ, ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਕਸ਼ਮੀਰੀ ਪੰਡਤਾਂ ਦੀ ਨਿਰਾਸ਼ਾਜਨਕ ਬੇਨਤੀ ਸੁਣੀ। ਗੁਰੂ ਤੇਗ ਬਹਾਦਰ ਜੀ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦਾ ਮਸਲਾ ਹੱਲ ਹੋ ਜਾਵੇਗਾ, ਪਰ ਇਸ ਲਈ ਇੱਕ ਸੰਤ ਦੀ ਕੁਰਬਾਨੀ ਦੀ ਲੋੜ ਸੀ। ਉਹ ਸੰਤ ਜਿਸ ਨੇ ਕਦੇ ਕੋਈ ਬੁਰਿਆਈ ਦਾ ਸ਼ਬਦ ਨਹੀਂ ਬੋਲਿਆ ਅਤੇ ਨਾ ਹੀ ਕੋਈ ਗਲਤ ਕੰਮ ਕੀਤਾ ਹੈ ਅਤੇ ਸਦਾ ਲਈ ਇਕ ਪ੍ਰਭੂ ਭਗਤੀ ਵਿਚ ਲੀਨ ਰਹਿੰਦਾ ਹੈ।

ਇਹ ਸੁਣ ਕੇ ਗੋਬਿੰਦ ਰਾਏ ਜੀ ਆਪਣੇ ਪਿਤਾ ਅਤੇ ਗੁਰੂ ਪ੍ਰਤੀ ਡੂੰਘੀ ਸ਼ਰਧਾ ਜ਼ਾਹਰ ਕਰਦੇ ਹੋਏ, ਹੱਥ ਜੋੜ ਕੇ ਅਤੇ ਸਿਰ ਝੁਕਾ ਕੇ ਉਹਨਾਂ ਦੇ ਸਾਹਮਣੇ ਖੜੇ ਹੋ ਗਏ। ਉਹਨਾਂ ਨੇ ਕਿਹਾ, ÷ਗੁਰੂ-ਪਿਤਾ, ਇਸ ਸਮੇਂ ਇਸ ਧਰਤੀ 'ਤੇ ਤੁਹਾਡੇ ਤੋਂ ਵੱਧ ਪਵਿੱਤਰ ਕੋਈ ਨਹੀਂ ਹੈ। ਤੁਸੀਂ ਕਦੇ ਵੀ ਕਿਸੇ ਨੂੰ ਮਾੜਾ ਨਹੀਂ ਬੋਲਿਆ ਅਤੇ ਨਾ ਹੀ ਤੁਸੀਂ ਕੋਈ ਗਲਤ ਕੰਮ ਕੀਤਾ ਹੈ ਅਤੇ ਤੁਸੀਂ ਇੱਕ ਪ੍ਰਭੂ ਦੇ ਵਿਚਾਰਾਂ ਵਿੱਚ ਨਿਰੰਤਰ ਲੀਨ ਰਹਿੰਦੇ ਹੋ।÷ ਉਹਨਾਂ ਆਪਣੇ ਪਿਤਾ ਨੂੰ ਪੁੱਛਿਆ ਕਿ ਉਹ ਕਸ਼ਮੀਰੀ ਪੰਡਤਾਂ ਨੂੰ ਬਚਾਉਣ ਲਈ ਜਾ ਕੇ ਆਪਣਾ ਬਲੀਦਾਨ ਕਿਉਂ ਨਹੀਂ ਦਿੰਦੇ। ਇਸ ਨੌਂ ਸਾਲਾਂ ਦੇ ਗੋਬਿੰਦ ਰਾਏ ਦੇ ਬੋਲਾਂ ਨੇ ਸਭ ਨੂੰ ਹੈਰਾਨ ਕਰ ਦਿੱਤਾ।

ਮਰਹੱਬਾ, ਗੁਰੂ ਤੇਗ ਬਹਾਦਰ ਜੀ ਨੇ ਖ਼ੁਸ਼ੀ ਨਾਲ ਕਿਹਾ। ਗੁਰੂ ਸਾਹਿਬ ਨੇ ਇਹ ਸੁਣ ਕੇ ਗਰਮਜੋਸ਼ੀ ਨਾਲ ਉਹਨਾਂ ਨੂੰ ਗਲੇ ਲਗਾਇਆ ਅਤੇ ਆਪਣੇ ਬੱਚੇ ਨਾਲ ਪਿਆਰ ਦਾ ਪ੍ਰਗਟਾਵਾ ਕਰਦਿਆਂ ਕਿਹਾ, ÷ਤੂੰ ਅਜਿਹੀ ਸਿਆਣਪ ਪ੍ਰਾਪਤ ਕੀਤੀ ਹੈ ਕਿ ਤੁਸੀਂ ਕਸ਼ਮੀਰੀ ਪੰਡਤਾਂ ਨੂੰ ਬਚਾਉਣ ਲਈ ਆਪਣੇ ਪਿਤਾ ਦੀ ਕੁਰਬਾਨੀ ਦੇਣ ਲਈ ਤਿਆਰ ਹੋ।÷ ਗੁਰੂ ਤੇਗ ਬਹਾਦਰ ਜੀ ਨੇ ਫਿਰ 9 ਸਾਲਾ ਗੋਬਿੰਦ ਰਾਏ ਨੂੰ ਗੁਰਤਾਗੱਦੀ ਸੌਂਪੀ, ਇਹ ਉਸ ਪਲ ਨੂੰ ਦਰਸਾਉਂਦਾ ਹੈ ਜਦੋਂ ਗੁਰੂ ਗੋਬਿੰਦ ਰਾਏ ਸਿੱਖ ਧਰਮ ਦੇ 10ਵੇਂ ਗੁਰੂ ਵਜੋਂ ਗੱਦੀ ਤੇ ਬੈਰਾਜਮਾਨ ਹੋਏ ਸਨ।

ਸਿੱਖ ਧਰਮ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਯੋਗਦਾਨ ਵਿ ?ਭੰਨ ਅਤੇ ਮਹੱਤਵਪੂਰਨ ਹੈ:

1699 ਵਿੱਚ, ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿਖੇ ਵਿਸਾਖੀ ਦੇ ਤਿਉਹਾਰ ਦੌਰਾਨ, ਖਾਲਸਾ ਪੰਥ ਦੀ ਸਥਾਪਨਾ ਕੀਤੀ, ਜੋ ਕਿ ਅੰਮ੍ਰਿਤਧਾਰੀ ਸਿੱਖਾਂ ਦਾ ਇੱਕ ਸਤਿਕਾਰਯੋਗ ਭਾਈਚਾਰਾ ਹੈ। ਇਹ ਘਟਨਾ ਸਿੱਖ ਇਤਿਹਾਸ ਵਿੱਚ ਮਹੱਤਵਪੂਰਨ ਹੈ ਅਤੇ ਖਾਲਸੇ ਦੀ ਸਥਾਪਨਾ ਨੂੰ ਦਰਸਾਉਂਦੀ ਹੈ, ਜਿਸ ਨੇ ਸਿੱਖ ਕਦਰਾਂ-ਕੀਮਤਾਂ ਅਤੇ ਸਿਧਾਂਤਾਂ ਨੂੰ ਕਾਇਮ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਦੌਰਾਨ ਕਮਾਲ ਦੀ ਦੂਰਅੰਦੇਸ਼ੀ ਅਤੇ ਬੇਮਿਸਾਲ ਅਗਵਾਈ ਦਾ ਪ੍ਰਦਰਸ਼ਨ ਕੀਤਾ। ਅਧਿਆਤਮਿਕ ਅਤੇ ਫੌਜੀ ਸੰਦਰਭਾਂ ਵਿੱਚ, ਚੁਣੌਤੀਆਂ ਦੀ ਭਵਿੱਖਬਾਣੀ ਕਰਨ ਅਤੇ ਹੱਲ ਪੇਸ਼ ਕਰਨ ਵਿੱਚ ਉਹਨਾਂ ਦੀ ਕੁਸ਼ਲਤਾ, ਖਾਲਸੇ ਦੀ ਸਥਾਪਨਾ ਅਤੇ ਜ਼ੁਲਮ ਵਿਰੁੱਧ ਲੜਾਈਆਂ ਦੌਰਾਨ ਉਸਹਨਾਂ ਦੇ ਵਿਹਾਰ ਵਿੱਚ ਸਪੱਸ਼ਟ ਹੈ।

ਸਾਹਿਤਕ ਯੋਗਦਾਨ: ਗੁਰੂ ਗੋਬਿੰਦ ਸਿੰਘ ਜੀ ਇੱਕ ਫੌਜੀ ਨੇਤਾ ਅਤੇ ਇੱਕ ਉੱਘੇ ਕਵੀ ਅਤੇ ਲੇਖਕ ਸਨ। ਦਸਮ ਗ੍ਰੰਥ ਅਤੇ ਹੋਰ ਲਿਖਤਾਂ ਵਿਚ ਉਹਨਾਂ ਦੀਆਂ ਰਚਨਾਵਾਂ ਉਹਨਾਂ ਦੀ ਬੇਮਿਸਾਲ ਕਾਵਿ ਪ੍ਰਤਿਭਾ ਅਤੇ ਡੂੰਘੀ ਦਾਰਸ਼ਨਿਕ ਸੂਝ ਨੂੰ ਦਰਸਾਉਂਦੀਆਂ ਹਨ। ਇਹਨਾਂ ਸਾਹਿਤਕ ਯੋਗਦਾਨ ਵਿੱਚ ਪ੍ਰਸਿੱਧ ÷ਚੰਡੀ ਦੀ ਵਾਰ÷ ਅਤੇ ÷ਜ਼ਫ਼ਰਨਾਮਾ÷ ਸ਼ਾਮਲ ਹਨ।

ਗੁਰੂ ਗੋਬਿੰਦ ਸਿੰਘ ਜੀ ਦੀ ਸਦੀਵੀ ਵਿਰਾਸਤ ਨਾ ਸਿਰਫ਼ ਉਨ੍ਹਾਂ ਦੇ ਜੰਗੀ ਸਾਹਸ ਵਿੱਚ, ਸਗੋਂ ਉਨ੍ਹਾਂ ਦੀ ਡੂੰਘੀ ਅਧਿਆਤਮਿਕਤਾ ਵਿੱਚ ਵੀ ਜੜ੍ਹੀ ਹੋਈ ਹੈ। ਉਹਨਾਂ ਦੀਆਂ ਸਿੱਖਿਆਵਾਂ ਨੇ ਨਿਆਂ ਦੀ ਮੰਗ ਕਰਨ, ਬਰਾਬਰੀ ਨੂੰ ਉਤਸ਼ਾਹਿਤ ਕਰਨ ਅਤੇ ਕਿਸੇ ਦੇ ਵਿਸ਼ਵਾਸ ਦੀ ਰੱਖਿਆ ਕਰਨ ਦੇ ਮਹੱਤਵ ਨੂੰ ਉਜਾਗਰ ਕੀਤਾ ਹੈ।

ਗੁਰੂ ਗੋਬਿੰਦ ਸਿੰਘ ਜੀ ਦੀ ਸੂਝਵਾਨ ਦ੍ਰਿਸ਼ਟੀ, ਪਰਿਵਰਤਨਸ਼ੀਲ ਪਹਿਲਕਦਮੀਆਂ, ਅਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਨਾਦਿ ਗੁਰੂ ਵਜੋਂ ਘੋਸ਼ਿਤ ਕਰਨਾ ਸਿੱਖ ਕਦਰਾਂ-ਕੀਮਤਾਂ ਅਤੇ ਸਿੱਖ ਕੌਮ ਦੀ ਭਲਾਈ ਲਈ ਉਨ੍ਹਾਂ ਦੇ ਸਮਰਪਣ ਨੂੰ ਉਜਾਗਰ ਕਰਦਾ ਹੈ। ਉਹਨਾਂ ਦਾ ਜੀਵਨ ਅਤੇ ਸਿੱਖਿਆਵਾਂ ਦੁਨੀਆ ਭਰ ਦੇ ਸਿੱਖਾਂ ਨੂੰ ਪ੍ਰੇਰਿਤ ਕਰਦੀਆਂ ਰਹਿੰਦੀਆਂ ਹਨ, ਅਤੇ ਉਹ ਸਿੱਖ ਇਤਿਹਾਸ ਵਿੱਚ ਇੱਕ ਬਹੁਤ ਹੀ ਸਤਿਕਾਰਤ ਗੁਰੂ ਵਜੋਂ ਮੰਨੇ ਜਾਂਦੇ ਹਨ।

ਗੁਰੂ ਜੀ ਕੇਵਲ 42 ਸਾਲਾਂ ਲਈ ਸਰੀਰਕ ਰੂਪ ਵਿੱਚ ਮੌਜੂਦ ਸਨ, ਫਿਰ ਵੀ ਉਹਨਾਂ ਦਾ ਜੀਵਨ ਘਟਨਾਵਾਂ, ਹਿੰਮਤ ਅਤੇ ਜਿੱਤਾਂ ਨਾਲ ਭਰਪੂਰ ਸੀ। ਆਪਣੇ ਪਿਤਾ, ਮਾਤਾ ਅਤੇ ਚਾਰ ਬੱਚਿਆਂ ਦੇ ਨੁਕਸਾਨ ਨੂੰ ਸਹਿਣ ਦੇ ਨਾਲ-ਨਾਲ ਆਪਣਾ ਕਿਲਾ ਛੱਡਣ ਦੇ ਬਾਵਜੂਦ, ਉਹਨਾਂ ਮੁਗਲ ਔਰੰਗਜ਼ੇਬ ਦਾ ਸਿੱਧਾ ਸਾਹਮਣਾ ਕੀਤਾ।

ਗੁਰੂ ਸਾਹਿਬ ਦੇ ਬਚਪਨ ਦੀ ਗੱਲ ਕਰੀਏ ਤਾਂ ਉਹਨਾਂ ਦਾ ਜਨਮ ਨੌਵੇਂ ਗੁਰੂ, ਗੁਰੂ ਤੇਗ ਬਹਾਦਰ ਜੀ ਦੇ ਗ੍ਰਹਿ ਵਿਖੇ ਪਟਨਾ ਸਾਹਿਬ ਬਿਹਾਰ ਵਿੱਚ ਮਾਤਾ ਗੁੱਜਰੀ ਜੀ ਦੀ ਸੁਲੱਖਣੀ ਕੁੱਖ ਤੋਂ 22 ਦਸੰਬਰ 1666 ਈਸਵੀ ਨੂੰ ਹੋਇਆ । ਆਪ ਜੀ ਦੇ ਪ੍ਰਕਾਸ਼ ਦਿਹਾੜੇ ਸਮੇ ਪਿਤਾ ਗੁਰੂ ਤੇਗ ਬਹਾਦਰ ਜੀ ਸਿੱਖੀ ਦੇ ਪ੍ਰਚਾਰ ਲਈ ਆਸਾਮ ਅਤੇ ਬੰਗਾਲ ਦੇ ਲੰਮੇ ਦੌਰੇ ਤੇ ਨਿੱਕਲੇ ਹੋਏ ਸਨ। ਉਹਨਾਂ ਪੁੱਤਰ ਦੇ ਜਨਮ ਦੀ ਖ਼ੁਸ਼ਖ਼ਬਰੀ ਸੁਣਕੇ ਸਿੱਖਾਂ ਨੂੰ ਪਰਿਵਾਰ ਦੀ ਰੱਖਿਆ ਅਤੇ ਦੇਖ-ਭਾਲ਼ ਕਰਨ ਦਾ ਹੁਕਮਨਾਮਾ ਭੇਜਿਆ ਅਤੇ ਮਾਤਾ ਗੁੱਜਰੀ ਜੀ ਨੂੰ ਪੁੱਤਰ ਦਾ ਨਾਮ ਗੋਬਿੰਦ ਰਾਏ ਰੱਖਣ ਦਾ ਸੁਨੇਹਾ ਭੇਜਿਆ। ਜਨਮ ਉਪਰੰਤ ਆਪ ਜੀ ਦੇ ਦਰਸ਼ਨ ਕਰਨ ਲਈ ਮੁਸਲਿਮ ਫਕੀਰ ਪੀਰ ਭੀਖਣ ਸ਼ਾਹ ਜੀ ਲਖਨੌਰ ਤੋਂ ਚੱਲ ਕੇ ਆਏ। ਫਕੀਰ ਨੇ ਬਾਲ ਗੋਬਿੰਦ ਦੇ ਦਰਸ਼ਨ ਕਰਦਿਆਂ ਹੀ ਆਪ ਨੂੰ ਹਿੰਦੂ - ਮੁਸਲਮਾਨਾਂ ਦਾ ਸਾਂਝਾ "ਇਲਾਹੀ ਨੂਰ" ਆਖ ਕੇ ਸੁਲਾਹਿਆ। ਗੁਰੂ ਜੀ ਨੇ ਆਪਣੀ ਬਾਲ ਅਵਸਥਾ ਮਾਤਾ ਗੁੱਜਰੀ ਜੀ ਦੀ ਨਿੱਘੀ ਗੋਦ ਵਿੱਚ ਖੇਡ ਕੇ ਗੁਜ਼ਾਰੀ।

1672 ਵਿੱਚ, ਗੋਬਿੰਦ ਰਾਏ ਨੂੰ ਸ਼ਿਵਾਲਿਕ ਦੀਆਂ ਪਹਾੜੀਆਂ ਵਿੱਚ ਚੱਕ ਨਾਨਕੀ (ਅਨੰਦਪੁਰ ਸਾਹਿਬ) ਲਿਜਾਇਆ ਗਿਆ ਜਿੱਥੇ ਉਨ੍ਹਾਂ ਨੇ ਸੰਸਕ੍ਰਿਤ, ਪੰਜਾਬੀ, ਬ੍ਰਜ ਅਤੇ ਫਾਰਸੀ ਵਰਗੀਆਂ ਕਈ ਭਾਸ਼ਾਵਾਂ ਵਿੱਚ ਪੜ੍ਹਨ ਅਤੇ ਲਿਖਣ ਦੀ ਸ਼ੁਰੂਆਤੀ ਸਿੱਖਿਆ ਪ੍ਰਾਪਤ ਕੀਤੀ।

ਗੁਰੂ ਤੇਗ ਬਹਾਦਰ ਜੀ ਦੇ ਬਚਨਾਂ ਅਨੁਸਾਰ, ਉਨ੍ਹਾਂ ਦੀ ਸ਼ਹੀਦੀ ਤੋਂ ਬਾਅਦ, ਸਪੁੱਤਰ ਗੋਬਿੰਦ ਰਾਏ ਮਾਰਚ ਵਿਸਾਖੀ 1676 ਨੂੰ ਦਸਵੇਂ ਸਿੱਖ ਗੁਰੂ ਬਣੇ ਅਤੇ "ਗੁਰੂ ਗੋਬਿੰਦ ਸਿੰਘ" ਵੱਜੋਂ ਜਾਣੇ ਗਏ। ਦਸਵੇਂ ਗੁਰੂ ਸਾਹਿਬ ਬਣਨ ਤੋਂ ਬਾਅਦ ਵੀ ਆਪ ਜੀ ਦੀ ਪੜ੍ਹਨ-ਲਿਖਣਾ ਦੀ ਸਿੱਖਿਆ ਜਾਰੀ ਰਹੀ। ਨਾਲ ਹੀ ਆਪ ਜੰਗੀ ਕਲਾਵਾਂ ਜਿਵੇਂ ਕਿ ਤਲਵਾਰਬਾਜ਼ੀ, ਤੀਰਅੰਦਾਜ਼ੀ ਅਤੇ ਘੋੜ ਸਵਾਰੀ ਵਿੱਚ ਵੀ ਮੁਹਾਰਤ ਹਾਂਸਿਲ ਕਰਦੇ ਰਹੇ। ਗੁਰੂ ਸਾਹਿਬ ਕੁਦਰਤੀ ਤੌਰ 'ਤੇ ਕਾਵਿਕ ਰਚਨਾ ਵਿਚ ਅਮੀਰ ਸਨ ਅਤੇ ਉਨ੍ਹਾਂ ਨੇ ਜਾਪ ਸਾਹਿਬ, ਚੰਡੀ ਦੀ ਵਾਰ, ਅਕਾਲ ਉਸਤਤਿ, ਸਵੈਯਾਂ ਸਮੇਤ ਬਹੁਤ ਸਾਰੀਆਂ ਮਹਾਨ ਰਚਨਾਵਾਂ ਲਿਖੀਆਂ ਜੋ ਸਿੱਖ ਗ੍ਰੰਥਾਂ ਅਤੇ ਅਰਦਾਸਾਂ ਦੇ ਪਵਿੱਤਰ ਅੰਗ ਹਨ।

ਉਨ੍ਹਾਂ ਨੇ ਜ਼ਿਆਦਾਤਰ ਰਚਨਾਤਮਕ ਸਾਹਿਤ ਅਤੇ ਕਵਿਤਾਵਾਂ ਪਾਉਂਟਾ ਵਿੱਚ ਹੀ ਲਿਖੀਆਂ ਜਿੰਨਾ ਦੁਆਰਾ ਆਪ ਨੇ ਪਰਮਪਿਤਾ ਪ੍ਰਮਾਤਮਾ ਪ੍ਰਤੀ ਪਿਆਰ ਦਰਸਾਇਆ, ਆਪਸ ਵਿੱਚ ਭਾਈਚਾਰਾ ਅਤੇ ਸਮਾਨਤਾ ਦੀ ਸਿ ?ਖਿਆ ਦਿੱਤੀ, ਅਤੇ ਵਹਿਮਾਂ-ਭਰਮਾਂ ਅਤੇ ਅੰਧਵਿਸ਼ਵਾਸਾਂ ਤੋਂ ਦੂਰ ਰਹਿਣ ਦਾ ਪ੍ਰਚਾਰ ਕੀਤਾ। ਗੁਰੂ ਜੀ ਨੇ ਪਾਉਂਟਾ ਵਿਖੇ ਇੱਕ ਕਿਲ੍ਹਾ ਬਣਵਾਇਆ ਅਤੇ ਆਪਣੀ ਫੌਜ ਨੂੰ ਵਧਾਉਣਾ ਜਾਰੀ ਰੱਖਿਆ। ਆਪ ਜੀ ਲਗਭਗ ਤਿੰਨ ਸਾਲ ਪਾਉਂਟਾ ਵਿਖੇ ਰਹੇ ਅਤੇ ਬਹੁਤ ਸਾਰੇ ਗ੍ਰੰਥਾਂ ਦੀ ਰਚਨਾ ਕੀਤੀ।

ਗੁਰੂ ਗੋਬਿੰਦ ਸਿੰਘ ਜੀ ਦੀਆਂ ਤਿੰਨ ਪਤਨੀਆਂ ਸਨ। ਆਪ ਜੀ ਦਾ ਵਿਆਹ ਮਾਤਾ ਜੀਤੋ ਜੀ ਨਾਲ ਜੂਨ 1677 ਨੂੰ ਬਸੰਤਗੜ੍ਹ ਵਿਖੇ ਹੋਇਆ। ਉਨ੍ਹਾਂ ਦੇ ਤਿੰਨ ਪੁੱਤਰ ਸਨ- ਜੁਝਾਰ ਸਿੰਘ, ਜ਼ੋਰਾਵਰ ਸਿੰਘ ਅਤੇ ਫਤਿਹ ਸਿੰਘ। ਅਪ੍ਰੈਲ, 1684 ਨੂੰ ਆਪ ਜੀ ਦਾ ਵਿਆਹ ਮਾਤਾ ਸੁੰਦਰੀ ਨਾਲ ਹੋਇਆ, ਜਿਨ੍ਹਾਂ ਤੋਂ ਇਕ ਪੁੱਤਰ ਅਜੀਤ ਸਿੰਘ ਨੇ ਜਨਮ ਲਿਆ। ਅਪ੍ਰੈਲ 1700 ਵਿਚ ਆਪ ਜੀ ਦਾ ਵਿਆਹ ਮਾਤਾ ਸਾਹਿਬ ਦੀਵਾਨ ਜੀ ਨਾਲ ਹੋਇਆ। ਸਿੱਖ ਧਰਮ ਵਿੱਚ ਮਾਤਾ ਸਾਹਿਬ ਦੀਵਾਨ ਜੀ ਨੇ ਬਹੁਤ ਪ੍ਰਭਾਵਸ਼ਾਲੀ ਭੂਮਿਕਾ ਨਿਭਾਈ। ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਦੁਆਰਾ ਖਾਲਸੇ ਦੀ ਮਾਤਾ ਵਜੋਂ ਘੋਸ਼ਿਤ ਕੀਤਾ ਗਿਆ ਸੀ।

ਗੁਰੂ ਗੋਬਿੰਦ ਸਿੰਘ ਜੀ ਦੁਆਰਾ 1699 ਦੀ ਵਿਸਾਖੀ ਨੂੰ ਅਨੰਦਪੁਰ ਸਾਹਿਬ ਵਿਖੇ ਖਾਲਸਾ ਪੰਥ ਦੀ ਸਾਜਨਾ ਕੀਤੀ ਗਈ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਨੂੰ ਇਕੋ ਬਾਟੇ ਵਿਚੋਂ ਅੰਮ੍ਰਿਤ ਛਕਾਇਆ ਅਤੇ ਪਹਿਲੇ ਖ਼ਾਲਸਾ ਵਜੋਂ ਘੋਸ਼ਿਤ ਕੀਤਾ। ਆਪ ਜੀ ਨੇ ਫ਼ੇਰ, ਆਪਣੇ ਪੰਜ ਪਿਆਰਿਆਂ ਤੋਂ ਉਸੇ ਬਾਟੇ ਤੋਂ ਅੰਮ੍ਰਿਤ ਛਕਿਆ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੇ ਪੰਜ ਕੱਕਾਰਾਂ - ਕੇਸ਼, ਕੰਘਾ, ਕੜਾ, ਕਿਰਪਾਨ ਅਤੇ ਕਛਹਿਰਾ ਦੀ ਪਰੰਪਰਾ ਵੀ ਸ਼ੁਰੂ ਕੀਤੀ, ਜਿਸ ਨੂੰ ਖਾਲਸਾ ਸਿੱਖਾਂ ਨੂੰ ਹਰ ਸਮੇਂ ਪਹਿਨਣਾ ਜ਼ਰੂਰੀ ਹੈ ਆਪ ਜੀ ਨੇ ਸਾਰੇ ਸਿੱਖਾਂ ਨੂੰ ਨਾਮ ਤੋਂ ਬਾਅਦ "ਸਿੰਘ" (ਸ਼ੇਰ) ਅਤੇ ਔਰਤਾਂ ਲਈ ਕੌਰ ("ਰਾਜਕੁਮਾਰੀ ) ਉਪਨਾਮ ਦਿੱਤਾ। ਆਪ ਜੀ ਨੇ ਸਾਰਿਆਂ ਨੂੰ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ" ਨਾਲ ਇੱਕ ਦੂਜੇ ਨੂੰ ਨਮਸਕਾਰ ਕਰਨ ਲਈ ਕਿਹਾ।

ਸ਼ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੁਗਲ ਸਾਮਰਾਜ ਦੇ ਖਿਲਾਫ ਅਤੇ ਸ਼ਿਵਾਲਿਕ ਪਹਾੜੀਆਂ ਦੇ ਰਾਜਿਆਂ ਦੇ ਵਿਰੁੱਧ ਬਹੁਤ ਸਾਰੀਆਂ ਲੜਾਈਆਂ ਲੜੀਆਂ, ਜਿਨ੍ਹਾਂ ਵਿੱਚੋਂ ਕੁਝ ਦਾ ਜ਼ਿਕਰ ਹੇਠਾਂ ਦਿੱਤਾ ਗਿਆ ਹੈ।

ਭੰਗਾਣੀ ਦੀ ਲੜਾਈ (1689): ਆਪ ਜੀ ਨੇ ਬਿਲਾਸਪੁਰ ਦੇ ਰਾਜਾ ਭੀਮ ਚੰਦ ਵਿਰੁੱਧ ਜਿੱਤ ਪ੍ਰਾਪਤ ਕੀਤੀ।

ਨਾਦੌਣ ਦੀ ਲੜਾਈ (1690): ਰਾਜਾ ਭੀਮ ਚੰਦ ਦੀ ਬੇਨਤੀ ਦੇ ਜਵਾਬ ਵਿੱਚ, ਮੁਗਲਾਂ ਵਿਰੁੱਧ ਨਦੌਨ ਦੀ ਲੜਾਈ ਜਿੱਤੀ।

ਅਨੰਦਪੁਰ ਸਾਹਿਬ ਦੀ ਲੜਾਈ (1700): ਮੁਗਲਾਂ ਅਤੇ ਪਹਾੜੀ ਰਾਜਿਆਂ ਦੀਆਂ ਸਾਂਝੀਆਂ ਫ਼ੌਜਾਂ ਵਿਰੁੱਧ ਅਨੰਦਪੁਰ ਸਾਹਿਬ ਦੀ ਲੜਾਈ ਲੜੀ। ਲੰਮੀ ਘੇਰਾਬੰਦੀ ਤੋਂ ਬਾਅਦ ਗੁਰੂ ਜੀ ਨੇ ਆਨੰਦਗੜ੍ਹ ਕਿਲ੍ਹਾ ਛੱਡ ਦਿੱਤਾ।

ਚਮਕੌਰ ਦੀ ਲੜਾਈ (1703): ਗੁਰੂ ਜੀ ਦੇ ਨਾਲ ਚਾਲੀ ਸਿੱਖ ਹਜ਼ਾਰਾਂ ਦੁਸ਼ਮਣਾਂ ਨਾਲ ਬਹਾਦਰੀ ਨਾਲ ਲੜੇ, ਅਤੇ ਸ਼ਹੀਦ ਹੋ ਗਏ। ਗੁਰੂ ਜੀ ਦੇ ਦੋ ਵੱਡੇ ਪੁੱਤਰ (2 ਸਾਹਿਬਜ਼ਾਦੇ) ਵੀ ਇਸ ਲੜਾਈ ਵਿੱਚ ਲੜਦੇ ਸ਼ਹੀਦ ਹੋ ਗਏ।

ਮੁਕਤਸਰ ਦੀ ਲੜਾਈ (1703): ਅਨੰਦਪੁਰ ਸਾਹਿਬ ਨੂੰ ਛੱਡਣ ਵਾਲੇ ਚਾਲੀ ਸਿੱਖ ਗੁਰੂ ਜੀ ਕੋਲ ਵਾਪਸ ਆ ਗਏ ਅਤੇ ਮੁਗਲ ਫੌਜ ਦੇ ਵਿਰੁੱਧ ਉਸਦੀ ਰੱਖਿਆ ਵਿਚ ਲੜਦੇ ਹੋਏ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ। ਉਹ ਸ਼ਹੀਦ ਹੋ ਗਏ ਅਤੇ ਗੁਰੂ ਜੀ ਨੇ ਉਨ੍ਹਾਂ ਨੂੰ ਮੁਕਤਿਆਂ ਦੀ ਬਖਸ਼ਿਸ਼ ਕੀਤੀ।

ਗੁਰੂ ਗੋਬਿੰਦ ਸਿੰਘ ਦੇ ਚਾਰ ਪੁੱਤਰ, ਜਿਨ੍ਹਾਂ ਨੂੰ ਚਾਰ ਸਾਹਿਬਜ਼ਾਦੇ ਵਜੋਂ ਵੀ ਜਾਣਿਆ ਜਾਂਦਾ ਹੈ, ਉਹਨਾਂ ਦੇ ਜੀਵਨ ਕਾਲ ਦੌਰਾਨ ਸ਼ਹੀਦ ਹੋ ਗਏ ਸਨ। ਆਪ ਜੀ ਦੇ ਵੱਡੇ ਦੋ ਸਾਹਿਬਜ਼ਾਦਿਆਂ, ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ, ਦਸੰਬਰ 1704 ਵਿੱਚ ਚਮਕੌਰ ਦੀ ਮੁਗ਼ਲ ਫ਼ੌਜ ਦੇ ਖ਼ਿਲਾਫ਼ ਹੋਈ ਲੜਾਈ ਵਿੱਚ ਸ਼ਹੀਦ ਹੋਏ ਅਤੇ ਦੋ ਛੋਟੇ ਸਾਹਿਬਜ਼ਾਦਿਆਂ, ਸਾਹਿਬਜ਼ਾਦਾ ਫਤਿਹ ਸਿੰਘ ਅਤੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਨੂੰ, ਸਰਹਿੰਦ ਦੇ ਮੁਗਲ ਗਵਰਨਰ, ਵਜ਼ੀਰ ਖਾਨ ਦੁਆਰਾ ਇਸਲਾਮ ਕਬੂਲ ਕਰਨ ਤੋਂ ਇਨਕਾਰ ਕਰਨ ਕਰਕੇ ਜ਼ਿੰਦਾ ਕੰਧ ਵਿੱਚ ਚਿਣਵਾ ਕੇ ਸ਼ਹੀਦ ਕਰ ਦਿੱਤਾ ਗਿਆ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਅੰਤਿਮ ਦਿਨ ਨੰਦੇੜ ਵਿਖੇ ਬਿਤਾਏ। ਆਪਣੇ ਅਕਾਲ ਚਲਾਣੇ ਦਾ ਸਮਾਂ ਨੇੜੇ ਆਉਂਦਾ ਦੇਖ ਕੇ ਗੁਰੂ ਜੀ ਨੇ ਹੁਕਮ ਕੀਤਾ ਕਿ ਹੁਣ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਖਾਲਸਾ ਗੁਰੂ ਹਨ ਅਤੇ ਉਨ੍ਹਾਂ ਦੇ ਬਚਨਾਂ ਦੀ ਪਾਲਣਾ ਕੀਤੀ ਜਾਵੇ। ਸ਼ ?ਰੀ ਗੁਰੂ ਗ੍ਰੰਥ ਸਾਹਿਬ ਹੀ ਹਰ ਕਿਸੇ ਨੂੰ ਪਰਮਾਤਮਾ ਨਾਲ ਜੋੜਨਗੇ । ਆਪ ਜੀ ਅਕਤੂਬਰ 1708 ਈ: ਨੂੰ ਜੋਤੀ ਜੋਤ ਸਮਾ ਗਏ।

1708 ਵਿੱਚ, ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਕੌਮ ਲਈ ਇੱਕ ਸਦੀਵੀ ਅਧਿਆਤਮਿਕ ਆਗੂ ਦੀ ਲੋੜ ਨੂੰ ਸਵੀਕਾਰ ਕੀਤਾ ਅਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਿੱਖਾਂ ਦੇ ਸਦੀਵੀ ਗੁਰੂ ਵਜੋਂ ਘੋਸ਼ਿਤ ਕੀਤਾ। ਉਹਨਾਂ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਪ੍ਰਦਾਨ ਕੀਤੀ, ਇਸ ਗੱਲ ਦੀ ਪੁਸ਼ਟੀ ਕੀਤੀ ਕਿ ਇਹ ਸਿੱਖਾਂ ਲਈ ਸਦੀਵੀ ਮਾਰਗਦਰਸ਼ਕ ਰੋਸ਼ਨੀ ਵਜੋਂ ਕੰਮ ਕਰੇਗਾ, ਸਿੱਖ ਅਧਿਆਤਮਿਕ ਲੀਡਰਸ਼ਿਪ ਦੇ ਇੱਕ ਵਿਲੱਖਣ ਅਤੇ ਅਗਾਂਹਵਧੂ ਸੋਚ ਵਾਲੇ ਤੱਤ ਨੂੰ ਉਜਾਗਰ ਕਰੇਗਾ। ਜੋ ਸਾਨੂੰ ਸ਼ਬਦਰੂਪੀ ਰੂਪ ਵਿਚ ਪ੍ਰਾਪਤ ਹੋਇਆ।



# ਸਿੰਘੂ ਬਾਰਡਰ ਕਿਸਾਨੀ ਧਰਨੇ ’ਤੇ ਵਿਚਰਦਿਆਂ




ਪਿਛਲੇ 2-3 ਦਿਨਾਂ ਤੋਂ ਦਿੱਲੀ ਦੇ ਸਿੰਘੂ ਬਾਰਡਰ ਵਿਖੇ ਚੱਲ ਰਹੇ ਕਿਸਾਨ ਅੰਦੋਲਨ ’ਚ ਹਾਂ। ਦਿੱਲੀ ਦੀ ਜਰਨੈਲੀ ਸੜਕ ’ਤੇ ਮੇਲੇ ਵਰਗਾ ਮਾਹੌਲ ਹੈ। ਤੜਕੇ ਢਾਈ ਵਜੇ ਦੇ ਕਰੀਬ ਸੰਘਣੀ ਧੁੰਦ ’ਚ ਅੰਦੋਲਨ ਵਾਲੀ ਥਾਂ ’ਤੇ ਪਹੁੰਚ ਕੇ ਗੱਡੀ ਖੜਾਉਂਦੇ ਸਾਰ ਹੀ 4-5 ਨੌਜਵਾਨਾਂ ਨੇ ਬੜੇ ਸਤਿਕਾਰ ਸਹਿਤ ਚਾਹ ਦੇ ਕੱਪਾਂ ਨਾਲ ਸਾਡਾ ਸਵਾਗਤ ਕੀਤਾ। ਚਾਹ ਪੀਣ ਕੇ ਥੋੜ੍ਹੀ ਦੇਰ ਉਥੇ ਘੁੰਮਣ ਉਪਰੰਤ ਸੌਣ ਲਈ ਥਾਂ ਲੱਭਣ ਲੱਗੇ। ਮੋਦੀ ਸਰਕਾਰ ਖਿਲਾਫ ਤੇ ਕਿਸਾਨੀ ਸੰਘਰਸ਼ ਦੇ ਹੱਕ ’ਚ ਹਜ਼ਾਰਾਂ ਦੀ ਗਿਣਤੀ ’ਚ ਲਿਖੇ ਸਲੋਗਨਾਂ ਨਾਲ ਭਰੀਆਂ ਟਰੈਕਟਰ-ਟਰਾਲੀਆਂ, ਕਾਰਾਂ, ਸਕੂਟਰ-ਮੋਟਰ ਸਾਈਕਲਾਂ ਨਾਲ ਸੜਕ ਭਰੀ ਪਈ ਸੀ। ਥੋੜ੍ਹੀ ਅੱਗੇ ਜਾ ਕੇ ਦੇਖਿਆ ਕਿ ਨਿਹੰਗ ਸਿੰਘਾਂ ਦੇ ਇਕ ਜਥੇ ਨੇ ਇਕ ਪਾਰਕ ’ਚ ਆਪਣੇ ਘੋੜਿਆਂ ਸਮੇਤ ਡੇਰੇ ਲਗਾਏ ਹੋਏ ਸਨ, ਜਿਥੇ ਸਵੇਰੇ-ਸਵੇਰੇ ਇਲਾਹੀ ਬਾਣੀ ਦਾ ਕੀਰਤਨ ਹੋ ਰਿਹਾ ਸੀ। ਉਥੇ ਹੀ ਟੀਡੀਆਈ ਨਾਮਕ ਇਕ ਬਹੁਤ ਵੱਡਾ ਮਾਲ ਹੈ, ਅੰਦਰ ਜਾ ਕੇ ਦੇਖਿਆ ਕਿ ਬਹੁਤ ਸਾਰੇ ਕਿਸਾਨ ਉਥੇ ਸੁੱਤੇ ਪਏ ਸਨ। ਅਸੀਂ ਵੀ 3 ਵਜੇ ਦੇ ਕਰੀਬ ਇਕ ਕੰਬਲ ਵਿਛਾ ਉੱਤੇ ਖੇਸੀਆਂ ਲੈ ਕੇ ਉਥੇ ਹੀ ਸੌਂ ਗਏ। ਕਮਾਲ ਦੀ ਗੱਲ ਹੈ ਕਿ ਇਥੇ ਬੰਦ ਪਏ ਸ਼ੋਅਰੂਮਾਂ ਦੇ ਸਿਰਫ ਸੀਸ਼ਿਆਂ ਦੇ ਦਰਵਾਜੇ ਹੀ ਲਾਕ ਹਨ ਪਰ ਇਥੇ ਚੋਰੀ ਜਾਂ ਕਿਸੇ ਤਰਾਂ ਦੀ ਕੋਈ ਘਟਨਾ ਦੀ ਖਬਰ ਨਹੀਂ ਹੈ।

7 ਵਜੇ ਉੱਠ ਕੇ ਅੱਗੇ ਚਾਲੇ ਪਾ ਦਿੱਤੇ। ਇਸ ਸਮੇਂ ਤੱਕ ਵੀ ਪੂਰੀ ਧੁੰਦ ਛਾਈ ਹੋਈ ਸੀ। ਰਸਤੇ ’ਚ ਹਰ ਫਰਲਾਂਗ ’ਤੇ ਚਾਹ, ਬਰੈਡ ਪਕੌੜਿਆਂ, ਪਿੰਨੀਆਂ, ਮਿੱਸੀਆਂ ਰੋਟੀਆਂ, ਸਾਗ, ਬਦਾਮਾਂ, ਖੀਰ, ਜਲੇਬੀਆਂ, ਦਵਾਈਆਂ, ਕਿਤਾਬਾਂ, ਸ਼ਰਦਾਈਆਂ ਆਦਿ ਦੇ ਲੰਗਰ ਲੱਗੇ ਹੋਏ ਹਨ। ਇਸ ਤੋਂ ਇਲਾਵਾ ਮੋਬਾਈਲ ਚਾਰਜ਼ ਕਰਨ ਅਤੇ ਕੱਪੜੇ ਧੋਣ ਦੀ ਸੇਵਾ ਵੀ ਨਿਭਾਈ ਜਾ ਰਹੀ ਸੀ। ਉਥੇ ਮੌਜੂਦ ਹਰ ਨੌਜਵਾਨ, ਬਜ਼ੁਰਗ, ਔਰਤ ਤੇ ਬੱਚਾ ਉਤਸ਼ਾਹ ਨਾਲ ਭਰਿਆ ਪਿਆ ਸੀ, ਜਿਵੇਂ ਉਹ ਕਿਸੇ ਵਿਆਹ ’ਚ ਆਇਆ ਹੋਵੇ। ਟਰੈਕਟਰਾਂ ’ਤੇ ਜੋਸ਼ ਭਰਨ ਵਾਲੇ ਗੀਤ ਵੱਜ ਰਹੇ ਹਨ। ਪੰਜਾਬੀਆਂ ਤੋਂ ਇਲਾਵਾ ਇਥੇ ਹਰਿਆਣੇ ਦੇ ਕਿਸਾਨ ਆਪਣੇ ਹੁੱਕੇ ਬਾਲ ਕੇ ਧਰਨੇ ’ਤੇ ਬੈਠੇ ਹਨ। ਇਨ੍ਹਾਂ ਤੋਂ ਇਲਾਵਾ ਇਥੇ ਰਾਜਸਥਾਨ, ਤਾਮਿਲਨਾਡੂ, ਮੱਧ-ਪ੍ਰਦੇਸ਼ ਤੇ ਹੋਰ ਸੂਬਿਆਂ ਦੇ ਕਿਸਾਨ ਵੀ ਆਪੋ-ਆਪਣੇ ਢੰਗ ਨਾਲ ਖੇਤੀ ਬਿਲਾਂ ਦਾ ਵਿਰੋਧ ਕਰ ਰਹੇ ਹਨ। ਭਾਰਤੀ ਕਿਸਾਨ ਹੁਣ ਪੜ੍ਹ ਲਿਖ ਕੇ ਸੂਝਵਾਨ ਹੋ ਚੁੱਕਿਆ ਹੈ। ਜੋਸ਼ ਦੇ ਨਾਲ-ਨਾਲ ਹੋਸ਼ ਤੋਂ ਵੀ ਕੰਮ ਲਿਆ ਜਾ ਰਿਹਾ ਹੈ। ਨੌਜਵਾਨ ਬਜ਼ੁਰਗਾਂ ਦਾ ਖਿਆਲ ਰੱਖ ਰਹੇ ਹਨ। ਹਰ ਕੋਈ ਇਕ ਦੂਜੇ ਦੀ ਸਹਾਇਤਾ ਲਈ ਤੱਤਪਰ ਹੈ। ਇਥੇ ਲੱਗੀਆਂ ਸੱਥਾਂ ’ਚ ਕੋਈ ਰਾਜਨੀਤਿਕ ਨੇਤਾਵਾਂ ਵਲੋਂ ਚਲਾਈ ‘ਵੰਡੋ ਤੇ ਰਾਜ ਕਰੋ’ ਦੀ ਨੀਤੀ ਅਤੇ ਕੋਈ ਆਪਸੀ ਭਾਈਚਾਰੇ ਦੀਆਂ ਗੱਲਾਂ ਕਰ ਰਿਹਾ ਹੈ। ਕੋਈ ਹੋਰ ਹੀ ਜਜ਼ਬਾਤੀ ਜਿਹਾ ਮਾਹੌਲ ਸਿਰਜਿਆ ਹੋਇਆ ਹੈ ਜਿਵੇਂ ਸਭ ਵੈਰ-ਵਿਰੋਧ ਖਤਮ ਹੋ ਗਏ ਹੋਣ। ਕਿਸੇ ਪੁਰਾਣੀ ਫਿਲਮ ਦੀ ਕਹਾਣੀ ਵਾਂਗ ਲੱਗਦਾ ਹੈ ਜਿਵੇਂ ਕੁੱਲ ਕਾਇਨਾਤ ’ਚ ਪਿਆਰ ਦੀ ਫ਼ਿਜ਼ਾ ਘੁਲ ਗਈ ਹੋਵੇ। ਸਾਰੇ ਇਕ-ਦੂਜੇ ਦੀ ਹੌਸਲਾ-ਅਫ਼ਜ਼ਾਈ ਕਰਦੇ ਹੋਏ ਅੰਦੋਲਨ ਦੀ ਸਫ਼ਲਤਾ ਦੀ ਦੁਆ ਕਰ ਰਹੇ ਹਨ।

ਵਿਹਲੇ ਪਲਾਂ ’ਚ ਨੌਜਵਾਨ ਤਾਸ਼ ਵੀ ਖੇਡ ਰਹੇ ਹਨ। ਸੜਕ ਦੇ ਆਰ-ਪਾਰ ਰੱਸੀਆਂ ਬੰਨ ਕੇ ਕਿਸਾਨਾਂ ਨੇ ਕੱਪੜੇ ਸੁਕਣੇ ਪਾਏ ਹੋਏ ਹਨ। ਲੰਗਰ ’ਚ ਨੌਜਵਾਨ ਮੁੰਡੇ ਪ੍ਰਸ਼ਾਦੇ ਬਣਾ ਰਹੇ ਹਨ ਅਤੇ ਸਬਜੀਆਂ ਕੱਟ ਰਹੇ ਹਨ। ਕਿਧਰੇ ਕੋਈ ਦਵਾਈਆਂ ਦੀ ਸੇਵਾ ਨਿਭਾਆ ਰਿਹਾ ਹੈ, ਔਰਤਾਂ ਲਈ ਸੈਨੀਪੈਡ ਵੀ ਵੰਡੇ ਜਾ ਰਹੇ ਹਨ। ਦਿਨ ਚੜ੍ਹਦੇ ਤੱਕ ਹੋਰ ਵਾਹਨਾਂ ਦੀਆਂ ਕਤਾਰਾਂ ਲੱਗ ਗਈਆਂ ਹਨ। ਇਕ ਥਾਂ ’ਤੇ ਪ੍ਰਾਜੈਕਟਰ ਲਗਾ ਕੇ ਫਿਲਮ ਚੱਲ ਰਹੀ ਹੈ ਤੇ ਕਿਸ ਨੇ ਟਰਾਲੀ ’ਚ ਡਿਸ਼ ਵੀ ਲਗਾ ਰੱਖੀ ਹੈ। ਚਾਰੇ ਪਾਸੇ ਖੇਤੀ ਬਿਲ ਰੱਦ ਕਰਨ ਦੀ ਚਰਚਾ ਹੈ। ਇਕ ਨੌਜਵਾਨ ਅਖਬਾਰ ਵੰਡਣ ਦੀ ਸੇਵਾ ਨਿਭਾਅ ਰਿਹਾ ਹੈ। ਇਥੇ ਕੁਝ ਕੁ ਨੈਸ਼ਨਲ ਚੈਨਲਾਂ ਦਾ ਬਾਈਕਾਟ ਕੀਤਾ ਹੋਇਆ ਹੈ, ਜਿਸ ਸਦਕਾ ਸਥਾਨਕ ਮੀਡੀਆ ਸੁਰਖੀਆਂ ’ਚ ਹੈ ਅਤੇ ਲੋਕਲ ਚੈਨਲਾਂ ਦੀ ਭਰਮਾਰ ਹੈ। ਮੀਡੀਆ ਵਾਲੇ ਸਵੇਰ ਤੋਂ ਲੈ ਕੇ ਰਾਤ ਤੀਕਰ ਇਥੇ ਹੀ ਰਿਪੋਰਟਿੰਗ ਕਰ ਰਹੇ ਹਨ। ਵੈਸੇ ਨੈਸ਼ਨਲ ਚੈਨਲਾਂ ਲਈ ਇਹ ਬਹੁਤ ਵੱਡੀ ਕਵਰੇਜ਼ ਕਰਨ ਦਾ ਮੌਕਾ ਸੀ, ਜੇਕਰ ਉਹ ਇਮਾਨਦਾਰੀ ਨਾਲ ਸਾਰੀ ਤਸਵੀਰ ਪੇਸ਼ ਕਰ ਦਿਖਾਉਂਦੇ। ਕੇਂਦਰ ਸਰਕਾਰ ਦੇ ਇਸ਼ਾਰੇ ’ਤੇ ਅਖੌਤੀ ਗੋਦੀ ਮੀਡੀਆ ਕਿਸਾਨਾਂ ਨੂੰ ਅੱਤਵਾਦੀ ਦੱਸ ਰਿਹਾ ਹੈ ਪਰ ਉਥੇ ਪੰਜਾਬ ਦੇ ਹਰੇਕ ਪਿੰਡ ਦਾ ਕਿਸਾਨ ਬੈਠਾ ਹੈ। ਸ਼ੁਰੂ ’ਚ ਹਰਿਆਣੇ ਦੇ ਮੁੱਖ ਮੰਤਰੀ ਖੱਟਰ ਨੇ ਵੀ ਕਿਸਾਨਾਂ ਨੂੰ ਅੱਤਵਾਦੀ ਕਹਿਣ ਤੋਂ ਗੁਰੇਜ਼ ਨਹੀਂ ਕੀਤਾ ਪਰ ਜਦੋਂ ਹਰਿਆਣੇ ਦੇ ਕਿਸਾਨਾਂ ਨੇ ਵੀ ਅੰਦੋਲਨ ’ਚ ਸ਼ਮੂਲੀਅਤ ਕਰਦਿਆਂ ਇਸ ਦਾ ਵਿਰੋਧ ਕੀਤਾ ਤਾਂ ਕਿਤੇ ਜਾ ਕੇ ਉਹ ਚੁੱਪ ਹੋਇਆ। ਧਰਨੇ ਦੇ ਅਖੀਰ ’ਚ ਕਿਸਾਨ ਯੂਨੀਅਨ ਦੀ ਸਟੇਜ਼ ਲੱਗੀ ਹੋਈ ਹੈ, ਜਿਥੇ ਬੁਲਾਰੇ ਜੋਸ਼ ਭਰੀਆਂ ਤਕਰੀਰਾਂ ਨਾਲ ਖੇਤੀ ਬਿਲ ਰੱਦ ਕਰਨ ਦੀ ਮੰਗ ਕਰ ਰਹੇ ਹਨ। ਇਥੇ ਅੰਤਾਂ ਦਾ ਇਕੱਠ ਹੈ। ਕਲਾਕਾਰ, ਲੇਖਕ, ਬੁੱਧੀਜੀਵੀ ਤੇ ਕਿਸਾਨੀ ਨਾਲ ਸਬੰਧਤ ਹੋਰ ਲੋਕ ਸੰਬੋਧਨ ਕਰ ਰਹੇ ਹਨ। ਭਾਜਪਾ ਤੋਂ ਬਿਨਾਂ ਸਾਰੀਆਂ ਸਿਆਸੀ ਪਾਰਟੀਆਂ ਤੇ ਉਨ੍ਹਾਂ ਦੇ ਆਗੂਆਂ ਦੀ ਕਿਸਾਨੀ ਸੰਘਰਸ਼ ਨੂੰ ਹਮਾਇਤ ਹੈ। ਇਹ ਕਹਿਣ ’ਚ ਵੀ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਕਿਸਾਨਾਂ ਨੂੰ ਹਮਾਇਤ ਕਰਨਾ ਉਨ੍ਹਾਂ ਦੀ ਸਿਆਸੀ ਮਜ਼ਬੂਰੀ ਵੀ ਹੋ ਸਕਦੀ ਹੈ, ਕਿਉਂਕਿ ਇਥੇ ਕਿਸੇ ਵੀ ਸਿਆਸੀ ਪਾਰਟੀ ਦੇ ਆਗੂ ਨੂੰ ਸਟੇਜ਼ ’ਤੇ ਚੜ੍ਹਣ ਦੀ ਮਨਾਹੀ ਹੈ। ਹਾਂ ਉਹ ਚਾਹੇ ਤਾਂ ਕਿਸਾਨੀ ਦੇ ਝੰਡੇ ਹੇਠ ਕਿਸਾਨੀ ਦੀ ਗੱਲ ਕਰ ਸਕਦਾ ਹੈ। ਕਿਸਾਨ ਯੂਨੀਅਨਾਂ ਨੇ ਐਡਾ ਵੱਡਾ ਅੰਦੋਲਨ ਆਪਣੇ ਦਮ ’ਤੇ ਖੜਾ ਕੀਤਾ ਹੈ, ਜਿਸ ਕਾਰਨ ਕਿਤੇ ਨਾ ਕਿਤੇ ਸਿਆਸੀ ਆਗੂ ਤੇ ਸਿਆਸੀ ਪਾਰਟੀਆਂ ਆਪਣੇ ਭਵਿੱਖ ਨੂੰ ਲੈ ਕੇ ਚਿੰਤਤ ਹਨ। ਇਸ ਅੰਦੋਲਨ ’ਚੋਂ ਨਿਕਲੀ ਲਹਿਰ ਨੇ ਅੱਗੇ ਚੱਲ ਕੇ ਕਿਹੜਾ ਰੂਪ ਲੈਣਾ ਹੈ, ਇਸ ਬਾਬਤ ਹਾਲੇ ਕੁਝ ਨਹੀਂ ਕਿਹਾ ਜਾ ਸਕਦਾ।

**ਅਮਰਬੀਰ ਸਿੰਘ ਚੀਮਾ**
ਸਰਹਿੰਦ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ
ਮੋਬਾਈਲ ਨੰ: 9888940211

ਸਟੇਜ਼ ਵਾਲੀ ਥਾਂ ਲੰਘਣ ਉਪਰੰਤ ਨਿਹੰਗ ਸਿੰਘ ਤੰਬੂ ਲਾ ਕੇ ਬੈਠੇ ਹਨ। ਸੋਸ਼ਲ ਮੀਡੀਆ ਅਤੇ ਖਬਰਾਂ ’ਚ ਚਰਚਿਤ ਬਾਜ਼ ਵੀ ਇਸ ਥਾਂ ’ਤੇ ਹੀ ਬੈਠਾ ਹੈ। ਇਸ ਦੇ ਨਾਲ ਹੀ ਅੱਗੇ ਸੜਕ ’ਤੇ ਰੇਤੇ ਨਾਲ ਭਰੇ ਹੋਏ ਕੈਂਟਰ ਖੜੇ ਕੀਤੇ ਹਨ, ਤਾਂ ਜੋ ਕਿਸਾਨ ਜਥੇਬੰਦੀਆਂ ਇਸ ਥਾਂ ਤੋਂ ਅੱਗੇ ਨਾ ਜਾ ਸਕਣ। ਕੈਂਟਰਾਂ ਤੋਂ ਇਲਾਵਾ ਇਥੇ ਸੀਮਿੰਟ ਦੇ ਵੱਡੇ-ਵੱਡੇ ਬੈਰੀਗੇਡ ਅਤੇ ਕੰਡਿਆਲੀ ਤਾਰ ਲਗਾਈ ਹੋਈ ਹੈ, ਜਿਹੜੀ ਭਾਰਤ-ਪਾਕਿ ਸਰਹੱਦ ਦਾ ਭੁਲੇਖਾ ਪਾਉਂਦੀ ਹੈ। ਬੈਰੀਗੇਡਾਂ ਤੋਂ ਦੂਜੇ ਪਾਸੇ ਭਾਰੀ ਫੋਰਸ ਤਾਇਨਾਤ ਕੀਤੀ ਹੋਈ ਹੈ। ਸਿਰਫ ਪੈਦਲ ਲੰਘਣ ਲਈ ਥੋੜ੍ਹਾ ਜਿਹਾ ਰਸਤਾ ਛੱਡਿਆ ਹੋਇਆ ਹੈ, ਇਸ ਤੋਂ ਅੱਗੇ ਸੜਕ ਬਿਲਕੁਲ ਖਾਲੀ ਹੈ। ਨੇੜਲੇ ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਉਹ ਵੀ ਕਿਸਾਨ ਤੇ ਮਜ਼ਦੂਰ ਹੀ ਹਨ, ਜੇਕਰ ਕੁਝ ਦਿਨਾਂ ਦਾ ਨੁਕਸਾਨ ਸਹਿ ਕੇ ਇਸਦਾ ਸਾਰਥਤ ਹੱਲ ਨਿਕਲਦਾ ਹੈ ਤਾਂ ਸੌਦਾ ਸਸਤਾ ਹੀ ਹੈ। ਦੇਸ਼ ਦੇ ਹੋਰ ਹਿੱਸਿਆਂ ਦੇ ਕਿਸਾਨ ਇਸ ਪਾਸਿਓਂ ਵੀ ਆ ਰਹੇ ਹਨ ਪਰ ਉਹ ਜਿਆਦਾਤਰ ਦੂਜੇ ਬਾਰਡਰਾਂ ’ਤੇ ਬੈਠੇ ਹਨ। ਹੋਰ ਅੱਗੇ ਜਾਂਦਿਆਂ ਜੀ.ਟੀ. ਰੋਡ ’ਤੇ ਦਿੱਲੀ ਦੀ ਕੇਜਰੀਵਾਲ ਸਰਕਾਰ ਨੇ ਕਿਸਾਨਾਂ ਲਈ ਮੋਬਾਈਲ ਟਾਇਲਟ ਦੀ ਵਿਵਸਥਾ ਕੀਤੀ ਹੋਈ ਹੈ, ਜੋ ਕਿ ਚੰਗੀ ਗੱਲ ਹੈ ਪਰ ਹੋਰ ਚੰਗਾ ਹੁੰਦਾ ਜੇਕਰ ਇਹ ਸਹੂਲਤ ਬੈਰੀਗੇਡਾਂ ਤੋਂ ਪਹਿਲਾਂ ਧਰਨੇ ਵਾਲੇ ਪਾਸੇ ਹੁੰਦੀ।

ਇਸ ਅੰਦੋਲਨ ਦਾ ਨਤੀਜਾ ਭਾਵੇਂ ਜੋ ਵੀ ਹੋਵੇ ਪਰ ਯਕੀਨਨ ਕਿਸਾਨਾਂ ਦਾ ਇਹ ਸੰਘਰਸ਼ ਇਤਿਹਾਸ ਦੇ ਪੰਨਿਆਂ ’ਚ ਸੁਨਿਹਰੀ ਅੱਖਰਾਂ ਨਾਲ ਲਿਖਿਆ ਜਾਵੇਗਾ। ਕਿਸਾਨਾਂ ਦੇ ਜਨੂੰਨ, ਠਰੰਮੇ, ਹੌਂਸਲੇ ਤੇ ਸੂਝਬੂਝ ਤੋਂ ਲੱਗਦਾ ਹੈ ਕਿ ਉਨ੍ਹਾਂ ਦੀ ਜਿੱਤ ਲਾਜ਼ਮੀ ਹੈ ਬਸ਼ਰਤੇ ਏਕਾ ਬਣਿਆ ਰਹੇ, ਕੋਈ ਨੇਤਾ ਆਪਣਾ ਇਮਾਨ ਨਾ ਵੇਚੇ। ਕਿਉਂਕਿ ਸੰਘਰਸ਼ਾਂ ਦੀ ਮੁੱਢ ਤੋਂ ਤ੍ਰਾਸਦੀ ਰਹੀ ਕਿ ਨੇਤਾ ਆਪਣੀ ਜ਼ਮੀਰ ਮਾਰ ਕੇ ਅੰਦੋਲਨ ਨੂੰ ਵੇਚ ਦਿੰਦੇ ਹਨ ਤੇ ਜਿੱਤ ਦੇ ਨੇੜੇ ਹੋਣ ਦੇ ਬਾਵਜੂਦ ਹਾਰ ਕੇ ਪਰਤਣਾ ਪੈਂਦਾ ਹੈ। ਸਰਕਾਰ ਨੂੰ ਫੋਕੀ ਹੈਂਕੜ ਭਰੀ ਨੀਤੀ ਛੱਡ ਕੇ ਆਪਾਝਾਤ ਮਾਰਨ ਦੀ ਲੋੜ ਹੈ ਤਾਂ ਜੋ ਦੇਸ਼ ਦਾ ਅੰਨਦਾਤਾ ਹੋਰ ਸੜਕਾਂ ’ਤੇ ਨਾ ਰੁਲੇ। ਸੱਚੀਂ, ਸਲਾਮ ਐ ਕਿਸਾਨ ਦੇ ਸਬਰ, ਜਜ਼ਬੇ ਤੇ ਜਨੂੰਨ ਨੂੰ, ਜਿਸ ਦੇ ਚੱਲਦਿਆਂ ਦਿਨੋ-ਦਿਨ ਜਬਰ ’ਤੇ ਸਬਰ ਦੀ ਜਿੱਤ ਦਾ ਪ੍ਰਤੀਕ ਬਣਦਾ ਜਾ ਰਿਹਾ ਹੈ ਦਿੱਲੀ ਅੰਦੋਲਨ।

# ਆਪਣੇ ਆਪ ਨੂੰ ਪਹਿਚਾਣੋ


ਅੱਜ ਅਜਿਹਾ ਸਮਾਂ ਹੈ ਕਿ ਹਰ ਮਨੁੱਖ ਆਪਣੇ ਆਪ ਨੂੰ ਦੂਜਿਆਂ ਤੋਂ ਬਿਹਤਰ ਦਿਖਾਉਣਾ ਚਾਹੁੰਦਾ ਹੈ। ਹਰ ਇੱਕ ਇਨਸਾਨ ਦੀ ਖਾਹਿਸ ਹੈ ਕਿ ਉਹ ਦੂਜਿਆਂ ਦੀ ਨਜਰਾਂ ਵਿੱਚ ਅਜਿਹਾ ਬਣੇ ਕਿ ਸਭ ਪਾਸੇ ਉਸ ਦੀ ਮਹਿਮਾ ਦਾ ਗੁਣਗਾਣ ਹੋਵੇ। ਪਰ ਅਜਿਹਾ ਕਰਦੇ ਕਰਦੇ ਅਸੀਂ ਸਾਇਦ ਕਿਤੇ ਆਪਣਾ ਆਪ ਗੁਆ ਬੈਠਦੇ ਹਾਂ। ਦੂਜਿਆਂ ਲਈ ਚੰਗਾ ਬਣਦੇ ਬਣਦੇ ਸਾਡਾ ਅਸਲ ਰੂਪ ਗੁਆਚ ਜਾਂਦਾ ਹੈ। ਅਸੀਂ ਅਜਿਹਾ ਕਰਦੇ ਹੋਏ ਆਪਣੀ ਤੁਲਨਾ ਦੂਜਿਆਂ ਨਾਲ ਕਰਨਾ ਸ਼ੁਰੂ ਕਰ ਦਿੰਦੇ ਹਾਂ ਜੋ ਕਿ ਸਾਨੂੰ ਦੁੱਖ ਦਿੰਦੀ ਹੈ ਤੇ ਸਾਡੀ ਆਪਣੀ ਸਾਕਾਰਤਮਕ ਸ਼ਕਤੀ ਨੂੰ ਖਤਮ ਕਰ ਦਿੰਦੀ ਹੈ। ਤੁਲਨਾ ਦੁੱਖ ਉਪਜਾਉਂਦੀ ਹੈ, ਤੁਲਨਾ ਈਰਖਾ ਪੈਦਾ ਕਰਦੀ ਹੈ। ਤੁਲਨਾ ਹਿੰਸਾ ਦਾ ਕਾਰਨ ਬਣਦੀ ਹੈ। ਤੁਲਨਾ ਛੱਡੋ! ਇਸਦਾ ਕੋਈ ਅਰਥ ਨਹੀਂ ਹੈ। ਆਪਣੇ ਆਪ ਨੂੰ ਪੂਰਨ ਰੂਪ ਵਿੱਚ ਪਾਉਣ ਲਈ ਸਾਨੂੰ ਖੁਦ ਦੇ ਅੰਦਰ ਦੇਖਣ ਦੀ ਜਰੂਰਤ ਹੈ। ਜਦੋਂ ਅਸੀਂ ਇਸ ਚੀਜ ਦਾ ਅਹਿਸਾਸ ਕਰਨ ਲੱਗਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਸਾਡੇ ਅੰਦਰ ਹੀ ਕਿੰਨਾ ਵੱਡਾ ਖਜਾਨਾ ਹੈ ਜੋ ਕਿਸੇ ਹੋਰ ਨਾਲ ਤੁਲਨਾ ਕਰਨ ਤੇ ਨਹੀਂ ਮਿਲ ਸਕਦਾ। ਤੁਹਾਡੇ ਅੰਦਰ ਹੀ ਕਿੰਨੇ ਗੁਣ ਵਿਦਮਾਨ ਨੇ, ਤੁਹਾਡੇ ਅੰਦਰ ਕਿੰਨੀ ਕਾਬਲੀਅਤ ਹੈ ਜੋ ਕਿਸੇ ਹੋਰ ਵਿੱਚੋਂ ਨਹੀਂ ਲੱਭ ਸਕਦੀ। ਤੁਲਨਾ ਛੱਡ ਕੇ ਖੁਦ ਤੇ ਭਰੋਸਾ ਕਰਕੇ ਚੱਲੋ ਤੁਹਾਡਾ ਆਪਣਾ ਆਪ ਹੀ ਤੁਹਾਨੂੰ ਐਨੀ ਸ਼ਕਤੀ ਦੇਵੇਗਾ ਕਿ ਤੁਸੀਂ ਆਨੰਦਿਤ ਮਹਿਸੂਸ ਕਰੋਗੇ। ਆਪਣਾ ਆਪ ਖੋਜਣ ਨਾਲ ਮਨੁੱਖ ਨੂੰ ਆਪਣੇ ਮਨ ਦੀ ਸ਼ਕਤੀ ਦਾ ਅਹਿਸਾਸ ਹੁੰਦਾ ਹੈ। ਨਿੱਜ ਖੋਜਣ ਨਾਲ ਹੀ ਅਸਲੀ ਆਨੰਦ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਜਦੋਂ ਤੱਕ ਦੂਜਿਆਂ ਨਾਲ ਅਸੀਂ ਆਪਣੇ ਆਪ ਨੂੰ ਜੋੜਕੇ ਵੇਖਦੇ ਰਹਾਂਗੇ ਉਦੋਂ ਤੱਕ ਸਾਡਾ ਮਨ ਸਾਨੂੰ ਖੁਸ਼ੀ ਦੀ ਥਾਂ ਦੁੱਖ ਦਿੰਦਾ ਰਹੇਗਾ। ਦੂਜਿਆਂ ਤੋਂ ਲਗਾਈਆਂ ਆਸਾਂ ਸਾਡੇ ਮਨ ਨੂੰ ਦੁੱਖ ਪਹੁੰਚਾਉਂਦੀਆਂ ਹਨ, ਪਰ ਅਸਲ ਖੁਸ਼ੀ ਦੀ ਪ੍ਰਾਪਤੀ ਸਾਨੂੰ ਸਾਡੇ ਮਨ ਤੋਂ ਹੀ ਹੋ ਸਕਦੀ ਹੈ। ਸਾਡਾ ਆਪਣਾ ਨਿੱਜ ਹੀ ਸਾਨੂੰ ਅਸਲ ਖੁਸ਼ੀਆਂ ਦਿੰਦਾ ਹੈ। ਫਿਰ ਬਾਹਰਲੀਆਂ ਗੱਲਾਂ ਦਾ ਪ੍ਰਭਾਵ ਸਾਡੇ ਮਨ ਉਪਰ ਘਟ ਜਾਂਦਾ ਹੈ ਤੇ ਖੁਸ਼ੀਆਂ ਦੀਆਂ ਰੌਸ਼ਨੀਆਂ ਸਾਡੇ ਮਨ ਅੰਦਰ ਭਰ ਜਾਂਦੀਆਂ ਹਨ। ਅਸਲ ਵਿੱਚ ਸਾਨੂੰ ਆਪਣੀ ਅਸਲੀ ਮਨ ਦੀ ਤਾਕਤ ਆਪਣੇ ਆਪ ਨੂੰ ਖੋਜਣ ਵਿੱਚ ਹੀ ਲਗਾਉਣੀ ਚਾਹੀਦੀ ਹੈ ਦੂਜਿਆਂ ਤੋਂ ਆਸਾਂ ਲਗਾ ਕੇ ਜਾਂ ਦੂਜਿਆਂ ਨਾਲ ਤੁਲਨਾ ਕਰਕੇ ਆਪਣੇ ਆਪ ਨੂੰ ਦੁਖੀ ਨਹੀਂ ਕਰਨਾ ਚਾਹੀਦਾ ਬਲਕਿ ਖੁਦ ਅੰਦਰੋ ਆਪਣਾ ਆਪ ਪਹਿਚਾਣ ਕੇ ਖੁਦ ਨੂੰ ਮਜਬੂਤ ਤੇ ਆਨੰਦਿਤ ਬਣਾਉਣਾ ਚਾਹੀਦਾ ਹੈ।

**ਰਮਨਦੀਪ ਕੌਰ ਮੈਂਟਰ ਐਸ ਸੀ ਈ ਆਰ ਟੀ , ਪੰਜਾਬ**

# ਇੱਕ ਵਿਲੱਖਣ ਕਲਮ ਦਾ ਧਨੀ ਸੁਰਜੀਤ ਪਾਤਰ

ਦੁਨੀਆਂ ਤੇ ਅਨੇਕਾਂ ਕਲਮਾਂ ਆਈਆਂ ਕਈ ਕਲਮਾਂ ਦੇ ਮਾਲਕ ਕਲਮਾਂ ਰਾਂਹੀ ਆਪਣੇ ਨਾਮ ਦੀ ਅਮਿੱਟ ਛਾਪ ਛੱਡ ਗਏ ਤੇ ਉਹਨਾਂ ਦੇ ਨਾਵਾਂ ਨੂੰ ਲੋਕ ਸਦਾ ਹੀ ਯਾਦ ਕਰਦੇ ਰਹਿੰਦੇ ਹਨ। ਇਹਨਾਂ ਵਿਚੋਂ ਇੱਕ ਨਾਮ ਹੈ ਸੁਰਜੀਤ ਪਾਤਰ

ਜਿਸ ਦਾ ਜਨਮ ਸ੍ਰ. ਹਰਭਜਨ ਸਿੰਘ ਦੇ ਘਰ ਬੀਬੀ ਗੁਰਬਖ਼ਸ਼ ਕੌਰ ਦੀ ਕੁੱਖੋਂ ਪਿੰਡ ਪੱਤੜ ਕਲਾਂ ਜਿਲ੍ਹਾ ਜਲੰਧਰ ਵਿੱਚ 14 ਜਨਵਰੀ 1945 ਨੂੰ ਹੋਇਆ।



ਪਾਤਰ ਨੇ ਪ੍ਰਾਇਮਰੀ ਵਿੱਦਿਆ ਆਪਣੇ ਪਿੰਡ ਦੇ ਸਕੂਲ ਤੋਂ ਲਈ। ਖ਼ਾਲਸਾ ਹਾਈ ਸਕੂਲ ਖਹਿਰਾ ਮਝਾ ਤੋਂ ਦਸਵੀਂ ਜਮਾਤ ਪਾਸ ਕੀਤੀ। ਰਣਧੀਰ ਗੌਰਮਿੰਟ ਕਾਲਜ ਕਪੂਰਥਲਾ ਤੋਂ ਬੀ.ਏ ਅਤੇ ਪਟਿਆਲਾ ਯੂਨੀਵਰਸਿਟੀ ਤੋਂ ਐ.ਏ ਕੀਤੀ। ਸ਼ ?ਰੀ ਗੁਰੂ ਨਾਨਕ ਦੇਵ ਯੂਨੀਵਨਸਿਟੀ ਅੰਮ੍ਰਿਤਸਰ ਤੋਂ ਪੀ.ਐਚ.ਡੀ ਕੀਤੀ। ਇਹ ਆਪਣੇ ਨਾਮ ਦੇ ਮਗਰ ਪਿੰਡ ਦਾ ਨਾਮ ਪੱਤੜ ਲਿਖਦੇ ਸਨ ਇਹਨਾਂ ਆਪਣੇ ਅਧਿਆਪਕ ਅਤੇ ਉੱਘੇ ਨਾਟਕਕਾਰ ਸੁਰਜੀਤ ਸੇਠੀ ਦੇ ਕਹਿਣ ਤੇ ਪੱਤੜ ਪਾਤਰ ਵਿੱਚ ਬਦਲਾ ਲਿਆ। ਹਮੇਸ਼ਾਂ ਲਈ ਆਪਣਾ ਤਖ਼ੱਲਸ ਪਾਤਰ ਬਣਾ ਕੇ ਸੁਰਜੀਤ ਪਾਤਰ ਲਿਖਣ ਲੱਗ ਪਏ। ਪਾਤਰ ਦੀ ਪਤਨੀ ਭੁਪਿੰਦਰ ਕੌਰ ਹੈ ਜਿਸ ਦੀ ਕੁੱਖੋਂ ਦੋ ਪੁੱਤਰਾਂ ਅੰਕੁਰ ਅਤੇ ਮਨਰਾਜ ਨੇ ਜਨਮ ਲਿਆ।▼

ਸੁਰਜੀਤ ਪਾਤਰ ਜੁਲਾਈ 1971 ਵਿੱਚ ਬਾਬਾ ਬੁੱਢਾ ਜੀਬੀੜ ਸਾਹਿਬ (ਅੰਮ੍ਰਿਤਸਰ) ਕਾਲਜ ਵਿੱਚ ਪੰਜਾਬੀ ਦੇ ਲੈਕਚਰਰਾਰ ਲਗ ਗਏ। ਉਥੋਂ ਇਹਨਾਂ ਦਾ ਸੰਪਰਕ ਪ੍ਰੋਫ਼ੈਸਰ ਮੋਹਨ ਸਿੰਘ ਨਾਲ ਹੁੰਦਾ ਰਿਹਾ ਜੋ ਉਹਨਾਂ ਦਿਨਾਂ ਵਿਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਪੱਤਰਕਾਰੀ, ਭਸ਼ਾਵਾਂ ਅਤੇ ਸਭਿਆਚਾਰ ਵਿਭਾਗ ਵਿੱਚ ਪ੍ਰੋਫ਼ੈਸਰ ਐਮੇਰਿਟਸ ਸਨ। ਉਹਨਾਂ ਪਾਤਰ ਨੂੰ ਲੁਧਿਆਣੇ ਆਪਣੇ ਕੋਲ ਆਉਣ ਦਾ ਸੱਦਾ ਦੇ ਦਿੱਤਾ ਜਿਸ ਨੂੰ ਕਬੂਲਦਿਆਂ ਪਾਤਰ ਸਤੰਬਰ 1972 ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਭਸ਼ਾਵਾਂ, ਪੱਤਰਕਾਰੀ ਅਤੇ ਸਭਿਆਚਾਰ ਵਿਭਾਗ ਵਿੱਚ ਖੋਜ ਸਹਾਇਕ ਜਾ ਲੱਗੇ। ਇਸ ਵਿਭਾਗ ਵਿੱਚ ਹੀ 1975 ਨੂੰ ਪ੍ਰੋਫ਼ੈਸਰ ਨਿਯੁਕਤ ਹੋ ਗਏ। ਉਹ 30 ਅਪਰੈਲ 2004 ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਸੰਚਾਰ ਕੇਂਦਰ ਵਿਚੋਂ ਪ੍ਰੋਫ਼ੈਸਰ ਵਜੋਂ ਸੇਵਾ ਮੁਕਤ ਹੋਏ।

ਸੁਰਜੀਤ ਪਾਤਰ ਦੀਆਂ ਪਹਿਲੀਆਂ ਰਚਨਾਵਾਂ ਪ੍ਰੀਤ ਲੜੀ ਵਿੱਚ ਛਪੀਆਂ ਜਦ ਉਹ ਹਜੇ ਸਰਕਾਰੀ ਰਣਧੀਰ ਕਾਲਜ ਕਪੂਰਥਲੇ ਪੜ੍ਹਦਾ ਸੀ। ਉਹਨਾਂ ਦੇ ਕਾਵਿ ਸੰਗ੍ਰਹਿ ਹਵਾ ਵਿੱਚ ਲਿਖੇ ਹਰਫ਼ (1979), ਬਿਰਖ ਅਰਜ਼ ਕਰੇ(1992), ਹਨੇਰੇ ਵਿੱਚ ਸੁਲਗਦੀ ਵਰਨਮਾਲਾ(1992), ਲਫ਼ਜਾਂ ਦੀ ਦਰਗਾਹ(2003), ਪਤਝੜ ਦੀ ਪਜ਼ੇਬ, ਸੁਰ- ਜ਼ਮੀਨ (2007), ਚੰਨ ਸੂਰਜ ਦੀ ਵਹਿੰਗੀ।

ਵਾਰਤਕ- ਸੂਰਜ ਮੰਦਰ ਦੀਆਂ ਪੌੜੀਆਂ, ਇਹ ਬਾਤ ਨਿਰੀ ਏਨੀ ਹੀ ਨਹੀਂ(2022)

ਸੁਰਜੀਤ ਪਾਤਰ ਨੇ ਆਪਣੀ ਬਹੁਤੀ ਪੜ੍ਹਾਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਕੀਤੀ। ਦਲੀਪ ਕੌਰ ਟਿਵਾਣਾ ਵਰਗੇ ਸਿਰਕੱਢ ਸਾਹਿਤਕਾਰਾਂ ਦੀ ਸੰਗਤ ਕਰਨ ਦਾ ਮੌਕਾ ਮਿਲਦਾ ਰਿਹਾ।

ਪਾਤਰ ਨੂੰ ਪੰਜਾਬੀ ਸਾਹਿਤ ਅਕਾਦਮੀ ਪੁਰਸਕਾਰ1979 ਵਿਚ,ਸਾਹਿਤ ਅਕਾਦਮੀ ਪੁਰਸਕਾਰ 1993, ਸ਼ ?ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਆਨਰੇਰੀ ਡੀ ਲਿਟ ਦੀ ਉਪਾਧੀ 2010, ਪਦਮ ਸ਼ ?ਰੀ ਪੁਰਸਕਾਰ 2012, ਪੰਜਾਬੀ ਵਿਰਸਾ ਪਾਕਿਸਤਾਨ ਵਲੋਂ ਵਾਰਿਸ਼ ਸ਼ਾਹ ਇੰਟਰਨੈਸ਼ਨਲ ਐਵਾਰਡ 2022 ਵਿੱਚ ਮਿਲਿਆ।

ਉਹਨਾਂ ਕਨੇਡਾ, ਅਮਰੀਕਾ, ਆਸਟ ?ਰੇਲੀਆ, ਬ੍ਰਿਟੇਨ, ਕੀਨੀਆ ਅਤੇ ਨਿਊਜੀਲੈਂਡ ਵਿੱਚ ਕਰਵਾਏ ਗਏ ਸਾਹਿਤਕ ਪ੍ਰੋਗਰਾਮਾਂ ਵਿੱਚ ਭਾਗ ਲਿਆ।

ਬਹੁਤ ਨਰਮ ਸੁਭਾਹ ਅਤੇ ਮਿੱਠਾ ਬੋਲਣ ਵਾਲੇ ਉੱਚਕੋਟੀ ਦੇ ਸ਼ੇਅਰ ਸੁਰਜੀਤ ਪਾਤਰ 11 ਮਈ 2024 ਨੂੰ 79 ਸਾਲ ਦੀ ਉੱਮਰ ਵਿੱਚ ਆਪਣੇ ਰਹਾਇਸ਼ੀ ਘਰ ਲੁਧਿਆਣਾ ਵਿਖੇ ਦਿਲ ਦਾ ਦੌਰਾ ਪੈਣ ਕਾਰਨ ਸਾਨੂੰ ਅਲਵਿਦਾ ਆਖ ਗਏ । ਉਹ ਉਸ ਸਮੇਂ ਪੰਜਾਬ ਕਲਾ ਪ੍ਰੀਸ਼ਦ ਚੰਡੀਗ ?ਹੜ ਦੇ ਚੇਅਰਮੈਨ ਸਨ। ਸਾਨੂੰ ਉਨ੍ਹਾਂ ਦੀ ਯਾਦ ਹਮੇਸ਼ਾਂ ਰੜਕਦੀ ਰਹੇਗੀ।

ਅਸੀਂ ਵੀ ਅੰਤ ਕਿਰ ਕੇ ਖ਼ਾਦ ਹੋਣਾ
ਕਦੀ ਸਾ ਫੁੱਲ ਕਿਸ ਨੂੰ ਯਾਦ ਹੋਣਾ।

-------

ਉਦੋਂ ਸਮਝਣਗੇ ਲੋਕੀ ਦਿਲ ਦੀ ਅੱਗ ਨੂੰ
ਸਿਵੇ ਵਿੱਚ ਜਦ ਇਹਦਾ ਅਨੁਵਾਦ ਹੋਣਾ।

**ਸੁਖਵਿੰਦਰ ਸਿੰਘ ਮੁੱਲਾਂਪੁਰ**
ਵ.ਅੱਪ +91 9914184794



**ਮਾਣਯੋਗ ਅਦਾਲਤ ਵਲੋਂ ਜਾਰੀ ਹੋਏ ਫੁਰਮਾਨ ਦੇ ਮੁਤਾਬਿਕ ਇਕ ਕੁੜੀ ਜਾਂ ਫਿਰ ਮੁੰਡੇ ਦੀ ਉਮਰ ਘੱਟ ਹੈ ਅਤੇ ਉਨ੍ਹਾਂ ਦਾ ਮਾਂ ਬਾਪ ਵਿਆਹ ਕਰ ਰਿਹਾ ਹੈ ਤਾਂ ਅਦਾਲਤੀ ਹੁਕਮਾਂ ਮੁਤਾਬਿਕ ਦੋਵਾਂ ਦੇ ਮਾਪਿਆਂ ਖਿਲਾਫ ਮਾਮਲਾ ਦਰਜ ਕੀਤਾ ਜਾ ਸਕਦਾ ਹੈ। ਬਾਲ ਵਿਆਹ ਕਰਕੇ ਵੈਸੇ ਤਾਂ ਮੁੰਡਾ ਅਤੇ ਕੁੜੀ ਦੋਹਾਂ ਦਾ ਹੀ ਮਾਨਸਿਕ ਅਤੇ ਸਰੀਰਕ ਵਿਕਾਸ ਠੀਕ ਢੰਗ ਨਾਲ ਨਹੀਂ ਹੋ ਪਾਉਂਦਾ, ਕਿਉਂਕਿ ਜਿਹੜੀ ਉਮਰ ਉਨ੍ਹਾਂ ਦੀ ਜ਼ਿੰਦਗੀ ਪ੍ਰਤੀ ਸਿੱਖਣ ਦੀ ਹੁੰਦੀ ਹੈ ਉਸ ਨੂੰ ਅਖੌਤੀ ਵਿਆਹ ਬੰਧਨ ਵਿਚ ਬੰਨ ਦਿੱਤਾ ਜਾਂਦਾ ਹੈ।**

# ਆਖਿਰ 21ਵੀਂ ਸਦੀ 'ਚ ਕਦੋਂ ਰੁਕਣਗੇ ਬਾਲ ਵਿਆਹ

ਭਾਰਤ ਆਬਾਦੀ ਦੇ ਪੱਖੋਂ ਕਾਫੀ ਜ਼ਿਆਦਾ ਅੱਗੇ ਵੱਧ ਚੁੱਕਾ ਹੈ, ਪਰ ਚੀਨ ਨਾਲੋਂ ਭਾਰਤ ਦੀ ਆਬਾਦੀ ਘੱਟ ਹੈ। ਭਾਰਤ ਵਿਚ ਦਿਨ ਪ੍ਰਤੀ ਦਿਨ ਵੱਧ ਰਹੀ ਆਬਾਦੀ ਜਿਥੇ ਬੇਰੁਜ਼ਗਾਰਾਂ ਵਿਚ ਵਾਧਾ ਕਰ ਰਹੀ ਹੈ, ਉਥੇ ਹੀ ਧਰਤੀ 'ਤੇ ਖਾਣ ਵਾਲੀਆਂ ਵਸਤਾਂ ਵੀ ਘੱਟਦੀਆਂ ਜਾ ਰਹੀਆਂ ਹਨ। ਆਬਾਦੀ ਵੱਧਣ ਦੇ ਕਾਰਨ ਹੁਣ ਮਾਪੇ ਵੀ ਆਪਣੇ ਬੱਚਿਆਂ ਦੇ ਛੇਤੀ ਛੇਤੀ ਵਿਆਹ ਕਰਨ ਬਾਰੇ ਸੋਚ ਰਹੇ ਹਨ। ਕਿਉਂਕਿ ਜਿਸ ਹਿਸਾਬ ਨਾਲ ਆਬਾਦੀ ਅਤੇ ਪ੍ਰਦੂਸ਼ਣ ਵੱਧ ਰਿਹਾ ਹੈ, ਨਵੀਂ ਪੀੜ੍ਹੀ ਨਿੱਕੀ ਉਮਰੇ ਹੀ ਖਤਮ ਹੁੰਦੀ ਜਾ ਰਹੀ ਹੈ। ਭਾਰਤ ਵਿਚ ਦਿਨ ਪ੍ਰਤੀ ਦਿਨ ਵੱਧ ਰਹੇ ਪ੍ਰਦੂਸ਼ਣ ਦੇ ਕਾਰਨ ਜਿਥੇ ਨਵ ਜਨਮੇ ਬੱਚਿਆਂ ਦੀ ਸਿਹਤ 'ਤੇ ਮਾੜਾ ਅਸਰ ਪੈ ਰਿਹਾ ਹੈ, ਉਥੇ ਹੀ ਆਮ ਲੋਕ ਵੀ ਬਿਮਾਰ ਹੁੰਦੇ ਜਾ ਰਹੇ ਹਨ। ਆਬਾਦੀ ਦੇ ਪੱਖੋ ਤਾਂ ਭਾਰਤ ਚੀਨ ਤੋਂ ਪਿੱਛੇ ਹੈ, ਪਰ ਬਾਲ ਵਿਆਹਾਂ ਦੇ ਮਾਮਲੇ ਵਿਚ ਭਾਰਤ ਕਾਫੀ ਜ਼ਿਆਦਾ ਅੱਗੇ ਲੰਘ ਚੁੱਕਿਆ ਹੈ। ਪਿਛਲੇ ਸਮੇਂ ਇਕ ਅਖਬਾਰ ਵਿਚ ਛਪੀ ਰਿਪੋਰਟ ਦੇ ਮੁਤਾਬਿਕ ਬਾਲ ਵਿਆਹਾਂ ਦੇ ਮਾਮਲੇ ਵਿੱਚ ਭਾਰਤ 6ਵੇਂ ਨੰਬਰ 'ਤੇ ਹੈ। ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ ਵਿੱਚ ਹੋਏ ਖੁਲਾਸੇ ਦੇ ਮੁਤਾਬਿਕ ਦੱਖਣੀ ਏਸ਼ੀਆ ਅਤੇ ਸਬ-ਸਹਾਰਾ ਅਫਰੀਕਾ ਵਿੱਚ ਇਹ ਪਿਰਤ ਆਮ ਹੈ ਅਤੇ ਬਾਲ ਵਿਆਹਾਂ ਦੀ ਉੱਚ ਦਰ ਕਾਰਨ ਭਾਰਤ ਇਸ ਪੱਖੋਂ ਚੋਟੀ ਦੇ 10 ਮੁਲਕਾਂ ਵਿੱਚ ਸ਼ੁਮਾਰ ਹੈ। ਤਾਜ਼ਾ ਰਿਪੋਰਟ ਦੇ ਮੁਤਾਬਿਕ ਬਾਲ ਵਿਆਹਾਂ ਦਾ ਖ਼ਾਤਮਾ-ਪ੍ਰਗਤੀ ਤੇ ਵੱਖ-ਵੱਖ ਪਹਿਲੂ ਵਿੱਚ ਕਿਹਾ ਗਿਆ ਹੈ ਕਿ ਦੱਖਣੀ ਏਸ਼ੀਆ ਵਿੱਚ ਵਿਸ਼ਵ ਭਰ ਦੀਆਂ ਲਗਪਗ ਅੱਧੀਆਂ (42 ਫੀਸਦੀ) ਬਾਲ ਵਿਆਹੁਤਾ ਹਨ। ਭਾਰਤ ਵਿਚ ਦੁਨੀਆਂ ਦੀਆਂ ਇਕ ਤਿਹਾਈ ਬਾਲ ਵਿਆਹੁਤਾ ਹਨ। ਦੂਜੇ ਪਾਸੇ ਜੇਕਰ ਆਪਾ ਮਾਣਯੋਗ ਅਦਾਲਤਾਂ ਵਲੋਂ ਜਾਰੀ ਕੀਤੇ ਜਾਂਦੇ ਹੁਕਮਾਂ ਦੀ ਮੰਨੀਏ ਤਾਂ ਪਿਛਲੇ ਸਮੇਂ ਦਿੱਲੀ ਦੀ ਇਕ ਅਦਾਲਤ ਨੇ ਬਾਲ ਵਿਆਹ ਨੂੰ ਬਲਾਤਕਾਰ ਤੋਂ ਭੈੜੀ ਸਮਾਜਿਕ ਬੁਰਾਈ ਦੱਸਿਆ ਸੀ ਅਤੇ ਅਦਾਲਤ ਨੇ ਇਸ ਨੂੰ ਸਮਾਜ ਵਿਚੋਂ ਬਿਲਕੁੱਲ ਮਿਟਾਉਣ ਲਈ ਵੱਖ ਵੱਖ ਵਿਭਾਗਾਂ ਅਤੇ ਸਰਕਾਰਾਂ ਨੂੰ ਨਿਰਦੇਸ਼ ਜਾਰੀ ਕੀਤੇ ਸਨ। ਮਾਣਯੋਗ ਅਦਾਲਤ ਵਲੋਂ ਜਾਰੀ ਹੋਏ ਫੁਰਮਾਨ ਦੇ ਮੁਤਾਬਿਕ ਇਕ ਕੁੜੀ ਜਾਂ ਫਿਰ ਮੁੰਡੇ ਦੀ ਉਮਰ ਘੱਟ ਹੈ ਅਤੇ ਉਨ੍ਹਾਂ ਦਾ ਮਾਂ ਬਾਪ ਵਿਆਹ ਕਰ ਰਿਹਾ ਹੈ ਤਾਂ ਅਦਾਲਤੀ ਹੁਕਮਾਂ ਮੁਤਾਬਿਕ ਦੋਵਾਂ ਦੇ ਮਾਪਿਆਂ ਖਿਲਾਫ ਮਾਮਲਾ ਦਰਜ ਕੀਤਾ ਜਾ ਸਕਦਾ ਹੈ। ਬਾਲ ਵਿਆਹ ਕਰਕੇ ਵੈਸੇ ਤਾਂ ਮੁੰਡਾ ਅਤੇ ਕੁੜੀ ਦੋਹਾਂ ਦਾ ਹੀ ਮਾਨਸਿਕ ਅਤੇ ਸਰੀਰਕ ਵਿਕਾਸ ਠੀਕ ਢੰਗ ਨਾਲ ਨਹੀਂ ਹੋ ਪਾਉਂਦਾ, ਕਿਉਂਕਿ ਜਿਹੜੀ ਉਮਰ ਉਨ੍ਹਾਂ ਦੀ ਜ਼ਿੰਦਗੀ ਪ੍ਰਤੀ ਸਿੱਖਣ ਦੀ ਹੁੰਦੀ ਹੈ ਉਸ ਨੂੰ ਅਖੌਤੀ ਵਿਆਹ ਬੰਧਨ ਵਿਚ ਬੰਨ ਦਿੱਤਾ ਜਾਂਦਾ ਹੈ। ਪਰ ਕੁੜੀਆਂ ਲਈ ਇਹ ਪਰੰਪਰਾ ਕਿਸੇ ਡਰਾਉਣੇ ਸੁਪਨੇ ਤੋਂ ਘੱਟ ਨਹੀਂ ਹੁੰਦੀ। ਵੇਖਿਆ ਜਾਵੇ ਤਾਂ ਬਾਲ ਵਿਆਹ ਵਿਚ ਕੁੜੀ ਨੂੰ ਅਹਿਸਾਸ ਵੀ ਨਹੀਂ ਹੁੰਦਾ ਕਿ ਉਹ ਕਿਸ ਬੰਧਨ ਵਿਚ ਬੱਝਣ ਜਾ ਰਹੀ ਹੈ। ਸਰਕਾਰੀ ਰਿਪੋਰਟਾਂ ਦੇ ਮੁਤਾਬਿਕ ਦੁਨੀਆਂ ਭਰ ਵਿਚ ਰਹਿੰਦੀਆਂ 70 ਕਰੋੜ ਤੋਂ ਵੱਧ ਔਰਤਾਂ ਬਾਲ ਉਮਰੇ ਜਾਂ 18 ਸਾਲ ਤੋਂ ਪਹਿਲੋਂ ਵਿਆਹੀਆਂ ਗਈਆਂ ਹਨ। ਬਾਲ ਵਿਆਹ ਦੀ ਗੱਲ ਜੇਕਰ ਭਾਰਤ ਦੇ ਸੂਬੇ ਪੰਜਾਬ ਦੀ ਕਰੀਏ ਤਾਂ ਇਥੇ ਵੀ ਰੋਜ਼ਾਨਾਂ ਹੀ ਕਿਸੇ ਨਾਲ ਕਿਸੇ ਕਸਬੇ, ਪਿੰਡ ਜਾਂ ਫਿਰ ਸ਼ਹਿਰ ਵਿਚ ਬਾਲ ਵਿਆਹ ਹੋ ਰਹੇ ਹਨ। ਰਿਪੋਰਟਾਂ ਦੇ ਮੁਤਾਬਿਕ ਜ਼ਿਆਦਾਤਰ ਬਾਲ ਵਿਆਹ ਰਾਜਸਥਾਨ ਅਤੇ ਗੁਜ਼ਰਾਤ ਵਰਗੇ ਰਾਜਾਂ ਵਿਚ ਹੁੰਦੇ ਹਨ, ਜਿਨ੍ਹਾਂ ਵਿਚ ਪਿਛਲੇ ਲੰਮੇ ਸਮੇਂ ਤੋਂ ਚੱਲੀ ਆ ਰਹੀ ਰੀਤ ਦੇ ਮੁਤਾਬਿਕ ਉਥੇ ਬਾਲ ਵਿਆਹ ਕੀਤੇ ਜਾਂਦੇ ਹਨ। ਦੂਜੇ ਪਾਸੇ ਜੇਕਰ ਆਪਾ ਕੁਝ ਸਮਾਂ ਪਹਿਲੋਂ ਅਖਬਾਰ ਵਿਚ ਛਪੇ ਇਕ ਲੇਖ ਦੇ ਮੁਤਾਬਿਕ ਮੰਨੀਏ ਤਾਂ ਸਮਾਜ ਔਰਤ ਨੂੰ ਜਗੀਰੂ ਕਦਰਾਂ ਕੀਮਤਾਂ ਦੇ ਨਾਂਅ 'ਤੇ ਉਸ ਦਾ ਸੰਸਾਰ ਨਜ਼ਰੀਆ ਸੀਮਤ ਅਤੇ ਗੁਲਾਮ ਬਣਾਉਣ ਅਤੇ ਆਪਣੇ ਹਿੱਤਾਂ ਲਈ ਔਰਤ ਨੂੰ ਹਮੇਸ਼ਾਂ ਹੀ ਦਰਿੰਦਿਆਂ ਦੀ



ਬਰਾਬਰਤਾ 'ਤੇ ਅਣਮਨੁੱਖਤਾ ਦਾ ਸ਼ਿਕਾਰ ਬਣਾਉਂਦਾ ਆ ਰਿਹਾ ਹੈ। ਜੇਕਰ ਆਪਾ ਮੱਧਕਾਲ ਦੀ ਗੱਲ ਕਰੀਏ ਤਾਂ ਤੁਸੀਂ ਮੱਧਕਾਲ ਦੇ ਸਮੇਂ ਦਾਜ ਪ੍ਰਥਾ, ਸਤੀ ਪ੍ਰਥਾ ਜਾਂ ਹੋਰ ਧਰਮ ਕਾਂਡਾਂ ਦੇ ਚਲਦੇ ਔਰਤਾਂ ਨੂੰ ਬਲੀ ਜਾਂ ਮਾਰ ਦੇਣ ਬਾਰੇ ਪੜ੍ਹਿਆ ਜਾਂ ਸੁਣਿਆ ਜਰੂਰ ਹੋਵੇਗਾ। ਪਰ, ਇਸ ਸਮੇਂ ਵੀ ਔਰਤਾਂ ਨੂੰ ਜਗੀਰੂ ਕਦਰਾਂ ਕੀਮਤਾਂ ਦੇ ਨਾਂ 'ਤੇ ਸੰਸਾਰ ਭਰ ਵਿਚ ਬਾਲ ਵਿਆਹ ਦੇ ਨਾਂ 'ਤੇ ਉਨ੍ਹਾਂ ਦੀ ਜ਼ਿੰਦਗੀ ਦੀ ਬਲੀ ਦਿੱਤੀ ਜਾਂਦੀ ਹੈ।



ਮੱਧ ਪੂਰਬ, ਅਫਰੀਕਾ, ਸਾਊਥ ਏਸ਼ੀਆ ਅਤੇ ਭਾਰਤ ਔਰਤਾਂ ਨੂੰ ਜਗੀਰੂ ਕਦਰਾਂ ਕੀਮਤਾਂ ਵਿਚ ਬੰਨਣ ਲਈ ਸਭ ਤੋਂ ਮੂਹਰੇ ਹਨ। ਜੇਕਰ ਯੂਨੀਸੈਫ (ਯੂਨਾਈਟਿਡ ਨੇਸ਼ਨਸ ਆਫ.ਚਿਲਡਰਨ ਏਮਰਜੰਸੀ ਫੰਡ) ਦੀ ਰਿਪੋਰਟ ਦੀ ਮੰਨੀਏ ਤਾਂ ਬੰਗਲਾਦੇਸ਼ ਦਾ ਪਹਿਲਾ ਅਤੇ ਭਾਰਤ ਦਾ ਦੂਜਾ ਸਥਾਨ ਹੈ। ਭਾਰਤ ਵਿਚ ਉਝ ਤਾਂ ਹਰ ਰਾਜ ਵਿਚ ਲਗਭਗ ਬਾਲ ਵਿਆਹ ਦੇ ਨਾਂ 'ਤੇ ਨਿੱਕੀਆਂ ਜਿੰਦਾਂ ਦੀ ਜ਼ਿੰਦਗੀ ਦਾ ਮਕਸਦ ਸਿਰਫ ਵਿਆਹ ਬਣਾ ਦੇਣਾ ਜਾਰੀ ਹੈ। ਪਰ ਭਾਰਤ ਦੇ ਉੱਤਰ ਪ੍ਰਦੇਸ਼, ਰਾਜਸਥਾਨ, ਬਿਹਾਰ, ਝਾਰਖੰਡ, ਪੱਛਮ ਬੰਗਾਲ, ਗੁਜਰਾਜ, ਮੱਧ ਪ੍ਰਦੇਸ਼ ਆਦਿ ਰਾਜ ਬਾਲ ਵਿਆਹ ਦੇ ਲਈ ਸਭ ਤੋਂ ਅੱਗੇ ਹਨ। ਵੇਖਿਆ ਜਾਵੇ ਤਾਂ ਅੱਜ 21ਵੀਂ ਸਦੀ ਵਿਚ ਵਿਆਹ ਦੋ ਮਨੁੱਖਾਂ ਦਾ ਆਜ਼ਾਦ ਰਿਸ਼ਤਾ ਹੋਣਾ ਚਾਹੀਦਾ ਹੈ। ਪਰ ਭਾਰਤ ਵਰਗੇ ਪੱਛੜੇ ਦੇਸ਼ ਵਿਚ ਅਜੇ ਜਗੀਰੂ ਰਹਿੰਦ ਖੂੰਹਦ ਜੜ ਜਮਾਏ ਹੋਣ ਕਰਕੇ ਬਾਲ ਵਿਆਹ ਵਰਗਾ ਅਣਮਨੁੱਖੀ ਵਪਾਰ ਵੀ ਸ਼ਰੇਆਮ ਹੋ ਰਿਹਾ ਹੈ। ਵੇਖਿਆ ਜਾਵੇ ਤਾਂ ਅੱਜ ਸਰਕਾਰ ਵਲੋਂ ਭਾਵੇਂ ਅਜਿਹੇ ਕਈ ਕਾਨੂੰਨ ਬਣਾ ਦਿੱਤੇ ਗਏ (ਬਾਲ ਵਿਆਹ ਰੋਕਥਾਮ ਬਿੱਲ 1998, ਬਾਲ ਵਿਆਹ ਰੋਕਥਾਮ ਬਿਲ 2006 ਆਦਿ) ਹਨ, ਜੋ ਔਰਤਾਂ ਦੀ ਅਜ਼ਾਦੀ ਜਾਂ ਇਨ੍ਹਾਂ ਪੱਛੜੀਆਂ ਹੋਈਆਂ ਕਦਰਾਂ ਕੀਮਤਾਂ ਨੂੰ ਬੰਨ ਲਾਉਣ ਲਈ ਸਵਿਧਾਨ ਵਿਚ ਦਰਜ਼ ਹਨ।

ਜਿਨ੍ਹਾਂ ਅਨੁਸਾਰ ਬਾਲ ਵਿਆਹ ਕਰਨ ਜਾਂ ਕਰਾਉਣ ਵਾਲ਼ੇ ਨੂੰ ਜੇਲ ਜਾਂ ਜੁਰਮਾਨੇ ਦੀ ਸਜਾ ਹੁੰਦੀ ਹੈ। ਪਰ, ਇਹ ਬੱਸ ਸਵਿਧਾਨ ਤੱਕ ਹੀ ਦਰਜ਼ ਹਨ, ਕਿਉਂਕਿ ਤੱਥਾਂ ਤੋਂ ਸਾਫ ਹੈ ਕਿ ਔਰਤਾਂ ਨੂੰ ਬਰਾਬਰੀ ਦੇ ਹੱਕ ਦੇਣ ਜਾਂ ਅਜ਼ਾਦੀ ਲਈ ਉਨ੍ਹਾਂ ਕਿੰਨੇ ਕੁ ਕਦਮ ਚੁੱਕੇ ਹਨ। ਸਗੋਂ, ਰੋਜ਼ ਹੀ ਕਈ ਅਜਿਹੀਆਂ ਉਦਾਹਰਨਾਂ ਮਿਲਦੀਆਂ ਹਨ ਜੋ ਮੌਜੂਦਾ ਸਰਕਾਰ ਦੇ ਔਰਤਾਂ ਪ੍ਰਤੀ ਰਵੱਈਏ ਨੂੰ ਦਰਸਾਉਂਦੀਆਂ ਹਨ। ਸਾਨੂੰ ਚਾਹੀਦਾ ਹੈ ਕਿ 21ਵੀਂ ਸਦੀ ਵਿਚ ਰਲ ਮਿਲ ਕੇ ਇਸ ਪੁਰਾਣੀ ਰੀਤ ਨੂੰ ਤੋੜੀਏ ਅਤੇ ਮਾਸੂਮ ਬੱਚੀਆਂ ਨੂੰ ਬਾਲ ਵਿਆਹ ਜਿਹੇ ਸ਼ਿਕਾਰ ਤੋਂ ਬਚਾਈਏ। ਮੈਨੂੰ ਲੱਗਦਾ ਹੈ ਕਿ ਜੇਕਰ ਸਰਕਾਰ ਸਹੀ ਢੰਗ ਨਾਲ ਕਾਨੂੰਨ ਲਾਗੂ ਕਰਕੇ ਸਮਾਜ ਸੇਵੀ ਸੰਸਥਾਵਾਂ ਦਾ ਸਾਥ ਲਵੇ ਤਾਂ ਬਾਲ ਵਿਆਹ ਰੁਕ ਸਕਦੇ ਹਨ।

**ਲੇਖਿਕਾ: ਪਰਮਜੀਤ ਕੌਰ ਸਿੱਧੂ**

---

## ਹਰਮਨ ਪਿਆਰਾ ਗਾਇਕ ਤੇ ਅਦਾਕਾਰ

# 'ਮੁਕਲਾਵਾ' 'ਚ ਬੰਨ੍ਹੇਗਾ ਅਦਾਕਾਰੀ ਦੇ ਰੰਗ:ਸਰਬਜੀਤ ਚੀਮਾ




ਪੰਜਾਬੀ ਗਾਇਕੀ 'ਚ ਗਾਇਕ ਸਰਬਜੀਤ ਚੀਮਾ ਦਾ ਮਿਆਰੀ ਗਾਇਕੀ ਕਰਕੇ ਅਹਿਮ ਸਥਾਨ ਹੈ। ਕਿਤੇ ਉਹ ਆਪਣੇ ਰੰਗਲੇ ਪੰਜਾਬ ਦੀ ਗੱਲ ਕਰਦਾ ਹੈ ਕਿਤੇ ਰੰਗਲੇ ਪੰਜਾਬ ਦੀਆਂ ਮੁਟਿਆਰਾਂ ਦੀ, ਉਹ ਭੰਗੜੇ ਦਾ ਬਾਦਸ਼ਾਹ ਵੀ ਹੈ ਉਸਦੇ ਗੀਤਾਂ 'ਚ ਪੰਜਾਬ ਦੇ ਅਮੀਰ ਸੱਭਿਆਚਾਰ ਦੀ ਝਲਕ ਵੇਖਣ ਨੂੰ ਮਿਲਦੀ ਹੈ। ਉਸਦੇ ਗੀਤਾਂ ਦੇ ਵੀਡੀਓ ਵੀ ਮਨ ਨੂੰ ਝੰਜੋੜ ਜਾਂਦੇ ਹਨ। ਕਿਤੇ ਉਹ ਆਪਣੀ ਮਿੱਟੀ ਆਪਣਾ ਵਤਨ ਛੱਡਕੇ ਵਿਦੇਸ਼ਾਂ ਦੀ ਧਰਤੀ 'ਤੇ ਸੰਤਾਪ ਹੰਢਾਉਂਦੇ ਵਿਅਕਤੀ ਦੀ ਗੱਲ ਕਰਦਾ ਹੈ ਤੇ ਕਿਤੇ ਪੰਜਾਬ ਦੀ ਡੁੱਬ ਰਹੀ ਕਿਸਾਨੀ ਦੀ ਗੱਲ ਕਰਦਾ ਹੈ ਉਸਦੇ ਸੀਨੇ ਪੰਜਾਬ ਪ੍ਰਤੀ ਦਰਦ ਹੈ। ਉਹ ਇੱਕ ਅੱਛਾ ਗਾਇਕ, ਅਦਾਕਾਰ ਹੋਣ ਦੇ ਨਾਲ-ਨਾਲ ਚੰਗਾ ਇਨਸਾਨ ਵੀ ਹੈ। ਮਾਂ ਬੋਲੀ ਦਾ ਸੱਚਾ ਸਪੂਤ, ਮਾਂ ਖੇਡ ਕਬੱਡੀ ਲਈ ਖਿਡਾਰੀਆਂ ਨੂੰ ਹੱਲਾਸ਼ੇਰੀ ਵੀ ਦਿੰਦਾ ਹੈ। ਇਹ ਹਰਮਨ ਪਿਆਰਾ ਗਾਇਕ ਤੇ ਅਦਾਕਾਰ- ਸਰਬਜੀਤ ਚੀਮਾ

ਜ਼ਿਲ੍ਹਾ ਜਲੰਧਰ ਦੇ ਚੀਮਾ ਕਲਾਂ ਦਾ ਜੰਮਪਲ ਸਰਬਜੀਤ ਚੀਮਾ ਗਾਇਕੀ 'ਚ ਆਉਣ ਤੋਂ ਪਹਿਲਾਂ ਭੰਗੜਾ ਪਾਉਂਦਾ ਰਿਹਾ ਹੈ। ਉਹ ਜਲੰਧਰ ਦੇ ਲਾਇਲਪੁਰ ਕਾਲਜ ਵਿੱਚ ਲਗਾਤਾਰ ਪੰਜ ਸਾਲ ਭੰਗੜੇ ਦੀ ਟੀਮ ਦਾ ਮੈਂਬਰ ਰਿਹਾ ਹੈ। ਬਲਰਾਜ ਬੱਸੀ ਅਤੇ ਬੀ ਐਸ ਨਾਰੰਗ ਤੋਂ ਸੰਗੀਤਕ ਸਮਝ ਲੈਣ ਤੋਂ ਬਾਅਦ ਉਨ੍ਹਾਂ ਨੇ ਆਪਣੀ ਗਾਇਕੀ ਦੇ ਸਫ਼ਰ ਦੀ ਸ਼ੁਰੂਆਤ ਸਾਲ 1993 'ਚ ਪਲੇਠੀ ਐਲਬਮ 'ਯਾਰ ਨੱਚਦੇ' ਨਾਲ ਕੀਤੀ। ਪਰ ਉਨ੍ਹਾਂ ਦੀ ਗਾਇਕੀ ਦੀ ਅਸਲ ਸ਼ੁਰੂਆਤ 1996 'ਚ 'ਮੇਲਾ ਦੇਖਦੀਏ ਮੁਟਿਆਰੇ' ਐਲਬਮ ਨਾਲ ਹੋਈ ਸੀ। ਇਸ ਐਲਬਮ ਤੋਂ ਬਾਅਦ ਸਰਬਜੀਤ ਚੀਮਾ ਦੀ ਗਾਇਕੀ ਦੇ ਸਫ਼ਰ ਨੇ ਐਸੀ ਰਫ਼ਤਾਰ ਫੜ੍ਹੀ ਕਿ ਉਹ ਅੱਜ ਵੀ ਲੱਖਾਂ ਲੋਕਾਂ ਦਾ ਹਰਮਨ ਪਿਆਰਾ ਗਾਇਕ ਤੇ ਅਦਾਕਾਰ ਹੈ। 24 ਮਈ ਨੂੰ ਰਿਲੀਜ਼ ਹੋ ਰਹੀ ਪੰਜਾਬੀ ਫ਼ਿਲਮ 'ਮੁਕਲਾਵਾ' ਵਿੱਚ ਪੰਜਾਬੀ ਗਾਇਕ ਤੇ ਅਦਾਕਾਰ ਸਰਬਜੀਤ ਚੀਮਾ ਵੀ ਅਹਿਮ ਭੂਮਿਕਾ ਵਿੱਚ ਨਜ਼ਰ ਆਵੇਗਾ। ਪੰਜਾਬੀ ਗਾਇਕੀ ਦੇ ਖੇਤਰ ਵਿੱਚ ਅਹਿਮ ਸਥਾਨ ਰੱਖਣ ਵਾਲਾ ਸਰਬਜੀਤ ਚੀਮਾ ਇਸ ਤੋਂ ਪਹਿਲਾਂ ਵੀ 'ਆਪਣੀ ਬੋਲੀ ਆਪਣਾ ਦੇਸ', 'ਹਾਣੀ', 'ਪੰਜਾਬ ਬੋਲਦਾ', 'ਯਾਰ ਅਣਮੁੱਲੇ-2' ਆਦਿ ਕਈ ਫ਼ਿਲਮਾਂ ਵਿੱਚ ਦਮਦਾਰ ਭੂਮਿਕਾ ਨਿਭਾ ਚੁੱਕਾ ਹੈ। ਸਰਬਜੀਤ ਚੀਮਾ ਦੀ ਬਤੌਰ ਹੀਰੋ ਪਹਿਲੀ ਪੰਜਾਬੀ ਫ਼ਿਲਮ 'ਪਿੰਡ ਦੀ ਕੁੜੀ' ਸੀ। ਸਰਬਜੀਤ ਚੀਮਾ ਦੀ ਪਿਛਲੇ ਸਾਲ ਚਰਚਿਤ ਫ਼ਿਲਮ 'ਅਸ਼ਕੇ' ਵਿੱਚ ਵੀ ਇਕ ਪ੍ਰਭਾਵਸ਼ਾਲੀ ਕਿਰਦਾਰ ਵਿੱਚ ਨਜ਼ਰ ਆਇਆ ਸੀ। ਸਰਬਜੀਤ ਚੀਮਾ ਦਾ ਕਹਿਣਾ ਹੈ ਕਿ ਇਸ ਸਾਲ 4 ਜਨਵਰੀ ਨੂੰ ਵੱਡੇ ਬੱਜਟ ਦੀ ਫਿਲਮ 'ਦੂੱਲਾ ਵੈਲੀ' ਰਿਲੀਜ਼ ਹੋਈ, ਜਿਸ ਵਿੱਚ ਗੁੱਗੂ ਗਿੱਲ ਤੇ ਯੋਗਰਾਜ ਨਾਲ ਕੰਮ ਕਰਨਾ, ਮੇਰੇ ਤੇ ਮੇਰੇ ਬੇਟੇ ਗੁਰਵਰ ਚੀਮਾ ਲਈ ਮਾਣ ਵਾਲੀ ਗੱਲ ਹੈ। ਜਿਸ ਨਾਲ ਗੁਰਵਰ ਚੀਮਾ ਨੇ ਆਪਣਾ ਫਿਲਮੀ ਸਫਰ ਸ਼ੁਰੂ ਕੀਤਾ। ਵੈਸੇ ਅਦਾਕਾਰੀ ਦੇ ਨਾਲ-ਨਾਲ ਗੁਰਵਰ ਚੀਮਾ ਦਾ ਜਲਦ ਹੀ ਸਿੰਗਲ ਟਰੈਕ ਵੀ ਆ ਰਿਹਾ ਹੈ। ਗਾਇਕੀ ਵਿੱਚ ਵੀ ਉਹ ਆਪਣੀ ਕਿਸਮਤ ਅਜ਼ਮਾਏਗਾ। ਵੈਨਕਓਵਰ ਵਿੱਚ ਭੰਗੜੇ ਦੀ ਅਕੈਡਮੀ ਚਲਾ ਰਿਹਾ ਹੈ, ਕਨੇਡਾ ਦੀ ਧਰਤੀ ਤੇ ਰਹਿ ਕੇ ਵੀ ਉਹ ਆਪਣੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਪਿਆਰ ਕਰਦਾ ਹੈ। ਉਥੋਂ ਦਾ ਜੰਮਪਲ ਹੋਕੇ ਵੀ ਉਹ ਆਪਣੀਆਂ ਜੜ੍ਹਾਂ ਨਾਲੋਂ ਨਹੀਂ ਟੁੱਟਿਆ, ਜੋ ਮੇਰੇ ਲਈ ਮਾਣ ਵਾਲੀ ਗੱਲ ਹੈ।


ਗਾਇਕ ਤੇ ਅਦਾਕਾਰ ਸਰਬਜੀਤ ਚੀਮਾ ਹੁਣ ਫਿਲਮ 'ਮੁਕਲਾਵਾ' ਵਿੱਚ ਐਮੀ ਵਿਰਕ ਦੇ ਵੱਡੇ ਭਰਾ ਦੇ ਕਿਰਦਾਰ ਵਿੱਚ ਦਿਖਾਈ ਦੇਵੇਗਾ। 'ਵਾਈਟ ਹਿੱਲ ਸਟੂਡੀਓ' ਦੀ ਪੇਸ਼ਕਸ਼ ਨਿਰਮਾਤਾ ਗੁਨਬੀਰ ਸਿੰਘ ਸਿੱਧੂ ਅਤੇ ਮਨਮੋਰਡ ਸਿੰਘ ਸਿੱਧੂ ਦੀ ਇਸ ਫ਼ਿਲਮ ਨੂੰ ਸਿਮਰਜੀਤ ਸਿੰਘ ਨੇ ਨਿਰਦੇਸ਼ਤ ਕੀਤਾ ਹੈ। ਇਸ ਵਿੱਚ ਐਮੀ ਵਿਰਕ ਤੇ ਸਰਬਜੀਤ ਚੀਮਾ ਤੋਂ ਇਲਾਵਾ ਸੋਨਮ ਬਾਜਵਾ, ਦ੍ਰਿਸ਼ਟੀ ਗਰੇਵਾਲ, ਗੁਰਪ੍ਰੀਤ ਘੁੱਗੀ, ਬੀ ਐਨ ਸ਼ਰਮਾ, ਕਰਮਜੀਤ ਅਨਮੋਲ, ਨਿਰਮਲ ਰਿਸ਼ੀ, ਅਨੀਤਾ ਸ਼ਬਦੀਸ਼ ਸਮੇਤ ਕਈ ਨਾਮੀਂ ਚਿਹਰੇ ਨਜ਼ਰ ਆਉਂਣਗੇ। ਸਰਬਜੀਤ ਚੀਮਾ ਮੁਤਾਬਕ ਇਹ ਫਿਲਮ 1980 ਦੇ ਦਹਾਕੇ ਦੀ ਕਹਾਣੀ ਹੈ। ਫਿਲਮ ਵਿੱਚ ਸਾਂਝੇ ਪਰਿਵਾਰਾਂ ਦੀ ਕਹਾਣੀ ਦੇ ਨਾਲ-ਨਾਲ ਮੁਕਲਾਵੇ ਦੀ ਰਸਮ ਅਤੇ ਮੁਕਲਾਵੇ ਨੂੰ ਤਰਸ ਰਹੇ ਇਕ ਮੁੰਡੇ ਦੀ ਕਹਾਣੀ ਨੂੰ ਬਿਆਨ ਕੀਤਾ ਗਿਆ ਹੈ। ਇਸ ਵਿੱਚ ਉਸ ਦਾ ਕਿਰਦਾਰ ਵੀ ਦਰਸ਼ਕਾਂ ਨੂੰ ਬੇਹੱਦ ਪਸੰਦ ਆਵੇਗਾ। ਅਦਾਕਾਰਾ ਦ੍ਰਿਸ਼ਟੀ ਗਰੇਵਾਲ ਫਿਲਮ ਵਿੱਚ ਉਸ ਦੀ ਪਤਨੀ ਬਣੀ ਹੈ। ਚੀਮੇ ਮੁਤਾਬਕ ਅਜਿਹੀਆਂ ਪਰਿਵਾਰਕ ਤੇ ਸੱਭਿਆਚਾਰਕ ਫ਼ਿਲਮਾਂ ਦੀ ਪੰਜਾਬੀ ਸਿਨੇਮੇ ਨੂੰ ਬਹੁਤ ਲੋੜ ਹੈ। ਇਸ ਤਰ੍ਹਾਂ ਦੀਆਂ ਫ਼ਿਲਮਾਂ ਹੀ ਪੰਜਾਬੀ ਪਰਿਵਾਰਾਂ ਨੂੰ ਪੰਜਾਬੀ ਸਿਨੇਮੇ ਨਾਲ ਜੋੜ ਸਕਦੀਆਂ ਹਨ। ਗਾਇਕ ਤੇ ਅਦਾਕਾਰ ਸਰਬਜੀਤ ਚੀਮਾ ਦੀ ਮਿਹਨਤ ਤੇ ਲਗਨ ਨੂੰ ਪਰਮ-ਪ੍ਰਮਾਤਮਾ ਹੋਰ ਤਰੱਕੀਆਂ ਬਖਸ਼ੇ।



**ਗੁਰਬਾਜ ਗਿੱਲ**
**98723-62507**



# ਸਾਡਾ ਵਿਰਸਾ . . .



## ਪੁਰਾਤਨ ਪੰਜਾਬ ਨਾਲ ਹੀ ਮੀਨਾਕਾਰੀ ਯੁੱਗ ਦਾ ਵੀ ਹੋਇਆ ਅੰਤ

ਬੇਸ਼ੱਕ ਅੱਜ ਅਸੀਂ ਬਹੁਤ ਅਗਾਂਹ ਵਧੂ ਭਾਵ ਇੱਕੀਵੀਂ ਸਦੀ ਵਿਚ ਪੈਰ ਧਰ ਲਿਆ ਹੈ ਤੇ ਬਹੁਤ ਜ਼ਿਆਦਾ ਤਰੱਕੀ ਦੀਆਂ ਪੌੜੀਆਂ ਚੜ੍ਹ ਗਏ ਹਾਂ ਤੇ ਅੱਗੋਂ ਵੀ ਇਹ ਰੁਝਾਨ ਦਿਨੋ-ਦਿਨ ਵਧਦਾ ਹੀ ਜਾਂਦਾ ਹੈ, ਪਰ ਜੇਕਰ ਆਪਾਂ ਪੁਰਾਤਨ ਪੰਜਾਬ ਭਾਵ ਤਿੰਨ ਕੁ ਦਹਾਕੇ ਹੀ ਪਿੱਛੇ ਝਾਤੀ ਮਾਰੀਏ ਤਾਂ ਉਨ੍ਹਾਂ ਸਮਿਆਂ ਨੂੰ ਜ਼ੇਕਰ ਮੀਨਾਕਾਰੀ ਦਾ ਯੁੱਗ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ! ਬੇਬੇ ਦੇ ਸੰਦੂਕ ਤੋਂ ਹੀ ਗੱਲ ਸ਼ੁਰੂ ਕਰੀਏ ਕਿ ਸ਼ੀਸ਼ਿਆਂ ਜੜਿਆ ਬੇਬੇ ਦੇ ਸੰਦੂਕ ਤੇ ਐਸੀ ਮੀਨਾਕਾਰੀ ਕੀਤੀ ਹੁੰਦੀ ਸੀ ਕਿ ਵੇਖਣ ਵਾਲੇ ਦੀਆ ਅੱਖਾਂ ਟੱਡੀਆ ਰਹਿ ਜਾਂਦੀਆਂ ਸਨ, ਛੋਟੇ ਛੋਟੇ ਸ਼ੀਸ਼ੇ ਪਿੱਤਲ ਦੀ ਝਾਲ ਵਾਲੀਆਂ ਸੁਨਿਹਰੀ ਭਾਅ ਮਾਰਦੀਆਂ ਤੇ ਸੁਨਿਹਿਰੇ ਹੀ ਕੋਕੇ ਜੜੇ ਹੁੰਦੇ ਸਨ ਜਿਸਨੂੰ ਵੇਖਕੇ ਵੇਖਣ ਵਾਲਾ ਓਸ ਕਾਰੀਗਰ ਨੂੰ ਦਾਦ ਦੇਣੋ ਨਹੀਂ ਸੀ ਰਹਿੰਦਾ! ਇਸੇ ਸੰਦੂਕ ਦੇ ਵਿੱਚ ਬੇਬੇ ਦਾ ਆਪਦਾ ਸਮਾਨ ਭਾਵ ਬਿਸਤਰੇ ਚਤੱਈਆਂ ਖੇਸ ਹੱਥੀਂ ਝੱਲਣ ਵਾਲੀਆ ਪੱਖੀਆਂ ਪੱਖੇ ਤੇ ਇਥੋਂ ਤੱਕ ਕਿ ਇਹੀ ਸੰਦੂਕ ਹੀ ਉਨ੍ਹਾਂ ਸਮਿਆਂ ਵਿਚ ਗੌਦਰੇਜ ਦੀ ਅਲਮਾਰੀ ਦੇ ਕੰਮ ਵੀਦਿੰਦੇ ਸੀ ਭਾਵ ਘਰ ਦੀ ਸਾਰੀ ਨਕਦੀ ਟੂੰਮਾਂ ਗਹਿਣੇ ਆਦਿ ਸਾਰੀਆਂ ਚੀਜ਼ਾਂ ਨੂੰ ਹੀ ਇਹ ਸੰਦੂਕ ਸੰਭਾਲਿਆ ਕਰਦੇ ਸਨ ਤੇ ਇਸੇ ਤਰ੍ਹਾਂ ਅੱਗੇ ਘਰ ਦੀਆਂ ਧੀਆਂ ਭੈਣਾਂ ਲਈ ਵੀ ਇਹੇ ਸੰਦੂਕ ਕੰਮ ਦਿੰਦੇ ਰਹੇ ਹਨ, ਸਮੇਂ ਦੇ ਬਦਲਾਅ ਨਾਲ ਜਿਸਤੀ ਪੇਟੀਆਂ ਗੌਦਰੇਜ ਤੇ ਹੁਣ ਪਤਾ ਨੀ ਕੀ-ਕੀ ਚੱਲ ਪਿਆ ਹੈ! ਪੁਰਾਤਨ ਹਵੇਲੀਆਂ ਨੂੰ ਲੱਗੇ ਲੱਕੜ ਦੇ ਬਹੁਤ ਭਾਰੇ ਗੇਟਾਂ ਤੇ ਵੀ ਬਹੁਤ ਹੀ ਸੁੰਦਰ ਕਿਸਮ ਦੇ ਡਿਜ਼ਾਇਨ ਪਾਕੇ ਆਕਰਸ਼ਿਤ ਮੀਨਾਕਾਰੀ ਕੀਤੀ ਹੁੰਦੀ ਸੀ, ਜੋ ਹੁਣ ਅਲੋਪ ਹੀ ਹੋ ਰਹੀ ਹੈ, ਹਾਂ ਕਿਸੇ ਕਿਸੇ ਪੁਰਾਣੇ ਬਜ਼ੁਰਗਾਂ ਨੇ ਆਪਣੀਆਂ ਵੇਸ਼ ਕੀਮਤੀ ਵਿਰਸੇ ਦੀਆਂ ਇਨ੍ਹਾਂ ਨਿਸ਼ਾਨੀਆਂ ਨੂੰ ਹਾਲੇ ਵੀ ਆਪਣੇ ਜਿਉਂਦੇ ਜੀਅ ਸੰਭਾਲ ਕੇ ਰੱਖਿਆ ਹੋਇਆ ਹੈ, ਕਿਸੇ ਕਿਸੇ ਵਿਰਲੇ ਪਿੰਡ ਚ ਇਨ੍ਹਾਂ ਦੇ ਦਰਸ਼ਨ ਹੋ ਜਾਂਦੇ ਹਨ! ਇਹ ਉੱਪਰੋਕਤ ਗੱਲਾਂ ਤਾਂ ਉਨ੍ਹਾਂ ਸਮਿਆਂ ਦੇ ਬਹੁਤ ਹੀ ਮਿਹਨਤੀ ਕਾਰੀਗਰਾਂ ਦੀਆਂ ਮਿਹਨਤੀ ਨਿਸ਼ਾਨੀਆਂ ਸਨ ਜੋ ਉਨ੍ਹਾਂ ਦੀ ਕੀਤੀ ਹੋਈ ਮਿਹਨਤ ਦੀ ਹਾਮ੍ਹੀ ਭਰਦੀਆਂ ਹਨ! ਇਸ ਤੋਂ ਇਲਾਵਾ ਉਨ੍ਹਾਂ ਸਮਿਆਂ ਵਿੱਚ ਸਾਡੀਆਂ ਮਾਵਾਂ ਦਾਦੀਆਂ ਜਾਂ ਕਹਿ ਲਈਏ ਕਿ ਧੀਆਂ ਭੈਣਾਂ ਵੀ ਕਿਸੇ ਕਹਿੰਦੇ ਕਹਾਉਂਦੇ ਕਾਰੀਗਰ ਤੋਂ ਘੱਟ ਨਹੀਂ ਸਨ, ਕਿਉਂਕਿ ਘਰੇਲੂ ਚੁੱਲ੍ਹੇ ਚੌਂਕੇ, ਹਾਰਿਆਂ, ਭਾਂਡਿਆਂ ਵਾਲੀਆਂ ਪੜਛੱਤੀਆਂ ਨੂੰ ਐਸੀ ਮੀਨਾਕਾਰੀ ਕਰਦੀਆਂ ਸਨ, ਤੇ ਵਿਹੜੇ ਵਿੱਚ ਵੀ ਗੋਹਾ ਮਿੱਟੀ ਫੇਰਦੀਆਂ ਸਨ ਕਿ ਹੱਦੋਂ ਵੱਧ ਸਫ਼ਾਈ ਹੋਇਆ ਕਰਦੀ ਸੀ, ਉਨ੍ਹਾਂ ਸਮਿਆਂ ਵਿਚ ਅਕਸਰ ਹੀ ਕਿਹਾ ਜਾਂਦਾ ਸੀ ਕਿ ਭਾਵੇਂ ਭੁੰਜੇ ਰੱਖਕੇ ਖਾ ਲਈਏ ਭਾਵ ਸਿਰਫ ਸਫ਼ਾਈ ਤੋਂ ਹੀ ਸੀ ਕਿ ਬਹੁਤ ਹੀ ਸਚਿਆਰਾ ਕੰਮ ਕੀਤਾ ਜਾਂਦਾ ਰਿਹਾ ਹੈ! ਪਰ ਹੁਣ ਇਹ ਸੱਭ ਗੱਲਾਂ ਬੀਤੇ ਦੀਆਂ ਯਾਦਾਂ ਤੇ ਬਾਤਾਂ ਹੋ ਕੇ ਰਹਿ ਗਈਆਂ ਹਨ, ਅਜੋਕੇ ਬਦਲੇ ਸਮੀਕਰਣਾਂ ਮੁਤਾਬਕ ਹੁਣ ਇਨ੍ਹਾਂ ਗੱਲਾਂ ਦੀ ਕੋਈ ਅਹਿਮੀਅਤ ਹੀ ਨਹੀਂ ਰਹਿ ਗਈ ਕਿਉਂਕਿ ਅਸੀਂ ਬਹੁਤ ਅਗਾਂਹ ਵਧੂ ਤੇ ਅਮੀਰੀ ਦੀ ਝਲਕ ਵਾਲੇ ਹੋ ਗਏ ਹਾਂ, ਪਰ ਸਾਡਾ ਅਸਲੀ ਵਿਰਸਾ ਤਾਂ ਇਹੀ ਸੀ! ਹੁਣ ਤਾਂ ਹੋਰ ਹੀ ਗੁੱਡੀਆਂ ਤੇ ਹੋਰ ਈ ਪਟੋਲੇ ਹੋ ਗ? ਹਨ! ਜੇਕਰ ਕਹਿ ਲਈਏ ਕਿ ਹੁਣ ਪੁਰਾਤਨ ਮੀਨਾਕਾਰੀ ਯੁੱਗ ਦਾ ਅੰਤ ਹੋ ਗਿਆ ਹੈ ਤਾਂ ਕੋਈ ਵੀ ਅਤਿਕਥਨੀ ਨਹੀਂ ਹੋਵੇਗੀ!



**ਜਸਵੀਰ ਸ਼ਰਮਾਂ ਦੱਦਾਹੂਰ**
**94176 22046**

# ਅਮਰੀਕਾ ਦੀ ਅਗਨ ਵਾਦੀ

ਖ਼ੂਬਸੂਰਤੀ ਦਾ ਆਨੰਦ ਮਾਣਨ ਅਤੇ ਮੌਜ ਮਸਤੀ ਲਈ ਦੁਨੀਆਂ ਦੀਆਂ ਦੋ ਥਾਵਾਂ ਪ੍ਰਸਿੱਧ ਹਨ: ਸੰਯੁਕਤ ਅਰਬ ਅਮੀਰਾਤ ਦਾ ਦੁਬਈ ਅਤੇ ਅਮਰੀਕਾ ਦਾ ਲਾਸ ਵੇਗਾਸ। ਦੋਵਾਂ ਸ਼ਹਿਰਾਂ ਦੀ ਚਹਿਲ-ਪਹਿਲ ਅਤੇ ਸੁੰਦਰਤਾ ਦੁਨੀਆਂ ਭਰ ਦੇ ਸੈਲਾਨੀਆਂ ਨੂੰ ਆਪਣੇ ਵੱਲ ਖਿੱਚਦੀ ਹੈ। ਕਿਹਾ ਜਾਂਦਾ ਹੈ ਕਿ ਇਨ੍ਹਾਂ ਦੋਵਾਂ ਸ਼ਹਿਰਾਂ ਵਿਚ ਕਦੇ ਵੀ ਰਾਤ ਨਹੀਂ ਹੁੰਦੀ। ਲਾਸ ਵੇਗਾਸ ਜਾ ਕੇ ਤਾਂ ਇਹ ਗੱਲ ਸੱਚੀ ਹੁੰਦੀ ਆਪਣੇ ਅੱਖੀਂ ਵੀ ਦੇਖ ਲਈ। ਇਤਫਾਕ ਦੇਖੋ ਕਿ ਲਾਸ ਵੇਗਾਸ ਪੂਰੀ ਤਰ੍ਹਾਂ ਰੰਗੀਨੀਆਂ ਅਤੇ ਤੜਕ ਭੜਕ ਨਾਲ ਲਬਰੇਜ਼ ਹੈ ਅਤੇ ਇੱਥੋਂ ਥੋੜ੍ਹੀ ਹੀ ਦੂਰ ਸਥਿਤ 'ਦਿ ਵੈਲੀ ਔਫ ਫਾਇਰ ਸਟੇਟ ਪਾਰਕ' ਪੂਰੀ ਤਰ੍ਹਾਂ ਸ਼ਾਂਤ ਅਤੇ ਕੁਦਰਤ ਨਾਲ ਇਕਮਿਕ ਹੋਣ ਦਾ ਵਸੀਲਾ ਹੈ। ਇਸ ਪਾਰਕ ਵਿਚ ਆ ਕੇ ਇਉਂ ਜਾਪਦਾ ਹੈ ਜਿਵੇਂ ਕੁਦਰਤ ਦੀ ਬੁੱਕਲ ਵਿਚ ਆ ਗਏ ਹੋਈਏ।

ਪਿਛਲੇ ਸਾਲ ਮਾਰਚ ਵਿਚ ਮੇਰਾ ਆਪਣੇ ਮਿੱਤਰ ਨਾਲ ਅਮਰੀਕਾ ਦੇ ਟੂਰ ਦੌਰਾਨ ਲਾਸ ਵੇਗਾਸ ਜਾਣ ਦਾ ਸਬੱਬ ਬਣਿਆ। ਉਸ ਨੇ ਪਹਿਲਾਂ ਹੀ ਦੱਸ ਦਿੱਤਾ ਸੀ ਅਖੇ 'ਹੁਣ ਤੈਨੂੰ ਇੱਥੇ ਭਾਰਤ ਦੇ ਰਾਜਸਥਾਨ ਵਾਲੇ ਰੇਤਲੇ ਟਿੱਬਿਆਂ ਦੇ ਦਰਸ਼ਨ ਹੋਣਗੇਂ'। ਇਹ ਗੱਲ ਹੋਈ ਵੀ ਸੋਲਾਂ ਆਨੇ ਸੱਚ। ਲਾਸ ਏਂਜਲਸ ਤੋਂ ਕਾਰ ਰਾਹੀਂ ਕੈਲੀਫੋਰਨੀਆ ਸਟੇਟ ਨੂੰ ਛੱਡ ਕੇ ਨੇਵਾਡਾ ਸਟੇਟ ਵਿਚ ਦਾਖਲ ਹੋਏ ਤਾਂ ਸੱਚਮੁੱਚ ਹੀ ਰਾਜਸਥਾਨ ਦੇ ਜੋਧਪੁਰ ਵਰਗਾ ਖੇਤਰ ਜਾਪਿਆ। ਸੈਂਕੜੇ ਮੀਲ ਤਕ ਖੁਸ਼ਕ ਰੇਤ ਦੇ ਟਿੱਬੇ ਅਤੇ ਟਾਵਾਂ-ਟਾਵਾਂ ਦਰੱਖਤ ਕਾਦਰ ਦੀ ਕਾਇਨਾਤ ਨੂੰ ਆਪਣੇ ਮੂੰਹੋਂ ਬਿਆਨ ਕਰਦਾ ਸੀ। ਟਿੱਬਿਆਂ 'ਤੇ ਉੱਗੀਆਂ ਕੰਡਿਆਲੀਆਂ ਥੋਹਰਾਂ ਦੱਸ ਰਹੀਆਂ ਸਨ ਕਿ ਇਹ ਇਲਾਕਾ ਵੀ ਮੀਂਹਾਂ ਤੋਂ ਸੱਖਣਾ ਹੈ। ਅਸੀਂ ਸ਼ਾਮ ਨੂੰ ਚਾਰ ਕੁ ਵਜੇ ਲਾਸ ਵੇਗਾਸ ਸ਼ਹਿਰ ਜਾ ਵੜੇ। ਮੈਨੂੰ ਇਹ ਵੀ ਪਹਿਲਾਂ ਹੀ ਦੱਸ ਦਿੱਤਾ ਗਿਆ ਸੀ ਕਿ ਇੱਥੋਂ ਦੇ ਜ਼ਿਆਦਾਤਰ ਲੋਕ ਦਿਨੇ ਸੌਂਦੇ ਅਤੇ ਰਾਤ ਨੂੰ ਜਾਗਦੇ ਹਨ। ਸ਼ਾਮ ਨੂੰ ਚਾਰ ਵਜੇ ਲਾਸ ਵੇਗਾਸ ਦੀਆਂ ਸੜਕਾਂ ਸੁੰਨਸਾਨ ਸਨ ਅਤੇ ਇਉਂ ਜਾਪਦਾ ਸੀ ਜਿਵੇਂ ਸ਼ਹਿਰ ਸੌਂ ਰਿਹਾ ਹੋਵੇ। ਚਾਹੇ ਇਸ ਸ਼ਹਿਰ ਵਿਚ ਕੈਸੀਨੋ ਵਗੈਰਾ 24 ਘੰਟੇ ਚੱਲਦੇ ਹਨ, ਪਰ ਜੋ ਨਜ਼ਾਰਾ ਰਾਤ ਦਾ ਹੁੰਦਾ ਹੈ ਉਹ ਦਿਨ ਵੇਲੇ ਦਿਖਾਈ ਨਹੀਂ ਦਿੰਦਾ। ਫਿਰ ਹੌਲੀ ਹੌਲੀ ਹਨੇਰਾ ਹੁੰਦਿਆਂ ਹੀ ਚਹਿਲ-ਪਹਿਲ ਸ਼ੁਰੂ ਹੋ ਗਈ ਅਤੇ ਰੰਗ ਬਰੰਗੀਆਂ ਰੌਸ਼ਨੀਆਂ ਨਾਲ ਪੂਰਾ ਸ਼ਹਿਰ ਆਪਣੀ ਮਸਤੀ ਨਾਲ ਝੂਮ ਉੱਠਿਆ। ਹਨੇਰਾ ਹੁੰਦਿਆਂ ਹੀ ਦੇਸ਼ਾਂ ਵਿਦੇਸ਼ਾਂ ਤੋਂ ਆਏ ਹਜ਼ਾਰਾਂ ਸੈਲਾਨੀ ਇੱਥੋਂ ਦੇ ਹੋਟਲਾਂ ਵਿਚੋਂ ਬਾਹਰ ਨਿਕਲ ਆਉਂਦੇ ਹਨ ਅਤੇ ਸ਼ਹਿਰ ਦੀ ਸਭ ਤੋਂ ਪ੍ਰਮੁੱਖ ਸਟਰਿਪ ਰੋਡ 'ਤੇ ਟਹਿਲਦੇ ਹਨ।

### ਕੀ ਹੈ ਲਾਸ ਵੇਗਾਸ ?

ਲਾਸ ਵੇਗਾਸ ਅਮਰੀਕਾ ਦਾ 28ਵਾਂ ਸਭ ਤੋਂ ਵੱਧ ਆਬਾਦੀ ਵਾਲਾ ਸ਼ਹਿਰ ਹੈ। ਇੱਥੇ ਬਹੁਤ ਵੱਡਾ ਹਵਾਈ ਅੱਡਾ ਵੀ ਹੈ ਜਿੱਥੇ ਹਰ ਮਿੰਟ ਮਿੰਟ ਬਾਅਦ ਜਹਾਜ਼ ਉੱਡਦੇ-ਉਤਰਦੇ ਰਹਿੰਦੇ ਹਨ। ਇਹ ਸ਼ਹਿਰ ਅਮਰੀਕਾ ਦੇ ਰਾਜ ਨੇਵਾਡਾ ਦਾ ਹਿੱਸਾ ਹੈ ਜਿਸ ਦੀ ਹੱਦ ਕੈਲੀਫੋਰਨੀਆ ਰਾਜ ਨਾਲ ਲੱਗਦੀ ਹੈ। ਇਸ ਸ਼ਹਿਰ ਦੀ ਨੀਂਹ 15 ਮਈ 1905 ਨੂੰ ਰੱਖੀ ਗਈ ਸੀ। ਇੱਥੋਂ ਦਾ ਮੌਸਮ ਆਮ ਕਰਕੇ ਖੁਸ਼ਕ ਰਹਿੰਦਾ ਹੈ। ਇੱਥੋਂ ਦੀ ਸਟਰਿਪ ਰੋਡ ਦੀ ਸੈਰ ਸਭ ਤੋਂ ਪ੍ਰਮੁੱਖ ਹੈ। ਸ਼ਹਿਰ ਤੋਂ ਉੱਤਰ ਤੋਂ ਦੱਖਣ ਵਾਲੇ ਪਾਸੇ ਨੂੰ ਜਾਣ ਵਾਲੀ 6.8 ਕਿਲੋਮੀਟਰ ਲੰਬੀ ਇਸ ਸੜਕ 'ਤੇ ਕਦੇ ਵੀ ਰਾਤ ਨਹੀਂ ਹੁੰਦੀ। ਇੱਥੇ ਹਜ਼ਾਰਾਂ ਕੈਸੀਨੋ ਖੁੱਲ੍ਹੇ ਹੋਏ ਹਨ ਅਤੇ ਵਿਸ਼ਵ ਪੱਧਰੀ ਹੋਟਲਾਂ ਦੀਆਂ ਬਹੁਮੰਜ਼ਿਲਾ ਇਮਾਰਤਾਂ ਇਸ ਨੂੰ ਚਾਰ ਚੰਨ ਲਾਉਂਦੀਆਂ ਹਨ।

ਇੱਥੋਂ ਦੀ ਸਟਰਿਪ ਰੋਡ 'ਤੇ ਬਣਿਆ ਟਾਵਰ ਪੈਰਿਸ (ਫਰਾਂਸ) ਦੇ ਆਈਫਲ ਟਾਵਰ ਦਾ ਭੁਲੇਖਾ ਪਾਉਂਦਾ ਹੈ। ਇਸ ਦੀ ਉਚਾਈ ਪੈਰਿਸ ਵਾਲੇ ਟਾਵਰ ਤੋਂ ਅੱਧੀ ਭਾਵ 165 ਮੀਟਰ ਹੈ। ਇਸ ਟਾਵਰ ਅੰਦਰ 2916 ਰਿਹਾਇਸ਼ੀ ਕਮਰੇ, 1200 ਸੀਟਾਂ ਵਾਲਾ ਥੀਏਟਰ, ਕੈਸੀਨੋ ਅਤੇ ਮਨੋਰੰਜਨ ਕਲੱਬ ਵੀ ਹੈ। ਸੁਨਹਿਰੀ ਰੰਗ ਨਾਲ ਰੰਗੇ ਇਸ ਟਾਵਰ ਕੋਲ ਖੜ੍ਹ ਕੇ ਫੋਟੋਆਂ ਕਰਵਾਉਣ ਵਾਲਿਆਂ ਦੀ ਲੰਬੀ ਭੀੜ ਜੁੜਦੀ ਹੈ।

ਇਸੇ ਰੋਡ 'ਤੇ ਬਣੇ ਹੋਟਲ ਬੈਲਾਜੀਓ ਦੇ ਬਾਹਰ ਬਣਿਆ ਫੁਹਾਰਾ ਸੈਲਾਨੀਆਂ ਨੂੰ ਮੱਲੋ-ਮੱਲੀ ਰੋਕ ਲੈਂਦਾ ਹੈ। ਸੰਗੀਤਕ ਧੁਨਾਂ ਬਿਖੇਰਦਾ ਇਹ ਫੁਹਾਰਾ ਰੋਜ਼ਾਨਾ ਦਿਨੇ 3 ਵਜੇ ਤੋਂ ਰਾਤ ਦੇ 12 ਵਜੇ ਤਕ ਚਲਦਾ ਹੈ। ਇਸ ਦਾ ਸੰਗੀਤਕ ਸ਼ੋਅ 5-6 ਮਿੰਟ ਚੱਲਦਾ ਹੈ ਅਤੇ ਹਰੇਕ ਅੱਧੇ ਘੰਟੇ ਬਾਅਦ ਇਹ ਰੰਗ-ਬਿਰੰਗੀਆਂ ਰੌਸ਼ਨੀਆਂ ਅਤੇ ਧੁਨਾਂ ਨਾਲ ਸੈਲਾਨੀਆਂ ਦਾ ਸਵਾਗਤ ਕਰਦਾ ਹੈ। ਵੈਸੇ 36 ਮੰਜ਼ਿਲਾ ਬੈਲਾਜੀਓ ਹੋਟਲ ਵਿਚ ਠਹਿਰਣ ਵਾਸਤੇ 3,950 ਕਮਰੇ ਹਨ ਅਤੇ ਇਸ ਹੋਟਲ ਨੂੰ ਪੂਰੀ ਤਰ੍ਹਾਂ ਵਿਰਾਸਤੀ ਦਿੱਖ ਦਿੱਤੀ ਗਈ ਹੈ।

ਲਾਸ ਵੇਗਾਸ ਦਾ ਸਟਰੇਟੋਸਫੀਅਰ ਟਾਵਰ ਵੀ ਇੱਥੋਂ ਦੀਆਂ ਦੇਖਣਯੋਗ ਥਾਵਾਂ ਵਿਚੋਂ ਇਕ ਹੈ। ਲਗਭਗ 350 ਮੀਟਰ ਉੱਚੇ ਇਸ ਟਾਵਰ ਵਿਚ ਰਿਹਾਇਸ਼ੀ ਕਮਰੇ, ਕੈਸੀਨੋ ਅਤੇ ਮਨੋਰੰਜਨ ਦੇ ਹੋਰ ਸਾਧਨ ਹਨ। ਇਸ ਦੇ ਨਾਲ ਹੀ ਰਾਈਡਜ਼ ਵੀ ਹਨ। ਇੱਥੋਂ ਦੀਆਂ ਏਅਰ ਰਾਈਡਜ਼ ਸਭ ਤੋਂ ਪ੍ਰਮੁੱਖ ਹਨ। ਜੇਕਰ ਤੁਸੀਂ 'ਦਿ ਵੈਲੀ ਔਫ ਫਾਇਰ ਪਾਰਕ' ਦੇਖਣ ਨਹੀਂ ਜਾਂਦੇ ਤਾਂ ਲਾਸ ਵੇਗਾਸ ਦਾ ਟੂਰ ਅਧੂਰਾ ਹੀ ਸਮਝੋ। ਲਾਸ ਵੇਗਾਸ ਤੋਂ ਉੱਤਰ ਦਿਸ਼ਾ ਵੱਲ 80 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਹ ਰਮਣੀਕ ਜਗ੍ਹਾ ਹੈ ਜਿੱਥੇ ਤੁਸੀਂ ਲੱਖਾਂ ਸਾਲ ਪੁਰਾਣੀ ਸੱਭਿਅਤਾ ਦੇ ਅੱਖੀਂ ਦਰਸ਼ਨ ਕਰ ਸਕਦੇ ਹੋ। ਵੈਸੇ ਅਮਰੀਕਾ ਦੇ ਪ੍ਰਸ਼ਾਸਨ ਨੂੰ ਇਹ ਸ਼ਾਬਾਸ਼ ਵੀ ਦੇਣੀ ਬਣਦੀ ਹੈ ਜਿਨ੍ਹਾਂ ਨੇ ਇੱਥੋਂ ਦੀ 15 ਕਰੋੜ ਸਾਲ ਪੁਰਾਣੀ ਇਤਿਹਾਸਕ ਸੱਭਿਅਤਾ ਨੂੰ ਹਾਲੇ ਤਕ ਜਿਉਂ ਦੀ ਤਿਉਂ ਸਾਂਭਿਆ ਹੋਇਆ ਹੈ।

ਕੁਝ ਸਮਾਂ ਪਹਿਲਾਂ ਪ੍ਰਸਿੱਧ ਪੰਜਾਬੀ ਗਾਇਕ ਗੁਰਦਾਸ ਮਾਨ ਨੇ ਯੂ-ਟਿਊਬ 'ਤੇ ਇਕ ਵੀਡੀਓ ਪਾਈ ਸੀ ਜਿਸ ਵਿਚ ਉਸ ਨੇ ਦੱਸਿਆ ਸੀ ਕਿ ਉਹ 35 ਸਾਲਾਂ ਤੋਂ ਅਮਰੀਕਾ ਆ ਰਿਹਾ ਹੈ, ਪਰ ਇੱਥੋਂ ਦੀਆਂ ਕੁਦਰਤੀ ਦਾਤਾਂ ਦੇ ਦਰਸ਼ਨਾਂ ਤੋਂ ਉਹ ਹਾਲੇ ਤਕ ਵਾਂਝਾ ਰਿਹਾ ਹੈ। ਉਸ ਨੇ ਆਪਣੀ ਇਹ ਵੀਡੀਓ ਵੀ ਅਮਰੀਕਾ ਦੇ ਇਨ੍ਹਾਂ ਇਲਾਕਿਆਂ 'ਤੇ ਹੀ ਫਿਲਮਾਈ ਸੀ। ਇਸ ਵੀਡੀਓ ਵਿਚ ਗੁਰਦਾਸ ਮਾਨ ਨੇ ਇੱਥੋਂ ਦੇ ਤਿੰਨ ਰੰਗੇ ਪਹਾੜਾਂ ਨੂੰ ਕੁਦਰਤੀ ਕ੍ਰਿਸ਼ਮਾ ਕਹਿ ਕੇ ਅਪੀਲ ਕੀਤੀ ਸੀ ਕਿ ਜੇਕਰ ਕਿਸੇ ਦੀ ਜੇਬ੍ਹ, ਸਿਹਤ ਅਤੇ ਸਮਾਂ ਇਜਾਜ਼ਤ ਦੇਣ ਤਾਂ ਉਹ ਲਾਜ਼ਮੀ ਇੱਥੇ ਆ ਕੇ ਰੱਬੀ ਦਾਤ ਨੂੰ ਅੱਖੀਂ ਵੇਖੇ। ਖ਼ੈਰ, ਗੱਲ ਲਾਸ ਵੇਗਾਸ ਦੇ ਨਾਲ ਹੀ ਦੇਖਣ ਯੋਗ ਜਗ੍ਹਾ ਫਾਇਰ ਵੈਲੀ ਪਾਰਕ ਦੀ ਹੋ ਰਹੀ ਹੈ। ਪਾਰਕ ਦਾ ਕੁੱਲ ਰਕਬਾ 46,000 ਏਕੜ ਹੈ। ਇਸ ਨੂੰ ਦੇਖਣ ਅਤੇ ਨਿਹਾਰਣ ਵਾਸਤੇ ਪੂਰਾ ਦਿਨ ਵੀ ਥੋੜ੍ਹਾ ਹੈ। ਫਿਰ ਵੀ ਜੇਕਰ ਸਮੇਂ ਦੀ ਘਾਟ ਹੋਵੇ ਤਾਂ ਪੰਜ-ਛੇ ਘੰਟੇ ਦੇਖਣ ਵਾਸਤੇ ਕਾਫ਼ੀ ਹਨ। ਇੱਥੇ 300 ਈਸਾ ਪੂਰਵ ਤੋਂ 1150 ਈਸਵੀ ਤਕ ਦੇ ਪੁਰਾਤਨ ਨਿਸ਼ਾਨ ਸਾਂਭੇ ਹੋਏ ਹਨ।

ਇੱਥੇ ਚੱਟਾਨਾਂ 'ਤੇ ਉਕਰੇ ਹੋਏ ਨਿਸ਼ਾਨ, ਚੱਟਾਨੀ ਸੁਰੰਗਾਂ, ਮੌਜੇ ਦਾ ਤਲਾਬ, ਹਾਥੀ ਚੱਟਾਨ, ਸਤਰੰਗੀ ਲਹਿਰ, ਸੱਤ ਭੈਣਾਂ ਅਤੇ ਚਾਪ ਵਾਲੀ ਚਟਾਨ ਆਦਿ ਪ੍ਰਮੁੱਖ ਹਨ। ਇਹ ਸਭ ਚਟਾਨਾਂ ਰੇਤਲੀ ਮਿੱਟੀ ਦੀਆਂ ਹਨ ਅਤੇ ਹੱਥ ਲਾਇਆਂ ਭੁਰਦੀਆਂ ਹਨ। ਇੱਥੋਂ ਦੇ ਪਹਾੜਾਂ ਦੇ ਵੱਖ ਵੱਖ ਰੰਗ ਅਤੇ ਮਿੱਟੀ ਦੀ ਖੁਸ਼ਬੂ ਸੈਲਾਨੀਆਂ ਦਾ ਮਨ ਮੋਂਹਦੀ ਹੈ। ਤਿੰਨ ਰੰਗਾ ਪਰਬਤ ਇਸ ਪਾਰਕ ਦੀ ਸ਼ਾਨ ਹੈ। ਇਨ੍ਹਾਂ ਪਹਾੜਾਂ ਦੀਆਂ ਚੱਟਾਨਾਂ 'ਤੇ 4,000 ਸਾਲ ਪਹਿਲਾਂ ਕੀਤੀ ਗਈ ਚਿੱਤਰਕਾਰੀ ਨੂੰ ਅੱਜ ਵੀ ਜਿਉਂ ਦੀ ਤਿਉਂ ਸਾਂਭਿਆ ਹੋਇਆ ਹੈ। ਇਤਿਹਾਸਕ ਨਜ਼ਰੀਏ ਤੋਂ ਦੇਖੀਏ ਤਾਂ ਇਹ ਪਾਰਕ ਸਿਰਫ਼ ਅਮਰੀਕਾ ਦੇ ਲੋਕਾਂ ਵਾਸਤੇ ਹੀ ਨਹੀਂ ਸਗੋਂ ਸਾਰੇ ਸੰਸਾਰ ਦੀ ਸਾਂਭਣਯੋਗ ਅਤੇ ਦੇਖਣਯੋਗ ਵਿਰਾਸਤ ਹੈ। ਇਸ ਪਾਰਕ ਵਿਚ ਕੈਂਪਿੰਗ ਵੀ ਕੀਤੀ ਜਾ ਸਕਦੀ ਹੈ। ਪਾਰਕ ਦੀ ਕੁਦਰਤੀ ਦਿੱਖ ਅਤੇ ਸਾਂਭ ਸੰਭਾਲ ਵੀ ਹੈਰਾਨ ਕਰਨ ਵਾਲੀ ਹੈ। ਇੱਥੇ ਨਾ ਕੋਈ ਸ਼ੋਰ ਸ਼ਰਾਬਾ ਅਤੇ ਨਾ ਹੀ ਕੋਈ ਉੱਚੀ ਆਵਾਜ਼ ਵਿਚ ਗੱਲ ਕਰਦਾ ਹੈ। ਘੁੰਮਣ ਫਿਰਨ ਦੇ ਸ਼ੌਕੀਨਾਂ ਲਈ ਇਹ ਦੇਖਣਯੋਗ ਥਾਂ ਹੈ।




**-ਗੁਰਮੀਤ ਬਰਾੜ ਭਲਾਈਆਣਾ,**
**98144-22022**



# ਅਨੇਕਾਂ ਸੰਸਕ੍ਰਿਤੀਆਂ ਦਾ ਸੰਗਮ : ਲੰਡਨ



ਲੇਖਕ ਮਾਸਟਰ ਸੰਜੀਵ ਧਰਮਾਣੀ
9478561356

ਪਿਆਰੇ ਬੱਚਿਓ !ਅੱਜ ਤੁਹਾਨੂੰ ਅਸੀਂ ਇੰਗਲੈਂਡ ਦੀ ਰਾਜਧਾਨੀ ਅਤੇ ਬਹੁਤ ਹੀ ਪਿਆਰੇ ਤੇ ਖ਼ੂਬਸੂਰਤ ਵਿਦੇਸ਼ੀ ਸ਼ਹਿਰ ਲੰਦਨ ਬਾਰੇ ਜਾਣਕਾਰੀ ਦੇਵਾਂਗੇ। ਬੱਚਿਓ !ਲੰਦਨ ਸ਼ਹਿਰ ਬਹੁਤ ਸੁੰਦਰ , ਸਾਫ਼ - ਸੁਥਰਾ , ਸੁਸੱਜਿਤ , ਸੁਰੱਖਿਅਤ ਅਤੇ ਕਾਫ਼ੀ ਮਹਿੰਗਾ ਸ਼ਹਿਰ ਹੈ। ਇਹ ਸ਼ਹਿਰ ਥੇਮਜ਼ ਨਦੀ ਦੇ ਕਿਨਾਰੇ ਵਸਿਆ ਹੋਇਆ ਹੈ। ਲੰਦਨ ਸ਼ਹਿਰ ਦੀ ਫ਼ਿਤਰਤ , ਹਵਾ , ਜਿਊਣ ਦੇ ਅੰਦਾਜ਼ ਤੇ ਸੋਖ - ਅਦਾ ਵਿੱਚ ਅਣਗਿਣਤ ਦੇਸ਼ਾਂ , ਭਾਸ਼ਾਵਾਂ , ਖੇਤਰਾਂ , ਸੱਭਿਆਚਾਰਾਂ , ਪਿਛੋਕੜਾਂ ਅਤੇ ਸੰਸਕ੍ਰਿਤੀਆਂ ਦਾ ਮਿਸ਼ਰਣ ਸਮਾਹਿਤ ਹੈ। ਇੱਥੇ ਅੰਗਰੇਜ਼ੀ , ਹਿੰਦੀ , ਉਰਦੂ ਤੇ ਅਰਬੀ ਤੋਂ ਇਲਾਵਾ ਲਗਪਗ ਤਿੰਨ ਸੌ ਹੋਰ ਭਾਸ਼ਾਵਾਂ ਵੀ ਬੋਲੀਆਂ ਜਾਂਦੀਆਂ ਹਨ। ਬੱਚਿਓ ! ਲੰਦਨ ਸ਼ਹਿਰ ਬਹੁਤ ਹੀ ਸਲੀਕੇ ਦੇ ਨਾਲ ਬਣਾਇਆ ਗਿਆ ਹੈ। ਇੱਥੋਂ ਦੀ ਸਫ਼ਾਈ - ਵਿਵਸਥਾ ਵੀ ਬਹੁਤ ਵਧੀਆ ਹੈ। ਥੋੜ੍ਹੀ - ਥੋੜ੍ਹੀ ਦੂਰੀ @ਤੇ ਕੂੜੇਦਾਨਾਂ ਦਾ ਬਹੁਤ ਸਹੀ ਪ੍ਰਬੰਧ ਕੀਤਾ ਗਿਆ ਹੈ। ਥੇਮਜ਼ ਨਦੀ ਦੇ ਕਿਨਾਰੇ ਵਸੇ ਇਸ ਅਤਿ ਖ਼ੂਬਸੂਰਤ , ਸਲੀਕੇਦਾਰ ਤੇ ਅਮੀਰ ਸ਼ਹਿਰ ਵਿੱਚ ਅਨੇਕਾਂ ਦੇਸਾਂ , ਵਿਦੇਸਾਂ , ਖਿੱਤਿਆਂ , ਸੰਸਕ੍ਰਿਤੀਆਂ ਦੇ ਲੋਕ ਆ ਕੇ ਵਸੇ ਹੋਏ ਹਨ। ਇਸਾਈ ਧਰਮ ਇੱਥੋਂ ਦਾ ਮੁੱਖ ਧਰਮ ਹੈ। ਬਾਲੀਵੁੱਡ ਦੇ ਸਿਤਾਰੇ ਅਤੇ ਭਾਰਤੀ / ਪੰਜਾਬੀ ਲੋਕ ਇੱਥੇ ਆਮ ਹੀ ਘੁੰਮਦੇ - ਫਿਰਦੇ ਨਜ਼ਰੀਂ ਆ ਜਾਂਦੇ ਹਨ। ਖ਼ਰੀਦਦਾਰੀ ਦੇ ਦੀਵਾਨਿਆਂ , ਘੁਮੱਕੜ ਪ੍ਰਵਿਰਤੀ ਦੇ ਇਨਸਾਨਾਂ , ਇਤਿਹਾਸਕਾਰਾਂ , ਵਿਦਿਆਰਥੀਆਂ , ਵਪਾਰੀਆਂ , ਫ਼ਿਲਮੀ - ਹਸਤੀਆਂ , ਸ਼ਿਲਪਕਾਰਾਂ , ਭਾਵ ਕਿ ਹਰ ਉਮਰ - ਵਰਗ , ਕਿਤੇ ਅਤੇ ਪ੍ਰਵਿਰਤੀ ਦੇ ਵਿਅਕਤੀਆਂ ਦਾ ਲੰਦਨ ਸ਼ਹਿਰ ਸਹਿਜਤਾ ਨਾਲ ਸਵਾਗਤ ਕਰਦਾ ਹੈ।ਇਹ ਇੱਕ ਜ਼ਿੰਦਾਦਿਲ ਸ਼ਹਿਰ ਹੈ। ਜਿਸ ਤਰ੍ਹਾਂ ਭਾਰਤ ਦਾ ਮੁੰਬਈ ਸ਼ਹਿਰ ਕਦੇ ਸੌਂਦਾ ਨਹੀਂ ਹੈ , ਬਿਲਕੁਲ ਉਸੇ ਤਰ੍ਹਾਂ ਲੰਦਨ ਸ਼ਹਿਰ ਵੀ ਕਦੇ ਨਹੀਂ ਸੌਂਦਾ। ਦਿਨ ਹੋਵੇ ਭਾਵੇਂ ਰਾਤ ਹੋਵੇ , ਇੱਥੋਂ ਦੇ ਮਨਮੋਹਕ , ਦਿਲਚਸਪ ਅਤੇ ਹੈਰਤਅੰਗੇਜ਼ ਨਜ਼ਾਰੇ ਹਰ ਕਿਸੇ ਨੂੰ ਮੰਤਰ - ਮੁਗਧ ਕਰ ਦਿੰਦੇ ਹਨ। ਲੰਦਨ ਸ਼ਹਿਰ ਤੁਹਾਨੂੰ ਕਦੇ ਵੀ ਗੈਰ , ਬੇਗਾਨੇ ਜਾਂ ਪਰਾਏ ਹੋਣ ਦਾ ਅਹਿਸਾਸ ਨਹੀਂ ਹੋਣ ਦਿੰਦਾ। ਸੈਲਾਨੀਆਂ ਦੇ ਕੈਮਰਿਆਂ ਦੀ ਫਲੈਸ਼ ਇੱਥੇ ਚਲਦੀ ਹੀ ਨਜ਼ਰ ਆਉਂਦੀ ਹੈ। ਪਿਆਰੇ ਬੱਚਿਓ !ਅਖ਼ਬਾਰਾਂ , ਰਸਾਲਿਆਂ , ਫ਼ਿਲਮਾਂ , ਪੋਸਟਰਾਂ , ਖ਼ਬਰਾਂ ਜਾਂ ਟੈਲੀਵਿਜ਼ਨਾਂ ਆਦਿ @ਤੇ ਜਦੋਂ ਵੀ ਲੰਦਨ ਸ਼ਹਿਰ ਨੂੰ ਦਿਖਾਉਣਾ ਹੋਵੇ ਤਾਂ ਇੱਥੋਂ ਦੇ ਪ੍ਰਸਿੱਧ ÷ ਟਾਵਰ ਬ੍ਰਿਜ ÷ ਦੀ ਤਸਵੀਰ ਨੂੰ ਦਿਖਾਇਆ ਜਾਂਦਾ ਹੈ। ਇਹ ਬ੍ਰਿਜ ਥੇਮਜ਼ ਨਦੀ @ਤੇ ਬਣਿਆ ਹੋਇਆ ਹੈ। ਥੇਮਜ਼ ਨਦੀ ਵਿੱਚ ਜਦੋਂ ਵੀ ਕੋਈ ਵੱਡਾ ਜਹਾਜ਼ ਇਸ ਟਾਵਰ ਬ੍ਰਿਜ ਕੋਲੋਂ ਲੰਘਦਾ ਹੈ ਤਾਂ ਟਾਵਰ ਬ੍ਰਿਜ ਨੂੰ ਵਿਚਕਾਰੋਂ ਦੋਵਾਂ ਪਾਸਿਓਂ ਖੋਲ੍ਹ ਦਿੱਤਾ ਜਾਂਦਾ ਹੈ। ਅਜਿਹਾ ਇੱਕ ਦਿਨ ਵਿੱਚ ਲਗਪਗ ਤਿੰਨ ਵਾਰ ਹੁੰਦਾ ਹੈ। ਟਾਵਰ ਬ੍ਰਿਜ ਨੂੰ 1894 ਇਸਵੀ ਵਿੱਚ ਵਿਸ਼ਵ ਵਿਰਾਸਤ ਦਾ ਦਰਜਾ ਦਿੱਤਾ ਗਿਆ। ਇੱਥੇ ਟਾਵਰ ਬ੍ਰਿਜ ਪ੍ਰਦਰਸ਼ਨੀ ਵੀ ਲੱਗਦੀ ਹੈ। ਥੇਮਜ਼ ਨਦੀ ਦੀ ਇੱਕ ਹੋਰ ਖ਼ਾਸੀਅਤ ਇਹ ਵੀ ਹੈ ਕਿ ਸਵੇਰ ਦੇ ਸਮੇਂ ਇਹ ਸਮੁੰਦਰ ਵੱਲ ਵਗਦੀ ਹੈ ਅਤੇ ਸ਼ਾਮ ਦੇ ਸਮੇਂ ਇਹ ਸ਼ਹਿਰ ਦੇ ਅੰਦਰ ਵੱਲ ਵਗਦੀ ਹੈ। ਬੱਚਿਓ ! ਥੇਮਜ਼ ਨਦੀ ਦੇ ਕਿਨਾਰੇ ਸੈਲਾਨੀ ਜਾਂ ਹੋਰ ਲੋਕ ਅਕਸਰ ਇੱਥੇ ਚਾਹ ਜਾਂ ਕੌਫੀ ਪੀਂਦੇ ਅਤੇ ਅਖ਼ਬਾਰਾਂ, ਰਸਾਲੇ , ਪੁਸਤਕਾਂ ਆਦਿ ਪੜ੍ਹਦੇ ਨਜ਼ਰੀਂ ਆਉਂਦੇ ਹਨ। ਕਈ ਤਰ੍ਹਾਂ ਦੀਆਂ ਫ਼ਿਲਮਾਂ , ਨਾਟਕਾਂ , ਕਹਾਣੀਆਂ ਆਦਿ ਦੀ ਸ਼ੂਟਿੰਗ ਇੱਥੇ ਅਕਸਰ ਹੁੰਦੀ ਹੈ। ਇੱਥੇ ਹੀ ÷ ਲੰਦਨ - ਆਈ ÷ ਝੂਲਾ ਸਥਿਤ ਹੈ , ਜੋ ਕਿ ਲਗਪਗ 443 ਫੁੱਟ ਉੱਚਾ ਹੈ। ਇਸ ਝੂਲੇ ਦੇ 32 ਕੈਬਿਨ ਹਨ ਤੇ ਹਰੇਕ ਕੈਬਨ ਵਿਚ 25 ਲੋਕ ਬੈਠ ਸਕਦੇ ਹਨ। ਇਸ ਲੰਦਨ - ਆਈ ਝੂਲੇ ਦੀ ਖਾਸੀਅਤ ਇਹ ਹੈ ਕਿ ਇਸ ਦੀ ਗਤੀ ਬਹੁਤ ਧੀਮੀ ਹੁੰਦੀ ਹੈ ਤਾਂ ਜੋ ਹਰ ਉਮਰ - ਵਰਗ ਦਾ ਵਿਅਕਤੀ ਇਸ ਵਿੱਚ ਬੈਠ ਸਕੇ ਅਤੇ ਆਸਾਨੀ ਨਾਲ ਉੱਪਰੋਂ ਲੰਦਨ ਸ਼ਹਿਰ ਦਾ ਦ੍ਰਿਸ਼ ਆਨੰਦਮਈ ਢੰਗ ਨਾਲ ਦੇਖ ਸਕੇ। ਇਸ ਝੂਲੇ @ਤੇ ਬੈਠ ਕੇ ਲੰਦਨ ਸ਼ਹਿਰ ਦੇ ਲਗਪਗ 40 ਕਿੱਲੋਮੀਟਰ ਦੂਰ - ਦੂਰ ਤਕ ਦੇ ਮਨਮੋਹਕ ਦ੍ਰਿਸ਼ , ਇਮਾਰਤਾਂ ਅਤੇ ਖ਼ੂਬਸੂਰਤ ਥਾਂਵਾਂ ਤੇ ਦਿਲਕਸ਼ ਨਜ਼ਾਰੇ ਦੇਖੇ ਜਾ ਸਕਦੇ ਹਨ। ਇੱਥੇ ਦੇ ਲੋਕਾਂ ਨੂੰ ਸੰਗੀਤ , ਫ਼ਿਲਮਾਂ ਤੇ ਸਿਨੇਮੇ ਨਾਲ ਵੀ ਕਾਫੀ ਜ਼ਿਆਦਾ ਲਗਾਓ ਹੈ। ਇੱਥੇ ਸਿਨੇਮਾਘਰ ਵੀ ਕਾਫੀ ਗਿਣਤੀ ਵਿਚ ਮੌਜੂਦ ਹਨ। ਇੱਥੋਂ ਦੇ ਲੋਕ ਸੰਗੀਤ ਦੇ ਬਹੁਤ ਦੀਵਾਨੇ ਹਨ। ਜੈਜ , ਪੌਪ , ਰੌਕ ਆਦਿ ਸੰਗੀਤ ਇੱਥੇ ਚੱਲਦਾ ਹੀ ਮਿਲਦਾ ਹੈ। ਬੱਚਿਓ !ਲੰਦਨ ਵਿੱਚ ਵੇਖਣ ਅਤੇ ਮਾਣਨ ਲਈ ਅਨੇਕਾਂ ਥਾਵਾਂ ਹਨ , ਜਿਵੇਂ : ਟਾਵਰ ਬ੍ਰਿਜ , ਲੰਦਨ ਬ੍ਰਿਜ , ਚਿਡ ?ੀਆਘਰ , ਮੈਡਮ ਤੁਸਾਦਜ਼ ਮਿਊਜ਼ੀਅਮ , ਸਰਕਸ , ਨੈਸ਼ਨਲ ਗੈਲਰੀ , ਮਿਊਜ਼ੀਅਮ , ਪਾਰਲੀਮੈਂਟ ਸਟਰੀਟ , ਬਿੱਗਬੈਨ ਕਲਾਕ ਟਾਵਰ , ਪਾਰਲੀਮੈਂਟ ਸੁਕੇਅਰ, ਬਕਿੰਘਮ ਪੈਲੇਸ ( ਰਾਣੀ ਦਾ ਮਹਿਲ ), ਸੇਂਟ ਮਾਰਗ੍ਰੇਟ ਚਰਚ , ਹਾਈਡ ਪਾਰਕ , ਬ੍ਰਿਟਿਸ਼ ਸੰਸਦ , ਫੈਸ਼ਨੇਬਲ ਸਟਰੀਟ , ਔਕਸਫੋਰਡ ਸਟਰੀਟ , ਐਲਬਰਟ ਮਿਊ , ਰੀਜੈਂਟਸ ਪਾਰਕ , ਮੋਨੂਮੈਂਟ ਸਿਟੀ ਹਾਲ , ਬ੍ਰਿਟਿਸ਼ ਮਿਊਜ਼ੀਅਮ , ਨੈਚੁਰਲ ਹਿਸਟਰੀ ਮਿਊ , ਲੰਡਨ ਭੂਮੀਗਤ ਰੇਲਵੇ , ਕੈੱਲਸਿੰਗਟਨ ਪੈਲੇਸ , ਲੰਡਨ ਟਰਾਂਸਪੋਰਟ ਮਿਊਜ਼ੀਅਮ , ਬਿੰਡਸਰ ਪੈਲੇਸ ਆਦਿ। ਬਕਿੰਘਮ ਪੈਲੇਸ ਇੰਗਲੈਂਡ ਦੀ ਰਾਣੀ ਦੀ ਰਿਹਾਇਸ਼ ਸਥਲ ਹੈ। ਇਹ 1703 ਇਸਵੀ ਵਿੱਚ ਬਣਾਇਆ ਗਿਆ ਸੀ। ਇਸ ਵਿਚ 775 ਕਮਰੇ , 78 ਬਾਥਰੂਮ ਅਤੇ 92 ਦਫਤਰ ਹਨ। ਬ੍ਰਿਟਿਨ ਦੇ ਪ੍ਰਧਾਨ ਮੰਤਰੀ ਦਾ ਨਿਵਾਸ 10 ਡਾਊਨਿੰਗ ਸਟਰੀਟ ਵਿਖੇ ਹੈ। ਘੁੰਮਣ - ਫਿਰਨ ਵਾਲਿਆਂ ਲਈ ਲੰਦਨ ਵਿੱਚ ਕੋਈ ਕਮੀ ਨਹੀਂ ਹੈ। ਆਪਣੀ ਇੱਛਾ ਅਨੁਸਾਰ ਲੋਕ ਥੇਮਜ਼ ਨਦੀ ਵਿਖੇ ਕਰੂਜ਼ ਦੀ ਸਵਾਰੀ ਦਾ ਲੁਤਫ਼ ਵੀ ਉਠਾ ਸਕਦੇ ਹਨ। ਲੰਦਨ ਵਿੱਚ ਘੁੰਮਣ - ਫਿਰਨ ਲਈ ਸਾਇਕਲਾਂ ਕਿਰਾਏ @ਤੇ ਵੀ ਮਿਲ ਜਾਂਦੀਆਂ ਹਨ। ਉੱਚੀਆਂ - ਲੰਮੀਆਂ ਇਮਾਰਤਾਂ , ਅੱਛੀ - ਖਾਸੀ ਭੀੜ ਅਤੇ ਸਿਖਰ ਦੀ ਮਹਿੰਗਾਈ ਲੰਦਨ ਸ਼ਹਿਰ ਦੀ ਖ਼ਾਸੀਅਤ ਹੈ। ਲੰਦਨ ਵਿਚ ਆਉਣ - ਜਾਣ ਲਈ , ਘੁੰਮਣ - ਫਿਰਨ ਲਈ , ਕੁਝ ਦੇਖਣ ਲਈ , ਭਾਵ ਕਿ ਕੁਝ ਵੀ ਮਨੋਰੰਜਨ ਕਰਨ ਲਈ ਕਾਫ਼ੀ ਮੋਟੀ ਰਕਮ ਖਰਚਣੀ ਪੈਂਦੀ ਹੈ ਤਾਂ ਹੀ ਤਾਂ ਇਹ ਦੁਨੀਆ ਦਾ ਕਾਫ਼ੀ ਮਹਿੰਗਾ ਸ਼ਹਿਰ ਹੈ। ਕਥਿਤ ਤੌਰ @ਤੇ ਲੰਦਨ ਵਿੱਚ ਆਪਣਾ ਘਰ ਖ਼ਰੀਦਣ ਲਈ ਦੋ ਤੋਂ ਤਿੰਨ ਕਰੋੜ ਰੁਪਏ ਆਮ ਹੀ ਖ਼ਰਚ ਹੋ ਜਾਂਦੇ ਹਨ ਤੇ ਜਿਨ੍ਹਾਂ ਲੋਕਾਂ ਕੋਲ ਆਪਣਾ ਘਰ ਨਹੀਂ ਹੈ , ਉਨ੍ਹਾਂ ਦੀ ਕਮਾਈ ਦਾ ਲਗਪਗ ਪੰਜਾਹ - ਸੱਠ ਪ੍ਰਤੀਸ਼ਤ ਹਿੱਸਾ ਮਕਾਨ ਦੇ ਕਿਰਾਏ @ਤੇ ਹੀ ਖਰਚ ਹੋ ਜਾਂਦਾ ਹੈ। ਲੰਦਨ ਵਿੱਚ ਅਜਿਹੇ ਲੋਕ ਵੀ ਵੇਖੇ ਜਾ ਸਕਦੇ ਹਨ ਜਿਨ੍ਹਾਂ ਕੋਲ ਆਪਣਾ ਕੋਈ ਘਰ ਨਹੀਂ ਹੈ। ਇੱਥੇ ਜਾਗਰੂਕਤਾ ਰੈਲੀਆਂ ਆਦਿ ਸ਼ਾਂਤਮਈ ਢੰਗ ਤਰੀਕੇ ਨਾਲ ਹੀ ਕੱਢੀਆਂ ਜਾਂਦੀਆਂ ਹਨ। ਲੰਦਨ ਘੁੰਮਣ ਲਈ ਰੋਸਟਰ ਕਾਰਡ ਜਾਂ ਲੰਡਨ ਕਾਰਡ ਜਾਂ ਟ੍ਰੈਵਲ ਕਾਰਡ ਆਦਿ ਖ਼ਰੀਦ ਲੈਣਾ /ਬਣਵਾ ਲੈਣਾ ਚਾਹੀਦਾ ਹੈ। ਬੱਚਿਓ !ਲੰਦਨ ਸ਼ਹਿਰ ਦੀਆਂ ਹਵਾਵਾਂ ਵਿੱਚ ਇੱਥੋਂ ਦੀ ਅਮੀਰੀ ਅਤੇ ਖ਼ੁਸ਼ਹਾਲੀ ਆਮ ਹੀ ਝਲਕਦੀ ਹੈ। ਦੁਨੀਆਂ ਦੇ ਅਮੀਰ , ਆਧੁਨਿਕ ਤੇ ਪੁਰਾਤਨਤਾ ਦੇ ਸੰਗਮ ਨਾਲ ਭਰਪੂਰ ਲੰਦਨ ਸ਼ਹਿਰ ਨੂੰ ÷ ਕੌਸਮੋਪੌਲਿਟਨ ÷ ਦਾ ਦਰਜਾ ਪ੍ਰਾਪਤ ਹੈ। ਪਿਆਰੇ ਬੱਚਿਓ ! ਲੰਦਨ ਅਜਿਹਾ ਸ਼ਹਿਰ ਹੈ , ਜਿਸ ਦੇ ਦੇਸ਼ ਦੀ ਹਕੂਮਤ ਦੀ ਤੂਤੀ ਕਦੇ ਪੂਰੀ ਦੁਨੀਆਂ ਵਿੱਚ ਬੋਲਦੀ ਸੀ ਅਤੇ ਇਸ ਦੇ ਸਾਮਰਾਜ ਵਿੱਚ ਕਦੇ ਸੂਰਜ ਨਹੀਂ ਸੀ ਛਿਪਦਾ। ਆਪਣੇ ਆਪ ਵਿੱਚ ਇੰਨੀ ਮਹਾਨਤਾ ਸਮਾਈ ਬੈਠਾ ਹੈ : ਲੰਦਨ ਸ਼ਹਿਰ। ਬੱਚਿਓ ! ਲੰਦਨ ਸ਼ਹਿਰ ਦੇ ਮੈਡਮ ਤੁਸਾਦਜ਼ ਮਿਊਜ਼ੀਅਮ ਵਿੱਚ ਦੁਨੀਆਂ ਭਰ ਦੀਆਂ ਮਸ਼ਹੂਰ ਸ਼ਖ਼ਸੀਅਤਾਂ ਅਤੇ ਹਸਤੀਆਂ ਦੇ ਮੋਮ ਦੇ ਬੁੱਤ ਬਣੇ ਹੋਏ ਹਨ , ਜੋ ਕਿ ਬਹੁਤ ਹੀ ਆਕਰਸ਼ਕ ਹਨ। ਲੰਦਨ ਸ਼ਹਿਰ ਵਿੱਚ ਆਵਾਜਾਈ ਲਈ ਮੈਟਰੋ , ਹੋਪ ਔਨ - ਹੋਪ ਆੱਫ ਬੱਸਾਂ , ਡਬਲ ਡੈਕਰ ਬੱਸਾਂ ਤੇ ਬਲੈਕ ਕੈਬ ਮੌਜੂਦ ਹਨ। ਪਿਆਰੇ ਬੱਚਿਓ !ਲੰਦਨ ਸੰਸਾਰ ਦਾ ਮਹਾਨਤਮ ਨਗਰ ਹੈ। ਇੱਥੇ ਆ ਕੇ ਵਿਅਕਤੀ ਦੁਨੀਆਂ ਦੇ ਹਰ ਰੰਗ ਤੋਂ ਵਾਕਿਫ਼ ਹੋ ਜਾਂਦਾ ਹੈ। ਇਹ ਸ਼ਹਿਰ ਆਧੁਨਿਕ ਅਤੇ ਪੁਰਾਤਨ ਸੰਸਕ੍ਰਿਤੀ ਅਤੇ ਦਿੱਖ ਦਾ ਸੁਮੇਲ ਹੈ। ਅੱਜ ਵੀ ਇਸ ਸ਼ਹਿਰ ਦਾ ਪ੍ਰਭਾਵ , ਰੁਤਬਾ ਤੇ ਗੌਰਵ ਪਹਿਲਾਂ ਵਾਂਗ ਹੀ ਬਰਕਰਾਰ ਹੈ। ਹੀਥਰੋ ਹਵਾਈ ਅੱਡਾ ਇੱਥੋਂ ਦਾ ਮਸ਼ਹੂਰ ਹਵਾਈ ਅੱਡਾ ਹੈ। ਬੱਚਿਓ !ਲੰਦਨ ਸ਼ਹਿਰ ਦਾ ਸਮਾਂ ਭਾਰਤੀ ਸਮੇਂ ਤੋਂ ਲਗਭਗ ਸਾਢੇ ਪੰਜ ਘੰਟੇ ਪਿੱਛੇ ਹੈ। ਰਾਤ ਦੇ ਦਸ ਵਜੇ ਤੱਕ ਵਿਹੜੇ ਵਿੱਚ ਬੈਠ ਕੇ ਆਸਾਨੀ ਨਾਲ ਅਖਬਾਰ ਪੜ੍ਹੀ ਜਾ ਸਕਦੀ ਹੈ। ਇੱਥੋਂ ਦੇ ਘਰਾਂ ਦੀ ਬਣਤਰ ਅਤੇ ਦਿੱਖ ਬਾਹਰੀ ਤੌਰ @ਤੇ ਇੱਕੋ ਜਿਹੀ ਹੀ ਹੁੰਦੀ ਹੈ। ਹਾਂ ! ਅੰਦਰੂਨੀ ਤੌਰ @ਤੇ ਥੋੜ੍ਹਾ ਕੁਝ ਕੁ ਬਦਲਾਅ ਕੀਤਾ ਜਾ ਸਕਦਾ ਹੈ , ਪਰ ਬਾਹਰੀ ਤੌਰ @ਤੇ ਨਹੀਂ। ਬੱਚਿਓ ! ਲੰਦਨ ਦੀ ਕਰੰਸੀ ਦਾ ਨਾਂ ਬ੍ਰਿਟਿਨ ਪਾਊਂਡ /ਪੌਂਡ ਹੈ। ਦੁਨੀਆਂ ਭਰ ਦੇ ਵਧੇਰੇ ਸੈਲਾਨੀ ਇਸ ਖ਼ੂਬਸੂਰਤ ਸ਼ਹਿਰ ਦਾ ਲੁਤਫ ਉਠਾਉਣ ਆਉਂਦੇ ਹਨ। ਇੱਥੇ ਟ੍ਰੈਫਿਕ ਦੀ ਸਮੱਸਿਆ ਕਾਫੀ ਹੈ। ਲੰਦਨ ਦਾ ਮੌਸਮ ਜ਼ਿਆਦਾਤਰ ਠੰਢਾ ਹੁੰਦਾ ਹੈ। ਆਮ ਤੌਰ @ਤੇ ਵਰਖਾ ਆ ਜਾਣ ਦਾ ਡਰ ਰਹਿੰਦਾ ਹੈ। ਈ - ਰਿਕਸ਼ਾ ਇੱਥੇ ਵੀ ਦੇਖਣ ਨੂੰ ਮਿਲ ਜਾਂਦੇ ਹਨ। ਬੱਚਿਓ ! ਲੰਦਨ ਸ਼ਹਿਰ ਦੀ ਖ਼ਾਸੀਅਤ ਇਹ ਵੀ ਹੈ ਕਿ ਇੱਥੇ ਦੁਨੀਆਂ ਭਰ ਦੇ ਹਰੇਕ ਕੋਨੇ , ਹਰੇਕ ਦੇਸ਼ ਦਾ ਖਾਣਾ ਵੀ ਪ੍ਰਾਪਤ ਹੋ ਜਾਂਦਾ ਹੈ ; ਬਸ਼ਰਤੇ ਕਿ ਸਾਡੇ ਕੋਲ ਖਰਚਣ ਲਈ ਮੋਟੀ ਰਕਮ ਹੋਵੇ। ਦੁਨੀਆਂ ਭਰ ਦੇ ਬਹੁਤੇਰੇ ਅਰਬਪਤੀ ਲੋਕ ਇਸ ਧਨੀ ਸ਼ਹਿਰ ਵਿਚ ਨਿਵਾਸ ਕਰਦੇ ਹਨ। ਇਸ ਸ਼ਹਿਰ ਨੂੰ ਦੁਨੀਆਂ ਦਾ ÷ ਫਾਈਨੈਂਸ - ਸੈਂਟਰ÷ ਵੀ ਕਿਹਾ ਜਾਂਦਾ ਹੈ। ਬੱਚਿਓ ! ਵਿਸ਼ਵ ਦੀ ਸਭ ਤੋਂ ਪੁਰਾਣੀ ਪਹਿਲੀ ਭੂਮੀਗਤ ਰੇਲਵੇ ਦਾ ਨਿਰਮਾਣ 1863 ਈਸਵੀ ਵਿੱਚ ਲੰਦਨ ਸ਼ਹਿਰ ਵਿੱਚ ਹੀ ਹੋਇਆ ਸੀ , ਜਿਸ ਵਿੱਚ ਲਗਭਗ ਤੀਹ ਹਜ਼ਾਰ ਲੋਕ ਪ੍ਰਤੀ ਦਿਨ ਸਫ਼ਰ ਕਰਦੇ ਹੁੰਦੇ ਸਨ। ਬੱਚਿਓ !ਤੁਹਾਨੂੰ ਦੱਸ ਦੇਈਏ ਕਿ ਭਾਰਤ ਵਿੱਚ 1985 ਈਸਵੀ ਵਿਚ ਕੋਲਕਾਤਾ ਵਿਖੇ ਭੂਮੀਗਤ ਰੇਲਵੇ ਦੀ ਸ਼ੁਰੂਆਤ ਹੋਈ। ਖੇਡਾਂ ਦੇ ਖੇਤਰ ਵਿੱਚ ਵੀ ਲੰਦਨ ਨੇ ਕਾਫੀ ਮੱਲਾਂ ਮਾਰੀਆਂ ਹਨ। ਦੁਨੀਆ ਦੀਆਂ ਮਸ਼ਹੂਰ ਓਲੰਪਿਕ ਖੇਡਾਂ ਤਿੰਨ ਵਾਰ ਲੰਦਨ ਸ਼ਹਿਰ ਵਿੱਚ ਹੋ ਚੁੱਕੀਆਂ ਹਨ। ਲੰਦਨ ਸ਼ਹਿਰ ਵਿੱਚ ਟੈਲੀਵਿਜ਼ਨ @ਤੇ ਇੱਕ ਘੰਟੇ ਵਿਚ ਵੱਧ ਤੋਂ ਵੱਧ ਬਾਰਾਂ ਮਿੰਟ ਤੱਕ ਐਡ /ਮਸ਼ਹੂਰੀ ਦਿੱਤੀ ਜਾ ਸਕਦੀ ਹੈ। ਬੱਚਿਓ ! ਲੰਦਨ ਸ਼ਹਿਰ ਦੀ ਆਬਾਦੀ ਲਗਪਗ ਛੇ ਕਰੋੜ ਹੈ। ਇਹ ਵੀ ਹੈਰਾਨੀ ਦੀ ਗੱਲ ਹੈ ਕਿ ਇੱਥੋਂ ਦੇ ਲੋਕ ਚਾਹ ਪੀਣ ਦੇ ਬਹੁਤ ਹੀ ਜ਼ਿਆਦਾ ਸ਼ੌਕੀਨ ਹਨ। ਬੱਚਿਓ !ਲੰਦਨ ਬਰਤਾਨੀਆ ਅਤੇ ਯੂਰਪ ਦੀ ਪੱਤਰਕਾਰੀ ਦਾ ਧੁਰਾ ਰਿਹਾ ਹੈ। ਲੰਦਨ ਦੁਨੀਆਂ ਦੀਆਂ ਵੱਡੀਆਂ ਅਖ਼ਬਾਰਾਂ ਦਾ ਘਰ ਵੀ ਹੈ। ਇਹ ਸ਼ਹਿਰ ਲੇਖਕਾਂ , ਪੱਤਰਕਾਰਾਂ , ਅਖਬਾਰਾਂ , ਰਸਾਲਿਆਂ ਆਦਿ ਲਈ ਵੀ ਬਹੁਤ ਮਸ਼ਹੂਰ ਹੈ। ਲੰਦਨ ਦੀ ਪਹਿਲੀ ਅਖ਼ਬਾਰ ÷ ਦਿ ਔਕਸਫੋਰਡ ਗਜ਼ਟ÷ 1665 ਇਸਵੀ ਵਿੱਚ ਛਪੀ ਸੀ। ਪਿਆਰੇ ਬੱਚਿਓ !ਲੰਦਨ ਸ਼ਹਿਰ ਅੱਜ ਵੀ ਪਹਿਲਾਂ ਦੇ ਵਾਂਗ ਹੀ ਆਪਣੀ ਕਲਾ , ਫੈਸ਼ਨ , ਖੋਜ , ਯਾਤਰਾ , ਯਾਤਰਾ ਸਥਲ , ਮੀਡੀਆ , ਸਿਹਤ ਸਹੂਲਤਾਂ , ਕਾਮਰਸ , ਮਨੋਰੰਜਨ , ਪ੍ਰੋਫੈਸ਼ਨਲ ਸਰਵਿਸ , ਸੰਗ੍ਰਹਿਆਂ , ਗੈਲਰੀਆਂ , ਖੇਡ ਸਮਾਗਮਾਂ , ਸੱਭਿਆਚਾਰਕ ਸੰਸਥਾਵਾਂ ਆਦਿ ਲਈ ਵਿਸ਼ਵ ਵਿੱਚ ਪ੍ਰਸਿੱਧ ਹੈ ਅਤੇ ਅੱਜ ਵੀ ਆਪਣੀ ਸੰਸਕ੍ਰਿਤੀ , ਸੁਚੱਜਤਾ , ਵਿਗਿਆਨਕ ਤਰੱਕੀ , ਪ੍ਰਸਿੱਧ ਸਿੱਖਿਆ ਸੰਸਥਾਵਾਂ , ਤਕਨੀਕ , ਉਸਾਰੂ ਤੇ ਸੁਚਾਰੂ ਢਾਂਚੇ ,ਇਤਿਹਾਸਿਕਤਾ , ਵਪਾਰਿਕਤਾ , ਉਪਕ੍ਰਮਾਂ , ਅਪਣੱਤ , ਤਰੱਕੀ , ਖ਼ੁਸ਼ਹਾਲੀ ਤੇ ਮਨਮੋਹਕਤਾ ਲਈ ਹਰ ਬੱਚੇ , ਬਜ਼ੁਰਗ , ਨੌਜਵਾਨ , ਇਸਤਰੀ , ਵਿਦਿਆਰਥੀ ਤੇ ਸੈਲਾਨੀ ਦੀ ਪਹਿਲੀ ਪਸੰਦ ਬਣਿਆ ਹੋਇਆ ਹੈ। ਲੰਦਨ ਸ਼ਹਿਰ ਨੂੰ ਇਸੇ ਕਰਕੇ ÷ ਕੌਸਮੋਪੌਲਿਟਨ ÷ ਦਾ ਦਰਜਾ ਪ੍ਰਾਪਤ ਹੈ।



# ਕੀ ਸਾਡੇ ਦੇਸ਼ ਦੇ ਸਿਆਸਤਦਾਨ ਭਾਰਤੀ ਲੋਕਾਂ ਨਾਲ ਲੋਕ-ਤੰਤਰ ਵਾਲਾ ਵਿਵਹਾਰ ਕਰ ਰਹੇ ਨੇ ਜਾਂ ਧੱਕਾ ਤੰਤਰ ਵਾਲਾ.. ?

ਗੁਰਪ੍ਰੀਤ ਸਿੰਘ ਜਖਵਾਲੀ
ਮੋਬਾਇਲ 98550 36444

ਸਿਆਸਤਦਾਨਾਂ ਤੇ ਭਾਰਤੀ ਲੋਕਾਂ ਦਾ ਕਾਫ਼ੀ ਗੂੜ੍ਹਾ ਰਿਸ਼ਤਾ ਹੈ, ਇਹ ਰਿਸ਼ਤਾ ਕੋਈ ਖ਼ੂਨ ਵਾਲਾ ਜਾਂ ਰਿਸ਼ਤੇਦਾਰਾਂ ਵਾਲ਼ਾ ਨਹੀਂ ਨਾ ਹੀ ਕਿਸੇ ਪਿਆਰ ਵਾਲ਼ਾ ਰਿਸ਼ਤਾ ਹੈ, ਇਹ ਰਿਸ਼ਤਾ ਹੈ ਤਾਂ ਸਿਰਫ਼ ਤੇ ਸਿਰਫ਼ ਵੋਟਾਂ ਵਾਲਾ ,ਵੋਟਾਂ ਲੈਣ ਤੱਕ ਜਾਂ ਆਪਣੇ ਆਪਣੇ ਬਿਜ਼ਨਸ ਤੇ ਬੈਂਕ ਬੈਲਸ ਦੇ ਨਾਲ ਨਾਲ ਹੋਰ ਵੀ ਕੰਮਾਂਕਾਰਾਂ ਵਿੱਚ ਹਿੱਸੇਦਾਰੀਆਂ ਵਧਾਉਣ ਤੱਕ ਦਾ ਮਤਲਬੀ ਭਰਿਆਂ ਤੇ ਝੂਠੇ ਵਿਖਾਵੇ ਵਾਲਾ ਇੱਕ ਮੁਖੌਟਾ ,ਇਹ ਸਿਆਸਤਦਾਨ ਬਹੁਤ ਸਾਰੇ ਰੰਗ ਬਦਲਦੇ ਰਹਿੰਦੇ ਹਨ,ਵੋਟਾਂ ਦੇ ਨੇੜੇ ਭਾਰਤੀ ਲੋਕਾਂ ਨਾਲ ਇਹ ਸਿਆਸੀ ਲੋਕ ਬਹੁਤ ਸਾਰੇ ਰਿਸ਼ਤੇ ਬਣਾ ਲੈਂਦੇ ਹਨ,ਬਹੁਤੇ ਜਾਤਭਾਈ ਬਣ ਜਾਂਦੇ ਹਨ,ਬਹੁਤੇ ਇਨਸਾਨੀਅਤ ਦਾ ਰਾਗ ਅਲਾਪਣ ਲੱਗ ਜਾਂਦੇ ਹਨ,ਬਹੁਤੇ ਲਾਲਚੀ ਵਿਰਤੀ ਨਾਲ਼ ਭਾਰਤੀ ਲੋਕਾਂ ਨੂੰ ਆਪਣੇ ਪਿੱਛੇ ਲਾ ਲੈਂਦੇ ਹਨ,ਅੰਤ ਵਿੱਚ ਜਿੱਤਣ ਤੋਂ ਬਾਅਦ ਸਾਰੇ ਦੇ ਸਾਰੇ ਅਸਲ ਰੰਗ ਵਿਖਾਉਂਦੇ ਹਨ,ਜਦ ਜਿੱਤਣ ਤੋਂ ਬਾਅਦ ਪਿੰਡ ਜਾਂ ਸ਼ਹਿਰ ,ਕਸਬਿਆਂ ਤੱਕ ਇਹਨਾਂ ਕੋਲ ਧੰਨਵਾਦ ਸ਼ਬਦ ਆਖਣ ਤੱਕ ਦਾ ਸਮਾਂ ਤੱਕ ਨਹੀਂ ਹੁੰਦਾ,ਇਹ ਆਪਣੀ ਜਿੱਤ ਫ਼ਤਿਹ ਕਰਕੇ ਉਮਰ ਭਰ ਲਈ ਆਪਣੀ ਪੈਨਸ਼ਨ ਤੇ ਹੋਰ ਭੱਤਿਆਂ ਦੇ ਨਾਲ ਨਾਲ ਸਰਕਾਰੀ ਸਹੂਲਤਾਂ ਲੈਣ ਦੇ ਹੱਕਦਾਰ ਬਣ ਜਾਂਦੇ ਹਨ,ਤੇ ਵਿਚਾਰੇ ਵੋਟਰ ਫੇਰ ਉੱਥੇ ਦੇ ਉੱਥੇ। ਜ਼ੇਕਰ ਗੱਲ ਕਰੀਏ ਕਿ ਭਾਰਤ ਨੂੰ ਅਜ਼ਾਦ ਹੋਇਆ 73 ਸਾਲ ਹੋ ਗਏ ਹਨ ,ਪਰ ਅਜ਼ਾਦੀ ਦੇ ਨਿੱਘ ਦੀ ਗੱਲ ਕੀਤੀ ਜਾਵੇ ਉਹ ਵੀ ਸਿਆਸੀ ਲੋਕਾਂ ਨੇ ਹੀ ਅਨੰਦ ਮਾਣਿਆ ਹੈ, ਤੁਸੀਂ ਹੁਣ ਤੱਕ ਦੇ ਕਿਸੇ ਵੀ ਸਿਆਸੀ ਬੰਦੇ ਜਾਂ ਵਿਧਾਇਕ ਚਾਹੇ ਉਹ ਰਾਜ ਸਭਾ ਦਾ ਹੋਵੇ ਜਾਂ ਫ਼ਿਰ ਵਿਧਾਨ ਸਭਾ ਦਾ ਹੋਵੇ ,ਉਹਨਾਂ ਸਭ ਦੀ ਆਪਣੀ ਨਿੱਜੀ ਜਾਇਦਾਤ ਦਿਨ ਦੁੱਗਣੀ ਤੇ ਰਾਤ ਚੌਗਣੀ ਹੀ ਹੋਈ ਹੈ, ਵਿਧਾਇਕ ਚਾਹੇ ਕਿਸੇ ਵੀ ਪਾਰਟੀ ਦਾ ਹੋਵੇ ਜ਼ੇਕਰ ਉਸਦੀ ਜਾਇਦਾਤ ਦੀ ਗੱਲ ਕੀਤੀ ਜਾਵੇ ਤਾਂ ਘਟੋਂ ਘੱਟ 45 ਕਰੋੜ ਤੋਂ ਲੈਕੇ ਅੱਗੇ ਸੈਂਕੜੇ ਕਰੋੜਾਂ ਵਿੱਚ ਪਹੁੰਚ ਜਾਂਦੀ ਹੈ, ਫ਼ੇਰ ਭਾਰਤੀ ਲੋਕ ਜਾਂ ਵੋਟਰ ਗ[illegible] ਇਹਨਾਂ ਨੂੰ ਜਿਤਾਉਂਦੇ ਤੇ ਬਣਾਉਂਦੇ [illegible] ਲੋਕ ਭਾਰਤੀ ਲੋਕਾਂ ਤੋਂ ਜਿੱਤ ਅਮੀਰ [illegible] ਭਾਰਤੀ ਲੋਕ ਗ਼ਰੀਬ ਕਿਉਂ ਸੋਚਣਾ ਤੇ ਬਣਦਾ ਹੈ।

ਸਿਆਸਤ ਵਿੱਚ ਆਕੇ ਕਿਉਂ ਸਿਆਸਤਦਾਨ ਕਰੋੜਾਂ ਪਤੀ ਤੇ ਪਾਵਰਫੁੱਲ ਹੋ ਜਾਂਦੇ ਹਨ ਤੇ ਭਾਰਤੀ ਵੋਟਰ ਲਾਚਾਰ ਹੋ ਜਾਂਦੇ ਹਨ,ਲੋਕਾਂ ਦੇ ਬਣਾਏ ਹੋਏ ਤੇ ਜਿਤਾਏ ਹੋਏ ਇਹ ਸਿਆਸੀ ਲੀਡਰ ਅਖਵਾਉਣ ਵਾਲੇ ਲੋਕਾਂ ਤੋਂ ਕਿਉਂ ਪਾਸਾ ਵੱਟ ਲੈਂਦੇ ਹਨ,ਜ਼ੇਕਰ ਅੱਜ ਦੀ ਗੱਲ ਕਰੀਏ ਤਾਂ ਬਹੁਤ ਸਾਰੇ ਲੋਕ ਅੱਜ ਵੀ ਵਿਕਾਸ ਦੇ ਸ਼ਬਦ ਸਿਰਫ਼ ਸੁਣਨ ਰਹੇ ਹਨ ਪਰ ਵਿਕਾਸ ਨਾਮਾਤਰ ਹੀ ਹੋਇਆ ਹੈ, ਭਾਰਤੀ ਲੋਕਾਂ ਵੱਲੋਂ ਇਹਨਾਂ ਵਿਧਾਇਕਾਂ ਨੂੰ ਜਿਤਾਕੇ ਆਪਣੇ ਸਵਾਲਾਂ ਦੇ ਜ਼ਵਾਬ ਪੁੱਛਣ ਤੇ ਕਿਉਂ ਦੇਸ਼ ਧ੍ਰੋਹੀ ਜਾਂ ਵਿਰੋਧੀ ਪਾਰਟੀ ਜਾਂ ਪੱਖਪਾਤੀ ਕਿਹਾ ਜਾਂਦਾ ਹੈ,ਜ਼ੇਕਰ ਗੱਲ ਹੱਕਾਂ ਦੀ ਆ ਜਾਵੇ ਤਾਂ ਅੱਤਵਾਦੀ ਕਹਿਣ ਦੇਣ ਦਾ ਅਧਿਕਾਰ ਵੀ ਇਹਨਾਂ ਬੇਗ਼ੈਰਤ ਸਿਆਸੀ ਲੋਕਾਂ ਨੂੰ ਹੈ, ਕੀ ਆਪਣੇ ਹਲ਼ਕੇ ਦੇ ਵਿਧਾਇਕ ਤੋਂ ਸਵਾਲ ਪੁੱਛਣਾ ਕੋਈ ਅਪਰਾਧ ਸ਼੍ਰੇਣੀ ਵਿੱਚ ਆਉਂਦਾ ਹੈ ਜਾਂ ਆਪਣੇ ਪਿੰਡ ਸ਼ਹਿਰ ਦੇ ਕੰਮ ਨਾ ਹੋਣ ਤੇ ਸਵਾਲ ਜ਼ਵਾਬ ਕਰਨੇ ਵਿਰੋਧੀ ਪਾਰਟੀ ਦਾ ਨਾਮ ਦੇਣਾ ਕਿੱਥੋਂ ਤੱਕ ਜਾਇਜ਼ ਹੈ।

ਹੁਣ ਤੇ ਇੰਝ ਲੱਗਦਾ ਹੈ ਕੀ ਨਾ ਤੇ ਕੋਈ ਲੋਕਤੰਤਰ ਰਿਹਾ ਹੈ ਨਾ ਹੀ ਕੋਈ ਵੋਟ ਤੰਤਰ ਲੋਕਾਂ ਦੇ ਵੱਲੋਂ ਬਣਾਏ ਹੋਏ ਨੇਤਾ ਹੀ ਆਪਣੇ ਹਲ਼ਕੇ ਦੇ ਲੋਕਾਂ ਨਾਲ ਧੱਕਾ ਕਰਦੇ ਹਨ ਜਾਂ ਉੱਚ ਅ਼ਫਸਰਾਂ ਜਾਂ ਅਧਿਕਾਰੀਆਂ ਤੋਂ ਕਰਵਾਉਂਦੇ [illegible] ਨਹੀਂ ਧੱਕਾ ਤੰਤਰ ਹੀ ਕਹਿ ਸਕਦੇ [illegible]ੱਕ ਸ਼ਬਦ ਬਣਕੇ ਰਹਿ ਗਿਆ ਹੈ [illegible] ਧੱਕਾ-ਤੰਤਰ ਹੀ ਹੁੰਦਾ ਹੈ, ਕਾਰਨ ਇਹੋ ਹੈ ਕੀ ਕੋਈ ਵਿਧਾਇਕ ਜਿੱਤਣ ਤੋਂ ਬਾਅਦ ਲੋਕਾਂ ਦਾ ਵਿਧਾਇਕ ਨਹੀਂ ਰਹਿੰਦਾ,ਉਹ ਮਤਲਬੀ ਤੇ ਮੌਕਾਪ੍ਰਸਤੀ ਇਨਸਾਨ ਬਣ ਜਾਂਦਾ ਹੈ, ਜੋ ਕਿ ਆਪਣੇ ਅਧਿਕਾਰਾਂ ਨੂੰ ਕਿੱਲੇ ਟੰਗਕੇ ਸੰਵਿਧਾਨ ਦੀ ਪ੍ਰਵਾਹ ਕੀਤਿਆਂ ਬਿਨਾਂ ਹੀ ਆਪਣੀ ਮਰਜ਼ੀ ਦੇ ਅਫਸਰਾਂ ਤੋਂ ਕੰਮ ਕਰਵਾਉਂਦੇ ਰਹਿੰਦੇ ਹਨ,ਜ਼ੇਕਰ ਉਹ ਅ਼ਫਸਰ ਜਾਂ ਕਰਮਚਾਰੀ ਉਹਨਾਂ ਦੇ ਹੁਕਮਾਂ ਦੀ ਉਲੰਘਣਾ ਕਰਦੇ ਹਨ ਤਾਂ ਉਹਨਾਂ ਨੂੰ ਵਿਰੋਧ ਦਾ ਸਾਹਮਣਾ ਜਾਂ ਕਿਸੇ ਹੋਰ ਸ਼ਹਿਰ ਦੀ ਬਦਲੀ ਦੇ ਰੂਪ ਵਿੱਚ ਹਰਜਾਨਾ ਭਰਨਾ ਪੈਂਦਾ ਹੈ।ਹੁਣ ਦੱਸੋ ਕੀ ਇਹ ਲੋਕ ਤੰਤਰ ਹੋਇਆ ਕੀ ਧੱਕਾ ਤੰਤਰ। ਹੁਣ ਤਾਂ ਸਮੁੱਚੇ ਵੋਟਰਾਂ ਨੂੰ ਹੀ ਆਪਣੀ ਸੂਝਬੂਝ ਤੋਂ ਕੰਮ ਲੈਣਾ ਪਵੇਗਾ ਕੀ ਮੌਕਾਪ੍ਰਸਤ ਸਿਆਸੀ ਲੋਕਾਂ ਤੋਂ ਆਪਣੇ ਆਪ ਤੇ ਆਪਣੇ ਹਲ਼ਕੇ ਨੂੰ ਬਚਾਉਣ ਲਈ ਇਹਨਾਂ ਨੂੰ ਬਾਹਰ ਦਾ ਰਾਹ ਵਿਖਾਉਣਾ ਪਵੇਗਾ।ਬਾਕੀ ਇੱਕ ਬੇਨਤੀ ਦੇਸ਼ ਦੀ ਉੱਚ ਅਦਾਲਤਾਂ ਨੂੰ ਹੈ ਕਿ ਅਪਰਾਧੀ ਲੋਕਾਂ ਦੇ ਸਿਆਸਤ ਵਿੱਚ ਆਉਣ ਤੇ ਮੁਕੰਮਲ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ ਤੇ ਸਿਆਸਤ ਵਿੱਚ ਬੈਠੇ ਅਪਰਾਧੀ ਸਿਆਸਤਦਾਨਾਂ ਤੋਂ ਸਾਰੀਆਂ ਸਰਕਾਰੀ ਸੁਖ ਸਹੂਲਤਾਂ ਵਾਪਸ ਲੈ ਲੈਣੀਆਂ ਚਾਹੀਦੀਆਂ ਹਨ,ਕਿਉਂਕਿ ਕੀ ਦੇਸ਼ ਦੇ ਨੁਮਾਇੰਦਿਆਂ ਦੀ ਸੋਚ ਸੱਚੀ ਸੁੱਚੀ ਤੇ ਸੰਵਿਧਾਨਕ ਹੋਣੀ ਚਾਹੀਦੀ ਹੈ ਨਾ ਕੀ ਦੇਸ਼ ਮਾਰੂ ਨੀਤੀਆਂ ਵਾਲੀ।\ ਜ਼ੇਕਰ ਕੋਈ ਵੀ ਰਾਜ ਸਭਾ ਤੋਂ ਜਾਂ ਵਿਧਾਨ ਸਭਾ ਤੋਂ ਚੋਣ ਲੜਦੇ ਹਨ ਤਾਂ ਉਹਨਾਂ ਵੱਲੋਂ ਕੀਤਾ ਵਿਕਾਸ ਤੇ ਲੋਕਾਂ ਦੀ ਲੋਕ ਰਾਏ ਮੁਤਾਬਿਕ ਹੀ ਇਹਨਾਂ ਨੂੰ ਸੁੱਖ ਸਹੂਲਤਾਂ ਪ੍ਰਦਾਨ ਹੋਣੀਆਂ ਚਾਹੀਦੀਆਂ ਹਨ ,ਜ਼ੇਕਰ ਕਾਨੂੰਨ ਸਭ ਲਈ ਬਰਾਬਰ ਹੈ ਤਾਂ ਇਹ ਸਿਆਸੀ ਲੋਕ ਕਿਹੜੀ ਦੁਨੀਆਂ ਦੇ ਹੋਏ ਜੋ ਨਾ ਤਾਂ ਕਾਨੂੰਨ ਨੂੰ ਮੰਨਦੇ ਹਨ ਨਾ ਹੀ ਕਿਸੇ ਸੰਵਿਧਾਨ ਦੀ ਪ੍ਰਵਾਹ ਕਰਦੇ ਹਨ ,ਕੀ ਸਾਡੀਆਂ ਸਰਬ ਉੱਚ ਅਦਾਲਤਾਂ ਨੂੰ ਕੋਈ ਵੀ ਮੌਲਿਕ ਅਧਿਕਾਰ ਨਹੀਂ ਕੀ ਉਹ ਕਿਸੇ ਵੀ ਹਲ਼ਕੇ ਦੇ ਵਿਧਾਇਕ ਜਾਂ ਪਾਰਲੀਮੈਂਟ ਮੈਂਬਰ ਦੀ ਜਾਇਦਾਤ ਜਾਂ ਵੱਧ ਰਹੇ ਬੈਂਕ ਬੈਲਸ ਉੱਤੇ ਕੋਈ ਵੀ ਰੋਕ ਟੋਕ ਨਹੀਂ ਕਰ ਸਕਦੀਆਂ ,ਆਖਿਰ ਕਿਉਂ ਇਹਨਾਂ ਨੂੰ ਸਾਡੇ ਇਨਕਮ ਟੈਕਸ ਅਦਾਰੇ ਤੋਂ ਬਾਹਰ ਰੱਖਿਆ ਜਾਂਦਾ ਹੈ,ਕੀ ਇਹ ਸਭ ਭਾਰਤੀ ਲੋਕਾਂ ਦੇ ਦਿੱਤੇ ਟੈਕਸ ਉੱਤੇ ਮੌਜਾਂ ਕਰਨ ਵਾਲੇ ਤੇ ਮੁਫ਼ਤ ਸਹੂਲਤਾਂ ਲੈਣ ਵਾਲੇ ਮੁਫ਼ਤਖੋਰ ਹਨ ,ਕੀ ਭਾਰਤੀ ਲੋਕਤੰਤਰ ਦੇ ਨਾਮ ਉੱਤੇ ਇਹ ਧੱਕਾ ਤੰਤਰ ਚੱਲਦਾ ਰਹੇਗਾ ਜਾਂ ਭਾਰਤੀ ਲੋਕ ਕਦੇ ਜਾਗਣਗੇ।

# ਪਿੰਡ ਫੂਲ 'ਚ ਪੰਜਾਬੀ ਵਿਰਸਾ ਸਾਂਭੀ ਬੈਠਾ "ਨਛੱਤਰ ਸਿੰਘ ਉਰਫ ਸੱਤੀ ਫੂਲ ਵਾਲਾ"

ਬਠਿੰਡਾ ਜ਼ਿਲ੍ਹੇ ਦੇ ਪਿੰਡ ਫੂਲ ਦਾ ਵਸਨੀਕ ਨਛੱਤਰ ਸਿੰਘ ਆਪਣੇ ਅਵੱਲੇ ਸ਼ੌਕ ਕਰਕੇ ਜਾਣੀ-ਪਛਾਣੀ ਹਸਤੀ ਬਣ ਚੁੱਕਾ ਹੈ। ਨਛੱਤਰ ਸਿਉਂ ਨੂੰ ਪੁਰਾਤਨ ਵਸਤਾਂ ਜੋ ਸਾਡੇ ਘਰਾਂ ਵਿਚੋਂ ਅਲੋਪ ਹੋ ਰਹੀਆਂ ਨੇ, ਨੂੰ ਇਕੱਠੀਆਂ ਕਰਨ ਦਾ ਵਚਿੱਤਰ ਸ਼ੌਕ ਹੈ। ਇਸ ਸ਼ੌਕ ਕਾਰਨ ਹੀ ਉਸ ਕੋਲ ਹਜ਼ਾਰਾਂ ਪੁਰਾਤਨ ਤੇ ਦੁਰਲੱਭ ਚੀਜ਼ਾਂ ਹਨ। ਨਛੱਤਰ ਸਿੰਘ ਦੇ ਵਿਰਾਸਤੀ ਖਜ਼ਾਨੇ ਵਿਚ ਟਿਊਬਾਂ ਵਾਲਾ ਰੇਡੀਓ,ਊਰਾ-ਊਰੀ, ਆਟਾ ਪੀਸਣ ਵਾਲੀ ਹੱਥ ਚੱਕੀ, ਰਾਜਿਆਂ ਵੇਲੇ ਦਾ ਖੰਜਰ, ਦੁੱਧ ਰਿੜਕਣ ਵਾਲੀ ਮਧਾਣੀ, ਕੱਪੜੇ ਸੀਓਣ ਵਾਲੀਆਂ ਮਸ਼ੀਨਾਂ, ਸੂਤ ਵਾਲਾ ਮੰਜਾ, ਖੂਹ 'ਚੋਂ ਪਾਣੀ ਕੱਢਣ ਵਾਲਾ ਬੋਕਾ ਤੇ ਡੋਲ, ਵਲ ਟੋਹੀਆਂ, ਕੁੱਤਾ ਨਲਕਾ, ਪੁਰਾਤਨ ਕਾਲ ਦੇ ਸਿੱਕੇ, ਈਸਟ ਇੰਡੀਆ ਦੇ ਸਿੱਕੇ, ਟਕੇ, ਧੇਲੇ, ਆਨੇ-ਦੁਆਨੇ, ਗਲੀ ਵਾਲੇ ਪੈਸੇ, ਫੋਟੋ ਖਿੱਚਣ ਵਾਲੇ ਕੈਮਰੇ, ਪੰਜਾਲੀ, ਖੂਹ ਦੀਆਂ ਟਿੰਡਾਂ, ਦਾਤੀ, ਝਰਨੀ, ਬੱਤੀਆਂ ਵਾਲਾ ਸਟੋਪ, ਚਰਖੇ, ਤੂਰੀ, ਅਟੇਰਨੇ, ਕਪਾਹ ਵੇਲਣ ਵਾਲਾ ਵੇਲਣਾ, ਪਿੱਤਲ ਦੇ ਛੰਨੇ, ਪਿੱਤਲ ਦੀ ਥਰਮਸ, ਚਮਚੇ, ਕੜਛੀਂ, ਕੇਤਲੀ, ਪਿੱਤਲ ਦੇ ਥਾਲ, ਕੰਗਣੀ ਵਾਲੇ ਗਿਲਾਸ, ਪਰਾਂਤ, ਸੁਰਾਹੀਆਂ, ਗੜਵੀਆਂ, ਫੁਲੱਦਾਨ, ਕਾਂਸੇ ਦੇ ਬਰਤਨ, ਊਠ ਘੋੜੇ ਦੀ ਨਿਓਲ, ਹੱਥਕੜੀਆਂ, ਸੇਵੀਆ ਵੱਟਣ



ਵਾਲੀ ਜੰਡੀ, ਪੁਰਾਣੇ ਲੈਂਪ, ਪੁਰਾਣੇ ਜਮਾਨੇ ਦੀਆਂ ਲਾਲਟੈਣਾਂ, ਪੁਰਾਣੇ ਟੈਲੀਫੋਨ, ਖਰਲ, ਕੋਲਿਆਂ ਵਾਲੀ ਪ੍ਰੈਸ, ਪੁਰਾਣੇ ਮਾਈਕ, ਟੈਮਪੀਸ, ਹੁੱਕੇ, ਭਾਰ ਤੋਲਣ ਵਾਲੇ ਵੱਟੇ, ਚੱਕਲ ਵੇਲਣੇ, ਛਾਨਣੀਆਂ, ਪਟਾਰੀ,ਪਸ਼ੂਆਂ ਦੀਆਂ ਛਿੱਕਲੀਆਂ, ਰੇਹੜੀ ਦਾ ਜੂਲਾ, ਤੰਗਲੀ, ਸਲੰਘ, ਬੋਹੀਆ, ਮੂੜ੍ਹਾ, ਬਿਜੜੇ ਦਾ ਆਲ੍ਹਣਾ, ਊਠਾਂ ਦੀਆਂ ਕਾਠੀਆਂ, ਕੱਪੜੇ ਰੱਖਣ ਵਾਲੀ ਟੋਕਰੀ, ਖੂਹ 'ਚੋਂ ਡੋਲ ਕੱਢਣ ਵਾਲੀਆਂ ਕੁੰਡੀਆਂ, ਹੱਥ ਪੱਖੇ,ਕੁੱਚ, ਦੋ ਮੰਜਿਆਂ ਨੂੰ ਜੋੜ ਕੇ ਲੱਗਣ ਵਾਲਾ ਸਪੀਕਰ, ਇਲੈਕਟ੍ਰਾਨਿਕ ਗ੍ਰਾਮੋਫੋਨ ਮਸ਼ੀਨ, ਚਾਬੀ ਵਾਲੀਆਂ ਗ੍ਰਾਮੋਫੋਨ ਮਸ਼ੀਨਾਂ, ਐਚ.ਐਮ. ਵੀ. ਕੰਪਨੀ ਦੇ ਚੇਂਜਰ, ਮਰਫੀ ਅਤੇ ਐਚ. ਐਮ. ਵੀ. ਕੰਪਨੀ ਦੇ ਲਾਈਸੈਂਸ ਵਾਲੇ ਰੇਡੀਓ ਅਤੇ ਉਨ੍ਹਾਂ ਦੇ ਲਾਈਸੈਂਸ, ਸਪੂਲਾਂ ਵਾਲੀਆਂ ਟੇਪਾਂ, ਕੈਸਟਾਂ, ਪੱਥਰ ਦੇ ਤਵੇ (ਰਿਕਾਰਡ), ਐਲ. ਪੀ. (ਲੋਂਗ ਪਲੇਅ) ਰਿਕਾਰਡ ਅਤੇ ਈ. ਪੀ. (ਐਕਸਟੈਂਡ ਪਲੇਅ) 33,45, 78 ਸਪੀਡਾਂ ਵਾਲੇ ਰਿਕਾਰਡ ਪਏ ਹਨ। ਨਛੱਤਰ ਸਿੰਘ ਦੇ ਸੰਗੀਤਕ ਖਜ਼ਾਨੇ ਵਿਚ ਉਹ ਅਨਮੋਲ ਰਿਕਾਰਡ ਵੀ ਸਾਂਭੇ ਪਏ ਜੋ ਸ਼ਾਇਦ ਦੁਨੀਆਂ ਦੇ ਕਿਸੇ ਵੀ ਕੋਨੇ 'ਚੋਂ ਨਾ ਮਿਲਣ। ਪੁਰਾਣੇ ਖਿਆਲਾਤ ਤੇ ਸਾਦੇ ਰਹਿਣ ਬਹਿਣ ਦੇ ਸ਼ੌਕੀਨ ਸਰਦਾਰ ਬੰਤਾ ਸਿੰਘ ਦਾ ਇਹ ਲੜਕਾ ਨਛੱਤਰ ਸਿੰਘ ਦੱਸਦਾ ਹੈ ਕਿ ਉਸ ਨੂੰ ਇਹ ਚੀਜ਼ਾਂ ਇਕੱਠੀਆਂ ਕਰਨ ਦਾ ਸ਼ੌਕ ਚਾਰ-ਪੰਜ ਦਹਾਕੇ ਪਹਿਲਾਂ ਪਿਆ। ਵੱਖ ਵੱਖ ਸ਼ਹਿਰਾਂ ਤੇ ਪਿੰਡਾਂ ਦੀ ਖਾਕ ਛਾਣ ਕੇ ਘੇਰਲੂ ਤੰਗੀਆਂ ਤਰੁਸ਼ੀਆਂ ਝੱਲ ਕੇ ਉਸ ਨੇ ਇਹ ਪੁਰਾਤਨ ਵਸਤਾਂ ਇਕੱਠੀਆਂ ਕਰ ਕੇ ਆਪਣੇ ਸ਼ੌਕ ਨੂੰ ਪੂਰਿਆ ਹੈ। ਨਛੱਤਰ ਸਿੰਘ ਉਰਫ ਕਾਕਾ ਫੂਲ ਵਾਲੇ ਨੇ ਦੱਸਿਆ ਕਿ ਮੇਰੇ ਇਸ ਸ਼ੌਕ 'ਚ ਮੇਰੇ ਪੂਰੇ ਪਰਿਵਾਰ ਦਾ ਪੂਰਾ ਸਹਿਯੋਗ ਮਿਲ ਰਿਹਾ ਹੈ। ਜਿਨ੍ਹਾਂ ਦੇ ਸਹਿਯੋਗ ਸਦਕਾ ਹੀ ਨਛੱਤਰ ਸਿੰਘ ਇਹ ਅਣਮੁੱਲੀ ਵਿਰਾਸਤ ਸਾਂਭ ਕੇ ਆਪਣਾ ਇਹ ਸ਼ੌਂਕ ਪੂਰਾ ਕਰ ਰਿਹਾ ਹੈ। ਨਛੱਤਰ ਸਿੰਘ ਇਨ੍ਹਾਂ ਵਿਰਾਸਤੀ ਵਸਤਾਂ ਦੀ ਪੰਜਾਬ ਦੇ ਕਈ ਮਸ਼ਹੂਰ ਮੇਲਿਆਂ, ਸਕੂਲਾਂ ਤੇ ਕਾਲਜਾਂ ਵਿਚ ਪ੍ਰਦਰਸ਼ਨੀਆਂ ਵੀ ਲਗਾ ਚੁੱਕਾ ਹੈ। ਇਸ ਨੇਕ ਕਾਰਜ ਕਰਕੇ ਵੱਖ-ਵੱਖ ਸੰਸਥਾਵਾਂ ਨਛੱਤਰ ਸਿੰਘ ਨੂੰ ਸਲਮਾਨਿਤ ਵੀ ਕਰ ਚੁੱਕੀਆਂ ਹਨ। ਨਛੱਤਰ ਸਿੰਘ ਨੇ ਇਹ ਪੁਰਾਤਨ ਅਨਮੋਲ ਦੁਰਲੱਭ ਵਿਰਾਸਤੀ ਵਸਤਾਂ ਇਕੱਤਰ ਕਰਨ ਦਾ ਸ਼ੌਕ ਇਸ ਕਰਕੇ ਪਾਲਿਆ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਸ਼ਾਨਾਮੱਤੇ ਵਿਰਸੇ ਤੋਂ ਜਾਣੂ ਹੋ ਸਕਣ। ਅਜੋਕੇ ਮਹਿੰਗਾਈ ਦੇ ਯੁੱਗ ਵਿਚ ਸ਼ੌਕ ਪਾਲਣਾ ਕੋਈ ਆਸਾਨ ਕੰਮ ਨਹੀਂ ਰਿਹਾ, ਆਪਣਾ ਘਰ ਫੂਕ ਤਮਾਸ਼ਾ ਦੇਖਣ ਵਾਲੀ ਗੱਲ ਹੈ। ਮੇਰੇ ਸਲਾਮ ਹੈ ਨਛੱਤਰ ਸਿੰਘ ਨੂੰ ਜਿਸ ਨੇ ਇਸ ਮਹਿੰਗਾਈ ਦੇ ਯੁੱਗ ਵਿਚ ਵੀ ਇਸ ਸ਼ੌਕ ਨੂੰ ਪਾਲਿਆ ਹੈ ਅਤੇ ਇਨ੍ਹਾਂ ਪੁਰਾਤਨ ਵਸਤਾਂ ਦੀ ਸੰਭਾਲ ਕਰ ਰਿਹਾ ਹੈ।

-ਤਸਵਿੰਦਰ ਸਿੰਘ ਬੜੈਚ
ਪਿੰਡ ਦੀਵਾਲਾ, ਤਹਿਸੀਲ ਸਮਰਾਲਾ,
ਜਿਲ੍ਹਾ ਲੁਧਿਆਣਾ।
ਮੋਬਾ÷7527931887



# ਲੋਕ-ਕਾਵਿ ਦੀ ਖੱਟੀ-ਮਿੱਠੀ ਵਿਧਾ ਸਿੱਠਣੀਆਂ

**ਪਰਮਜੀਤ ਕੌਰ ਸਰਹਿੰਦ**

ਮੂਲ ਰੂਪ ਵਿਚ ਕਿਸੇ ਵੀ ਖੇਤਰ, ਸੂਬੇ ਜਾਂ ਦੇਸ਼ ਦਾ ਲੋਕ-ਕਾਵਿ ਉੱਥੋਂ ਦੇ ਵਸਨੀਕਾਂ ਦੇ ਧੁਰ ਅੰਦਰ ਦੀ ਸਿੱਧੀ-ਸਾਦੀ ਭਾਸ਼ਾ ਵਿਚ ਪ੍ਰਗਟਾਈ ਆਵਾਜ਼ ਹੈ। ਇਨ੍ਹਾਂ ਲੋਕ ਗੀਤਾਂ ਨੂੰ ਸਿਰਜਣ ਵਾਲੇ ਅਨੇਕ ਲੋਕ ਹਨ। ਇਹ ਕਿਸੇ ਇਕ ਵਿਅਕਤੀ ਵਿਸ਼ੇਸ਼ ਦੀ ਕਿਰਤ ਨਹੀਂ ਹਨ। ਸਮੇਂ ਦੇ ਨਾਲ ਕਈ ਵਾਰ ਇਨ੍ਹਾਂ ਵਿਚ ਫੇਰ-ਬਦਲ ਵੀ ਹੁੰਦਾ ਰਹਿੰਦਾ ਹੈ। ਆਮ ਤੌਰ 'ਤੇ ਲੋਕ-ਕਾਵਿ ਪੇਂਡੂ ਰਹਿਤਲ ਨਾਲ ਜੁੜਿਆ ਹੋਇਆ ਹੈ। ਇਸ ਕਾਵਿ ਦੀ ਖਾਸੀਅਤ ਹੈ ਕਿ ਇਹ ਭਾਵੇਂ ਬਹੁਤਾ ਨਾਰੀ ਮਨ ਵਿਚੋਂ ਹੂਕ ਵਾਂਗ ਜਾਂ ਹੇਕ ਵਾਂਗ ਨਿਕਲਿਆ ਹੈ, ਪਰ ਇਹ ਨਿੱਜ ਤੋਂ ਪਰ ਤਕ ਦਾ ਸਫ਼ਰ ਤੈਅ ਕਰਦਾ ਘਰ-ਪਰਿਵਾਰ ਤੋਂ ਸੂਬੇ ਤੇ ਦੇਸ਼ ਵਿਚ ਉਡਾਰੀਆਂ ਲਾਉਂਦਾ ਵਿਸ਼ਵ ਪੱਧਰ ਤਕ ਦੀ ਗੱਲ ਵੀ ਕਰ ਜਾਂਦਾ ਹੈ। ਜਿੱਥੇ ਇਹ ਗਹਿਰ-ਗੰਭੀਰ ਵਿਸ਼ਿਆਂ ਉੱਤੇ ਪਕੜ ਰੱਖਦਾ ਹੈ ਉੱਥੇ ਹਲਕੇ-ਫੁਲਕੇ, ਹਾਸੇ-ਠੱਠੇ ਅਤੇ ਵਿਅੰਗਮਈ ਰਸ ਨਾਲ ਵੀ ਭਰਪੂਰ ਹੈ। ਇਸੇ ਖੱਟੇ-ਮਿੱਠੇ ਰਸ ਨਾਲ ਲਬਾਲਬ ਭਰੀਆਂ ਹਨ 'ਸਿੱਠਣੀਆਂ'। ਸਿੱਠਣੀ ਲੋਕ-ਕਾਵਿ ਦੀ ਤਿੱਖੀ ਮਜ਼ਾਕੀਆ ਵਿਧਾ ਹੈ ਜਿਸ ਦਾ ਰਿਵਾਜ ਲੋਕਧਾਰਾ ਵਿਚ ਸਦੀਆਂ ਤੋਂ ਚੱਲਿਆ ਆ ਰਿਹਾ ਹੈ। ਕੁਝ ਵਿਦਵਾਨਾਂ ਅਨੁਸਾਰ 'ਸਿਠ' ਸ਼ਬਦ ਦਾ ਅਰਥ ਹਾਸਾ-ਠੱਠਾ ਜਾਂ ਮਜ਼ਾਕ ਹੈ। ਇਹ ਵੀ ਹੋ ਸਕਦਾ ਹੈ ਸਿੱਠਣੀ ਸ਼ਬਦ ਸਿਠ ਤੋਂ ਹੀ ਬਣਿਆ ਹੋਵੇ।

ਜਿੱਥੇ ਮੁੰਡੇ ਦੇ ਵਿਆਹ ਮੌਕੇ ਘੋੜੀਆਂ ਅਤੇ ਕੁੜੀ ਦੇ ਵਿਆਹ ਸਮੇਂ ਸੁਹਾਗ ਗਾਏ ਜਾਂਦੇ ਹਨ ਉੱਥੇ ਸਿੱਠਣੀਆਂ ਮੁੰਡੇ-ਕੁੜੀ ਦੋਵਾਂ ਦੇ ਵਿਆਹ ਵੇਲੇ ਲਈ ਪ੍ਰਵਾਨਤ ਤੇ ਪ੍ਰਚੱਲਤ ਵਿਧਾ ਹੈ। ਮੰਗਣੇ-ਕੁੜਮਾਈ ਦੀ ਰਸਮ ਸਮੇਂ ਵੀ ਸਿੱਠਣੀਆਂ ਸੁਣਨ ਨੂੰ ਮਿਲਦੀਆਂ ਹਨ। ਘੋੜੀਆਂ ਤੇ ਸੁਹਾਗ ਨੂੰ ਗੀਤ ਗਾਉਣਾ ਕਿਹਾ ਜਾਂਦਾ ਹੈ, ਪਰ ਸਿੱਠਣੀਆਂ ਨੂੰ ਗਾਉਣਾ ਨਹੀਂ ਸਿੱਠਣੀਆਂ ਦੇਣੀਆਂ ਕਿਹਾ ਜਾਂਦਾ ਹੈ। ਸਿੱਠਣੀਆਂ ਢੁੱਕਵੇਂ ਤੇ ਫੱਬਵੇਂ ਸ਼ਬਦਾਂ ਵਿਚ ਦਿੱਤੇ ਜਾਂਦੇ ਮਿਹਣਿਆਂ ਵਰਗੀਆਂ ਹੀ ਤਾਂ ਹੁੰਦੀਆਂ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਗਾਉਂਦੀਆਂ ਦੀਆਂ ਸਿੱਠਣੀਆਂ ਤੇ ਲੜਦੀਆਂ ਦੇ ਮਿਹਣੇ ਪਰ ਅੰਤਰ ਇਹ ਹੈ ਕਿ ਸਿੱਠਣੀਆਂ ਵਿਚ ਮਿਹਣੋ-ਮਿਹਣੀ ਹੋ ਕੇ ਟੁੱਟਣ ਵਾਲੀ ਨੌਬਤ ਨਹੀਂ ਆਉਂਦੀ। ਪੁਰਾਣੇ ਸਮੇਂ ਖਾਸ ਕਰ ਪਿੰਡਾਂ ਵਿਚ ਮੰਨੋਰੰਜਨ ਦੇ ਕੋਈ ਸਾਧਨ ਨਹੀਂ ਸਨ ਹੁੰਦੇ। ਕਿਸੇ ਵਿਰਲੇ-ਟਾਵੇਂ ਘਰ ਰੇਡੀਓ ਹੁੰਦਾ ਸੀ। ਵਿਆਹ-ਸ਼ਾਦੀ ਜਾਂ ਫਿਰ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਬਾਅਦ ਬਨੇਰਿਆਂ 'ਤੇ ਜਾਂ ਕੋਠੇ ਦੀ ਛੱਤ 'ਤੇ ਮੰਜੇ ਜੋੜ ਕੇ ਬੰਨ੍ਹਿਆ ਸਪੀਕਰ ਰੌਣਕਾਂ ਲਾਉਂਦਾ ਸੀ। ਖੁਸ਼ੀਆਂ ਮੌਕੇ ਔਰਤਾਂ ਆਪੇ ਸਿਰਜੇ ਗੀਤ ਗਾਉਂਦੀਆਂ ਅਤੇ ਮਨਪ੍ਰਚਾਵਾ ਕਰਦੀਆਂ ਸਨ। ਇਹੋ ਗੀਤ-ਗੌਣ ਸੀਨਾ-ਬ-ਸੀਨਾ ਅੱਗੇ ਤੁਰੇ ਆਉਂਦੇ ਸਨ।

ਅਜੋਕੇ ਸਮੇਂ ਇਨ੍ਹਾਂ ਰੰਗ-ਤਮਾਸ਼ਿਆਂ ਦੀ ਕਦਰ ਘਟ ਗਈ ਹੈ। ਸ਼ਹਿਰੀ ਲੋਕਾਂ ਨੂੰ ਤਾਂ ਹੁਣ ਡੀ.ਜੇ., ਦਿਖਾਵੇ ਲਈ ਕੀਤੇ ਅਡੰਬਰਾਂ ਅਤੇ 'ਬਿਊਟੀ ਪਾਰਲਰ' ਦੇ ਹਾਰ-ਸ਼ਿੰਗਾਰ ਤੋਂ ਹੀ ਵਿਹਲ ਨਹੀਂ ਮਿਲਦੀ। ਭਾਵੇਂ ਹੁਣ ਪਿੰਡਾਂ ਦਾ ਵੀ ਸ਼ਹਿਰੀਕਰਨ ਹੋ ਗਿਆ ਹੈ, ਪੇਂਡੂ ਲੋਕਾਂ ਨੇ ਵੀ ਸ਼ਹਿਰੀ ਜੀਵਨ ਜਾਚ ਆਪਣਾ ਲਈ ਹੈ, ਪਰ ਫਿਰ ਵੀ ਪੇਂਡੂ ਭਾਈਚਾਰੇ ਵਿਚ ਔਰਤਾਂ ਅਜੇ ਵੀ ਸਿੱਠਣੀਆਂ ਦਾ ਅਦਾਨ-ਪ੍ਰਦਾਨ ਕਰ ਲੈਂਦੀਆਂ ਹਨ। ਲੋਕ-ਕਾਵਿ ਵਿਚ ਸਿੱਠਣੀਆਂ ਔਰਤਾਂ ਦਾ ਜ਼ੁਬਾਨੀ-ਕਲਾਮੀ ਹਥਿਆਰ ਵੀ ਬਣ ਜਾਂਦੀਆਂ ਹਨ। ਸਿੱਠਣੀਆਂ ਦੇ ਤੀਰ ਜ਼ਿਆਦਾਤਰ ਨਾਨਕੀਆਂ-ਦਾਦਕੀਆਂ ਵੱਲੋਂ ਇਕ-ਦੂਜੀ ਵੱਲ ਛੱਡੇ ਜਾਂਦੇ ਹਨ, ਪਰ ਇਨ੍ਹਾਂ ਦੀ ਮਿੱਠੀ ਮਾਰ ਤੋਂ ਨਾ ਪਰਿਵਾਰ ਦੇ ਮੈਂਬਰ ਬਚਦੇ ਹਨ ਨਾ ਕੋਈ ਰਿਸ਼ਤੇਦਾਰ। ਜਿੱਥੇ ਦਿਓਰ-ਜੇਠ, ਜੀਜੇ, ਕੁੜਮ ਤੇ ਮਾਮੇ ਜਾਂ ਫੁੱਫੜ ਨੂੰ ਸਿੱਠਣੀਆਂ ਮਿਲਦੀਆਂ ਹਨ ਉੱਥੇ ਵਿਚੋਲੇ ਨਾਲ ਵੀ ਘੱਟ ਨਹੀਂ ਗੁਜ਼ਾਰੀ ਜਾਂਦੀ। ਇਹ ਸਿੱਠਣੀਆਂ ਕਈ ਵਾਰ ਤਾਂ ਸਿੱਧਾ ਡਾਂਗ-ਸੋਟਾ ਬਣ ਕੇ ਹੀ ਵਰ੍ਹਦੀਆਂ ਹਨ। ਵੰਨਗੀ ਲਈ ਵਿਚੋਲੇ ਨੂੰ ਕਿਹਾ ਜਾਂਦਾ ਹੈ:

ਮੱਕੀ ਦਾ ਦਾਣਾ ਕੋਠੇ 'ਤੇ
ਵਿਚੋਲਾ ਬਿਠਾਉਣਾ ਝੋਟੇ 'ਤੇ।
ਮੱਕੀ ਦਾ ਦਾਣਾ ਪਿੰਡ ਵਿਚ ਨੀਂ
ਵਿਚੋਲਾ ਨਾ ਰੱਖਣਾ ਪਿੰਡ ਵਿਚ ਨੀਂ।
ਕੁੜਮੋ-ਕੁੜਮੀ ਵਰਤਣਗੇ
ਵਿਚੋਲੇ ਵਿਚਾਰੇ ਤਰਸਣਗੇ।

ਜਦੋਂ ਵਿਆਹ ਤੋਂ ਪੰਜ-ਸੱਤ ਦਿਨ ਪਹਿਲਾਂ ਭੱਠੀ ਪੁੱਟੀ ਤੋਂ ਕੜਾਹੀ ਚੜ੍ਹਾਈ ਜਾਂਦੀ ਤਾਂ ਘਰ ਦੀਆਂ ਅਤੇ ਸ਼ਰੀਕੇ-ਭਾਈਚਾਰੇ ਦੀਆਂ ਔਰਤਾਂ ਵੱਲੋਂ ਸਿੱਠਣੀਆਂ ਦਾ ਬਿਗਲ ਵਜਾ ਦਿੱਤਾ ਜਾਂਦਾ। ਹਲਵਾਈ ਦੀ ਮੱਦਦ ਲਈ ਮੱਠੀਆਂ-ਸ਼ੱਕਰਪਾਰਿਆਂ ਲਈ ਆਟਾ ਜਾਂ ਮੈਦਾ ਗੋਂਦੀਆਂ-ਗੁੰਨ੍ਹਦੀਆਂ ਔਰਤਾਂ ਕੋਲੋਂ ਲੰਘੇ ਜਾਂਦੇ ਸਹਿਜ-ਸੁਭਾਅ ਝਾਕਦੇ ਕਿਸੇ ਚੋਬਰ ਦੀ ਚੰਗੀ ਤਹਿ ਲਾਉਂਦੀਆਂ ਕਹਿੰਦੀਆਂ:

ਵਿੰਦਰ ਸਿਉਂ ਇਉਂ ਝਾਕੇ ਜਿਵੇਂ ਚਾਮਚੜਿੱਕ ਦੇ ਡੇਲੇ
ਅਸਾਂ ਨਹੀਂ ਲੈਣੇ ਪੱਤਾਂ ਬਾਝ ਕਰੇਲੇ।

ਕੋਈ ਦਿਓਰ-ਜੇਠ ਕੰਮਾਂ ਦਾ ਜਾਇਜ਼ਾ ਲੈਂਦਾ ਨੇੜੇ-ਤੇੜੇ ਖੜ੍ਹ ਦਿਖਾਈ ਦਿੰਦਾ ਤਾਂ ਜੇਠ ਨੂੰ ਸੰਬੋਧਨ ਕਰਕੇ ਸਿੱਠਣੀ ਦਿੰਦੀਆਂ:

ਭਾਈ ਜੀ (ਜੇਠ ਜੀ) ਖੜ੍ਹਾ ਵੇ ਖੜੋਤਾ
ਤੇਰਾ ਲੱਕ ਥੱਕ ਜਾਊ
ਕੋਲ ਜੋਰੋ ਨੂੰ ਖੜ੍ਹਾ ਲੈ
ਵੇ ਅੜੋਕਾ (ਸਹਾਰਾ) ਲੱਗ ਜਾਊ
ਜੋਰੋ ਪਤਲੀ-ਪਤੰਗ ਨੀਂ
ਜੜਕ ਟੁੱਟ ਜਾਊ।

ਇਸੇ ਤਰ੍ਹਾਂ ਕੋਲੋਂ ਲੰਘਦਾ-ਵੜਦਾ ਦਿਓਰ ਨਜ਼ਰੀਂ ਪੈਂਦਾ ਤਾਂ ਉਸ ਦੀ ਮੋਟੀ-ਠੁੱਲ੍ਹੀ ਪਤਨੀ 'ਤੇ ਤਨਜ਼ ਕਸੀ ਜਾਂਦੀ:

ਦਿਲ ਮੰਗਦਾ ਦੇਈਂ ਅਖਰੋਟ ਕੁੜੇ ਦਿਲ ਮੰਗਦਾ
ਕਸ਼ਮੀਰਾ ਸਿਉਂ ਤਾਂ ਸੁੱਕ ਕੇ ਲੱਕੜੀ ਹੋ ਗਿਆ
ਸੁਰਜੀਤ ਕੁਰ ਤਾਂ ਹੋ ਗਈ ਤੋਪ ਕੁੜੇ ਦਿਲ ਮੰਗਦਾ
ਦਿਲ ਮੰਗਦਾ ਦੇਈਂ ਅਖਰੋਟ ਕੁੜੇ ਦਿਲ ਮੰਗਦਾ।

ਸਾਰੇ ਵਿਆਹ ਵਿਚ ਸਿੱਠਣੀਆਂ ਦੇਣ ਦਾ ਮੌਕਾ ਮੇਲ ਬਣਿਆ ਰਹਿੰਦਾ। ਘਰ ਦਾ ਕੋਈ ਜੁਆਈ-ਭਾਈ ਆਉਂਦਾ ਤਾਂ ਉਸ ਨੂੰ ਵੀ ਨਾ ਬਖ਼ਸ਼ਿਆ ਜਾਂਦਾ। ਆਸੇ-ਪਾਸੇ ਖੜੋ ਕੇ ਕੁੜੀਆਂ ਕਹਿੰਦੀਆਂ:

ਜੀਜਾ 'ਕੱਲੜਾ ਕਿਉਂ ਆਇਆ ਵੇ ਅੱਜ ਦੀ ਘੜੀ
ਨਾਲ ਬੇਬੇ ਨੂੰ ਨਾ ਲਿਆਇਆ ਵੇ ਅੱਜ ਦੀ ਘੜੀ
ਨਾਲ ਭੈਣ ਨੂੰ ਨਾ ਲਿਆਇਆ ਵੇ ਅੱਜ ਦੀ ਘੜੀ।

ਜ਼ਿਕਰਯੋਗ ਹੈ ਕਿ ਬੀਤੇ ਵੇਲਿਆਂ ਵਿਚ ਕਿਸੇ ਮਰਦ-ਮੁੰਡੇ ਦੀ ਮਾਂ-ਭੈਣ ਉਸ ਦੇ ਸਹੁਰੇ ਘਰ ਵਿਆਹ-ਸ਼ਾਦੀ ਵਿਚ ਨਹੀਂ ਜਾਂਦੀਆਂ ਸਨ। ਅੱਜ ਵਿਆਹ ਮੌਕੇ ਮਰਦਾਂ ਨਾਲੋਂ ਔਰਤਾਂ ਦੀ ਗਿਣਤੀ ਵੱਧ ਹੁੰਦੀ ਹੈ, ਪਰ ਸਿੱਠਣੀਆਂ ਵਰਗੀਆਂ ਰੰਗਲੀਆਂ ਰਸਮਾਂ ਘਟ ਹੀ ਨਹੀਂ ਬਲਕਿ ਖ਼ਤਮ ਹੋ ਰਹੀਆਂ ਹਨ। ਸਿੱਠਣੀਆਂ ਦੇਣ ਸਮੇਂ ਰਿਸ਼ਤੇਦਾਰੀ ਤੇ ਉਮਰ ਦਾ ਲਿਹਾਜ਼ ਵੀ ਰੱਖ ਲਿਆ ਜਾਂਦਾ। ਕੁੜਮ ਨੂੰ ਕਿਹਾ ਜਾਂਦਾ:

ਗੈਸ ਬੁਝਾ ਦਿਓ ਨੀਂ
ਸਾਡਾ ਕੁੜਮ ਬੈਟਰੀ ਵਰਗਾ।

ਵਿਆਹ ਤੋਂ ਪਹਿਲੇ ਦਿਨ ਨਾਨਕਾ ਮੇਲ ਆਉਂਦਾ। ਨਾਨਕਿਆਂ ਨੂੰ ਵਿਆਂਦੜ ਦੀ ਮਾਂ ਅਤੇ ਦਾਦਕੇ ਪਰਿਵਾਰ ਵੱਲੋਂ ਬੂਹਾਂ ਵਿਚ ਤੇਲ ਚੋਅ ਕੇ ਅਤੇ ਸਰਦਾ-ਬਣਦਾ ਸ਼ਗਨ ਦੇ ਕੇ ਨਾਲ ਮੂੰਹ ਮਿੱਠਾ ਕਰਵਾ ਕੇ ਅੰਦਰ ਵਾੜਿਆ ਜਾਂਦਾ। ਇਨ੍ਹਾਂ ਸ਼ਗਨਾਂ ਦੇ ਨਾਲ ਉਨ੍ਹਾਂ ਵੱਲੋਂ ਨਾਨਕੀਆਂ ਨੂੰ ਦਿੱਤੀਆਂ ਸਿੱਠਣੀਆਂ ਗਾਲ੍ਹਾਂ ਵਰਗੀਆਂ ਹੀ ਹੁੰਦੀਆਂ। ਆਮ ਤੌਰ 'ਤੇ ਸਿੱਠਣੀਆਂ ਵਿਚ ਉਨ੍ਹਾਂ ਨੂੰ ਨਿੰਦਿਆ-ਭੰਡਿਆ ਜਾਂਦਾ। ਦਾਦਕੀਆਂ ਕਹਿੰਦੀਆਂ:

ਛੱਜ ਉਹਲੇ ਛਾਨਣੀ ਪਰਾਤ ਉਹਲੇ ਡੋਈ ਵੇ
ਨਾਨਕੀਆਂ ਦਾ ਮੇਲ ਆਇਆ ਚੱਜ ਦੀ ਨਾ ਕੋਈ ਵੇ।
ਛੱਜ ਉਹਲੇ ਛਾਨਣੀ ਪਰਾਤ ਉਹਲੇ ਰੋਟੀਆਂ
ਨਾਨਕੀਆਂ ਦਾ ਮੇਲ ਆਇਆ ਸੱਭੇ ਰੰਨਾਂ ਮੋਟੀਆਂ।

ਗੁੱਸਾ ਕਰਨ ਦੀ ਥਾਂ ਨਾਨਕੀਆਂ ਇਉਂ ਖੁਸ਼ ਹੁੰਦੀਆਂ ਜਿਵੇ ਦਾਦਕੀਆਂ ਉਨ੍ਹਾਂ ਦੀ ਸਿਫਤ-ਸਲਾਹ ਕਰ ਰਹੀਆਂ ਹੋਣ। ਸਾਹਮਣੇ ਖੜ੍ਹੀਆਂ ਨਾਨਕੀਆਂ ਨੂੰ ਗ਼ੈਰਹਾਜ਼ਰ ਕਰਦਿਆਂ ਕਿਹਾ ਜਾਂਦਾ:

ਕਿੱਧਰ ਗਈਆਂ ਵੇ ਬੀਬਾ ਤੇਰੀਆਂ ਨਾਨਕੀਆਂ
ਉਨ੍ਹਾਂ ਪੀਤੀ ਸੀ ਪਿੱਛ ਜੰਮੇ ਸੀ ਰਿੱਛ
ਕਲੰਦਰਾਂ ਦੇ ਗਈਆਂ ਵੇ ਬੀਬਾ ਤੇਰੀਆਂ ਨਾਨਕੀਆਂ।

ਕੁੜੀ ਦੇ ਵਿਆਹ 'ਤੇ ਵੀ ਸਿੱਠਣੀਆਂ ਦਿੱਤੀਆਂ ਜਾਂਦੀਆਂ:

ਕਿੱਧਰ ਗਈਆਂ ਨੀਂ ਬੀਬੀ ਤੇਰੀਆਂ ਨਾਨਕੀਆਂ
ਉਨ੍ਹਾਂ ਖਾਧੇ ਸੀ ਲੱਡੂ ਜੰਮੇ ਸੀ ਡੱਡੂ
ਛੱਪੜਾਂ 'ਤੇ ਗਈਆਂ ਨੀਂ
ਬੀਬੀ ਤੇਰੀਆਂ ਨਾਨਕੀਆਂ।

ਨਾਨਕੀਆਂ ਵੀ ਦਾਦਕੀਆਂ 'ਤੇ ਮੋੜਵਾਂ ਵਾਰ ਕਰਦੀਆਂ ਕਹਿੰਦੀਆਂ:

ਕਿੱਧਰ ਗਈਆਂ ਨੀਂ ਬੀਬੀ ਤੇਰੀਆਂ ਦਾਦਕੀਆਂ
ਉਨ੍ਹਾਂ ਖਾਧੇ ਸੀ ਮਾਂਹ ਜੰਮੇ ਸੀ ਕਾਂ
ਹੁਣ ਕਾਂ-ਕਾਂ ਕਰਦੀਆਂ ਨੀਂ
ਬੀਬੀ ਤੇਰੀਆਂ ਦਾਦਕੀਆਂ
ਅਸੀਂ ਹਾਜ਼ਰ ਖੜ੍ਹੀਆਂ ਨੀਂ
ਬੀਬੀ ਤੇਰੀਆਂ ਨਾਨਕੀਆਂ।

ਦਾਦਕੀਆਂ ਸਿੱਠਣੀਆਂ ਦੇਂਦੀਆਂ-ਲੈਂਦੀਆਂ ਨਾਨਕੀਆਂ ਨੂੰ ਸ਼ਗਨਾਂ ਨਾਲ ਅੰਦਰ ਵਾੜਦੀਆਂ। ਸਾਰੇ ਵਿਆਹ ਵਿਚ ਨਾਨਕੀਆਂ ਨੂੰ ਖੱਟੀਆਂ-ਮਿੱਠੀਆਂ ਚੋਭਾਂ ਲਾਈਆਂ ਜਾਂਦੀਆਂ। ਉਹ ਰੋਟੀ ਖਾਣ ਲੱਗਦੀਆਂ ਤਾਂ ਦਾਦਕੀਆਂ ਸਿੱਠਣੀ ਦਿੰਦੀਆਂ:

ਨਾਨਕੀਆਂ ਨੂੰ ਖਲ਼ ਕੁੱਟ ਦਿਓ ਵੇ
ਇਨ੍ਹਾਂ ਧੌਣ ਪੱਚੀ ਸੇਰ ਖਾਣਾ
ਸਾਨੂੰ ਪੂੜੀਆਂ ਵੇ
ਅਸਾਂ ਮੁਸ਼ਕ ਲਏ ਰੱਜ ਜਾਣਾ।

ਨਾਨਕੀਆਂ ਹੱਸਦੀਆਂ ਤੇ ਖੁਸ਼ ਹੁੰਦੀਆਂ ਖਾਣ-ਪੀਣ ਵਿਚ ਮਸਤ ਰਹਿੰਦੀਆਂ, ਪਰ ਦਾਦਕੀਆਂ ਫਿਰ ਉਨ੍ਹਾਂ 'ਤੇ ਵਿਅੰਗ ਬਾਣ ਕਸਦੀਆਂ:

ਨਾਨਕੀਓ ਥੋੜ੍ਹਾ-ਥੋੜ੍ਹਾ ਖਾਇਓ
ਥੋਡਾ ਢਿੱਡ ਦੁਖੂਗਾ
ਏਥੇ ਡਾਕਟਰ ਨਾ ਹਕੀਮ
ਔਖੀਆਂ ਹੋਣਾ ਪਊਗਾ।

ਖਾ-ਪੀ ਕੇ ਨਾਨਕੀਆਂ ਵੀ ਦਾਦਕੀਆਂ ਦੀ ਖ਼ਬਰ ਲੈਂਦੀਆਂ ਕਹਿੰਦੀਆਂ:

ਦਾਦਕਿਆਂ ਜੋਰੋ ਚੱਕ ਲਿਆ ਬਜ਼ਾਰ ਵਿਚੋਂ ਢਾਈਆਂ,
ਦਾਦਕਿਆਂ ਦੇ ਮਲੰਗ ਬਾਣੀਏਂ
ਸਾਨੂੰ ਜੰਗ ਹਰੜਾਂ ਨਾ ਥਿਆਈਆਂ।

ਦਾਦਕਿਆਂ ਨੂੰ ਭੁੱਖੇ-ਨੰਗੇ ਕਹਿਣੋਂ ਵੀ ਗੁਰੇਜ਼ ਨਾ ਕੀਤਾ ਜਾਂਦਾ। ਨਾਨਕੀਆਂ ਇਸੇ ਭਾਵਨਾ ਨਾਲ ਸਿੱਠਣੀ ਦਿੰਦੀਆਂ:

ਨਿੱਕੀ ਜਿਹੀ ਕੋਠੜੀਏ ਤੇਰੇ ਵਿਚ ਗੁੜ ਦੇ ਰੋੜੇ
ਦਾਦਕਿਆਂ ਨੇ ਮੇਲ ਬਹੁਤਾ ਸਦਾਇਆ ਲੱਡੂ ਵੱਟੇ ਥੋੜੇ
ਨਿੱਕੀ ਜਿਹੀ ਕੋਠੜੀਏ ਤੇਰੇ ਵਿਚ ਗੁੜ ਦੇ ਰੋੜੇ।

ਅੱਗੋਂ ਦਾਦਕੀਆਂ ਵੀ ਕਸਰ ਨਾ ਰੱਖਦੀਆਂ ਤੇ ਕਹਿੰਦੀਆਂ:

ਨਾਨਕਿਆਂ ਨੇ ਜੇਬ ਖੀਸਾ ਲਗਾਇਕੇ ਲੱਡੂ ਲਏ ਲੁਕਾ
ਅਸੀਂ ਮਗਰੇ ਪੁਲਸ ਲਗਾਇਕੇ ਸਾਵੇਂ ਲਏ ਕਢਾ
ਨਾਨਕਿਓ ਲੱਖਾਂ ਦੀ ਥੋਡੀ ਪੱਤ ਗਈ ਤੁਸੀਂ ਆਪੇ ਲਈ ਗੁਆ।

ਕਈ ਚੰਚਲ ਸੁਭਾਅ ਵਾਲੀਆਂ ਔਰਤਾਂ ਤਾਂ ਕਿਸੇ ਦਾਦਕੀ-ਨਾਨਕੀ ਦੇ ਭਰਿੰਡਾਂ ਵੀ ਲੜਾ ਦਿੰਦੀਆਂ, ਮਿਸਾਲ ਲਈ:

ਮੈਂ ਦੱਸਾਂ ਭਰਿੰਡੇ ਨੀਂ ਨਦੀ ਕਿਨਾਰੇ ਉੜਿਆ ਕਰ
ਮੈਂ ਦੱਸਾਂ ਭਰਿੰਡੇ ਨੀ ਬਲਬੀਰੋ ਨਖਰੋ ਦੇ ਲੜਿਆ ਕਰ
ਲੜ-ਲੜ ਛਾਲੇ ਪਾਇਆ ਕਰ
ਘੜੀ-ਘੜੀ ਤੜਪਾਇਆ ਕਰ।

ਵਿਆਹ-ਕਾਰਜਾਂ ਵੇਲੇ ਕਈ-ਕਈ ਦਿਨ ਇਹ ਰੌਣਕ ਮੇਲੇ ਚੱਲਦੇ ਰਹਿੰਦੇ। ਜਾਗੋ ਕੱਢਦੀਆਂ ਨਾਨਕੀਆਂ ਗਲੀ-ਮੁਹੱਲੇ ਦੇ ਲੋਕਾਂ ਨੂੰ ਸਿੱਠਣੀਆਂ ਦਿੰਦੀਆਂ ਕਹਿੰਦੀਆਂ:

ਗੁਆਂਢੀਓ ਜਾਗਦੇ ਕਿ ਸੁੱਤੇ
ਥੋਡੀ ਜੋਰੋ ਨੂੰ ਲੈ ਗਏ ਕੁੱਤੇ।

ਕਿਸੇ ਗੁਆਂਢੀ ਦਾ ਨਾਂ ਲੈ ਕੇ ਸਿੱਠਣੀਆਂ ਦਾ ਹਮਲਾ ਕੀਤਾ ਜਾਂਦਾ-

ਅਵਤਾਰ ਸਿਆਂ ਜੋਰੋ ਜਗਾ ਲੈ ਵੇ ਜਾਗੋ ਆਈ ਐ

ਅੱਗੋਂ ਜਵਾਬ ਵੀ ਆਪੇ ਦਿੰਦੀਆਂ ਤੇ ਕਹਿੰਦੀਆਂ:

ਚੁੱਪ ਕਰ ਨੀਂ ਮਸਾਂ ਸੁਆਈ ਐ ਲੋਰੀ ਦੇ ਕੇ ਪਾਈ ਐ
ਉੱਠ ਖੜੂਗੀ ਅੜੀ ਕਰੂਗੀ ਮਸਾਂ ਵਰਾਈ ਐ
ਅਵਤਾਰ ਸਿਆਂ ਜੋਰੋ ਜਗਾ ਲੈ ਵੇ ਜਾਗੋ ਆਈ ਐ।

ਵਿਆਹ ਸੰਪਨ ਹੋ ਜਾਂਦਾ, ਜਾਂਦੀਆਂ-ਜਾਂਦੀਆਂ ਨਾਨਕੀਆਂ ਵਿਆਂਦੜ ਦੀ ਮਾਂ ਨੂੰ ਆਖਦੀਆਂ:


ਨਿੱਕੀ-ਨਿੱਕੀ ਸ਼ੱਕਰ ਵਿਚੋਂ ਨਿਕਲ ਆਈ ਕੀੜੀ
ਕਿਆ ਬੀਬੀ ਤੂੰ ਵਿਆਹ ਰਚਾਇਆ
ਖੋਲ੍ਹ ਮੱਥੇ ਦੀ ਤਿਊੜੀ
ਨੀਂ ਅਸਾਂ ਕੈਤ ਆਵਾਂਗੇ ਅਸਾਂ ਕੈਤ ਆਵਾਂਗੇ
ਦੋਹਤੇ-ਦੋਹਤੀ ਦਾ ਵਿਆਹ ਤਮਾਸ਼ਾ ਦੇਖ ਜਾਵਾਂਗੇ।

ਇਹ ਸਿੱਠਣੀਆਂ ਜਾਂ ਹੋਰ ਗਾਉਣ-ਵਜਾਉਣ ਡੂੰਘੀਆਂ ਮੋਹ-ਮੁਹੱਬਤਾਂ ਦੀ ਬਾਤ ਪਾਉਂਦੇ ਸਨ। ਦੂਰ-ਪਾਰ ਦੀਆਂ ਰਿਸ਼ਤੇਦਾਰੀਆਂ ਵੀ ਲੰਮਾ ਸਮਾਂ ਨਿੱਭਦੀਆਂ ਹਨ, ਪਰ ਅੱਜ ਵੀ ਭਾਵੇਂ ਵਿਆਹ-ਸ਼ਾਦੀ ਮੌਕੇ ਬਹੁਤ ਇਕੱਠ ਹੁੰਦੇ ਹਨ, ਪਰ ਅੰਦਰ ਖਾਤੇ ਰਿਸ਼ਤਿਆਂ ਨੂੰ ਖੋਰਾ ਲੱਗ ਗਿਆ ਹੈ। ਪੈਲੇਸ ਵਿਚ ਹੁੰਦੇ ਵਿਆਹਾਂ ਵਿਚ ਰਿਸ਼ਤੇ-ਨਾਤੇ ਵੀ ਗੁੰਮਦੇ ਜਾ ਰਹੇ ਹਨ ਤੇ ਸਿੱਠਣੀਆਂ ਵਰਗੀਆਂ ਸ਼ਬਦਾਂ ਦੀਆਂ ਰੰਗਲੀਆਂ ਡੋਰਾਂ ਵੀ ਬੇਰੰਗ ਹੁੰਦੀਆਂ ਘਸਦੀਆਂ ਟੁੱਟਦੀਆਂ ਜਾ ਰਹੀਆਂ ਹਨ। ਅੱਜ ਨਾਨਕੇ-ਦਾਦਕਿਆਂ ਵਰਗੇ ਗੂੜ੍ਹੇ ਰਿਸ਼ਤੇ ਵੀ ਖਿਲਰਦੇ-ਬਿਖਰਦੇ ਜਾ ਰਹੇ ਹਨ, ਪਰ ਸਾਡਾ ਲੋਕ-ਕਾਵਿ ਇਨ੍ਹਾਂ ਸਾਂਝਾਂ ਅਤੇ ਸਾਕ-ਸਕੀਰੀਆਂ ਦੀ ਬਾਤ ਪਾਉਂਦਾ ਹੀ ਰਹੇਗਾ।

**ਸੰਪਰਕ:** 98728-98599



# ਲੋਕਾਂ ਦੀ ਝੋਲੀ ਵਿੱਚ ਅਜੇ ਵੀ ਦੁਸ਼ਵਾਰੀਆਂ




ਆਰਥਕ, ਸਮਾਜਕ ਸੱਭਿਆਚਰਕ ਤੇ ਵਾਤਾਵਰਣ ਸਮੇਤ ਬਹੁਤ ਸਾਰੀਆਂ ਚੁਣੌਤੀਆਂ ਮੁਲਕ ਮੂਹਰੇ ਮੂੰਹ ਅੱਡੀ ਖੜ੍ਹੀਆਂ ਹਨ ਜਿਹੜੀਆਂ ਅਜ਼ਾਦੀ ਉਪਰੰਤ ਮੁਲਕ ਦੀਆਂ ਪ੍ਰਾਪਤੀਆਂ ਦੀ ਆਭਾ ਧੁੰਦਲੀ ਕਰ ਰਹੀਆਂ ਹਨ। ਮੁਲਕ ਦੇ ਨਿਜ਼ਾਮ ਵਲੋਂ ਲਾਗੂ ਕੀਤੀਆਂ ਨੀਤੀਆਂ ਨੂੰ ਵੀ ਸਵਾਲਾਂ ਦੇ ਕਟਹਿਰੇ ਵਿੱਚ ਖੜ੍ਹਾ ਕਰ ਰਹੀਆਂ ਹਨ। ਇਨ੍ਹਾਂ ਨੀਤੀਆਂ ਕਰਕੇ ਹੀ ਵਸੋਂ ਦਾ ਵੱਡਾ ਹਿੱਸਾ ਅੱਜ ਵੀ ਰੋਟੀ, ਕੱਪੜਾ ਤੇ ਮਕਾਨ ਸਮੇਤ ਮੁੱਢਲੀਆਂ ਲੋੜਾਂ ਤੋਂ ਵਾਂਝਾ ਹੈ। ਦਰਅਸਲ ਇਨ੍ਹਾਂ ਦੀ ਪੂਰਤੀ ਲਈ ਰੁਜ਼ਗਾਰ ਹੋਣਾ ਜ਼ਰੂਰੀ ਹੈ। ਰੁਜ਼ਗਾਰ ਪੈਦਾ ਕਰਨਾ ਤੇ ਵਧਾਉਣਾ ਮੁਲਕ ਦੇ ਨੀਤੀਘਾੜਿਆਂ ਲਈ ਤਰਜੀਹੀ ਮੁੱਦਾ ਹੈ ਹੀ ਨਹੀਂ। ਰੁਜ਼ਗਾਰ ਬਾਬਤ ਕੇਂਦਰੀ ਲੇਬਰ ਬਿਊਰੋ ਦਾ ਵੀ ਮੰਨਣਾ ਹੈ ਕਿ ਮੁਲਕ ਰੁਜ਼ਗਾਰ ਰਹਿਤ ਵਿਕਾਸ ਦੇ ਚੱਕਰਵਿਊ ਵਿੱਚ ਬੁਰੀ ਤਰ੍ਹਾਂ ਫਸ ਗਿਆ ਹੈ, ਇਸ ਕਰਕੇ ਰੁਜ਼ਗਾਰ ਪੈਦਾ ਕਰਨ ਦੀ ਰਫਤਾਰ ਮੰਗਣ ਵਾਲਿਆਂ ਦੇ ਵਾਧੇ ਦੀ ਰਫਤਾਰ ਨਾਲੋਂ ਕਾਫੀ ਧੀਮੀ ਹੈ। ਇਸ ਕਰਕੇ ਬੇਕਾਰੀ ਵਾਧਾ ਦਰ ਸਾਲ ਦਰ ਸਾਲ ਵਧਦੀ ਜਾ ਰਹੀ ਹੈ। ਇਹ ਵਾਧਾ ਦਰ ਮੁਲਕ ਦੀ ਆਰਥਿਕ ਵਿਕਾਸ ਦਰ ਨੂੰ ਵੀ ਪਛਾੜ ਰਹੀ ਹੈ।

ਸੈਂਟਰ ਫਾਰ ਮੌਨੀਟਰਿੰਗ ਇੰਡੀਆ ਇਕੌਨਮੀ (3£95) ਦੀ ਹੁਣੇ ਜਿਹੇ ਚਅਕਠਬ;ਰਖਠਕਅਵ ਵ ?ਵਕ ਜਅ 9ਅਦਜ਼ ਸਿਰਲੇਖ ਜਾਰੀ ਰਿਪੋਰਟ ਅਨੁਸਾਰ ਦਸੰਬਰ 2018 ਨੂੰ ਬੇਕਾਰੀ ਦਰ 7.38 ਫੀਸਦ ਰਹੀ। ਇਹ ਲੰਘੇ 27 ਮਹੀਨਿਆਂ ਦੀ ਸਭ ਤੋ ਉੱਚੀ ਬੇਕਾਰੀ ਵਾਧਾ ਦਰ ਹੈ। ਇਸ ਰਿਪੋਰਟ ਅਨੁਸਾਰ ਹੀ ਇੱਕ ਵਰ੍ਹੇ ਵਿੱਚ ਹੀ 1.1 ਕਰੋੜ ਕਾਮਿਆਂ ਨੂੰ ਕੰਮ ਤੋਂ ਵਾਂਝਾ ਕੀਤਾ ਗਿਆ ਜਿਸ ਕਾਰਨ ਦਸੰਬਰ 2018 ਤਕ 39.69 ਕਰੋੜ ਵਿਅਕਤੀਆਂ ਨੂੰ ਹੀ ਰੁਜ਼ਗਾਰ ਉਪਲੱਬਧ ਹੈ। ਕਾਮਿਆਂ ਨੂੰ ਰੁਜ਼ਗਾਰੋਂ ਵਾਂਝਿਆਂ ਕਰਨ ਦਾ ਸਿਲਸਿਲਾ ਇਉਂ ਹੀ ਜਾਰੀ ਰਿਹਾ ਤਾਂ ਰੁਜ਼ਗਾਰੋਂ ਬਾਹਰ ਧੱਕੇ ਕਾਮਿਆਂ ਵਿੱਚ ਹੋਰ ਵੀ ਵਾਧਾ ਹੋ ਸਕਦਾ ਹੈ। ਇਹ ਬੇਹੱਦ ਚਿੰਤਾ ਤੇ ਚੁਣੌਤੀਜਨਕ ਅਤੇ ਨਿਰਾਸ਼ ਕਰ ਦੇਣਾ ਅੰਕੜਾ ਹੈ ਜਿਹੜਾ ਰੁਜ਼ਗਾਰ ਦੀ ਲਾਈਨ ਵਿੱਚ ਖੜ੍ਹੇ ਨੌਜਵਾਨਾਂ ਨੂੰ ਨਿਰਾਸ਼ਾ ਦੀ ਡੂੰਘੀ ਖੱਡ ਵਿੱਚ ਸੁੱਟ ਰਿਹਾ ਹੈ। ਨੋਟਬੰਦੀ ਕਾਰਨ ਆਏ ਮੰਦਵਾੜੇ ਨੇ ਹੋਰ ਰੁਜ਼ਗਾਰ ਤਾਂ ਕੀ ਪੈਦਾ ਕਰਨਾ ਸੀ ਸਗੋਂ 15 ਕਰੋੜ ਹੋਰ ਕਾਮਿਆਂ ਨੂੰ ਵੀ ਰੁਜ਼ਗਾਰ ਤੋਂ ਵਾਂਝਾ ਕਰ ਦਿੱਤਾ। ਜੀ.ਐੱਸ.ਟੀ. ਲਾਗੂ ਕਰਨ ਨਾਲ ਪੈਦਾ ਹੋਇਆ ਤੇ ਵਧਿਆ ਮੰਦਵਾੜਾ ਹੋਰ ਡੂੰਘਾ ਤੇ ਚੌੜਾ ਹੋ ਰਿਹਾ ਹੈ ਜਿਸਦਾ ਹੁਣੇ ਜਿਹੇ ਕਾਰੋਬਾਰੀਆਂ/ਉਦਯੋਗਪਤੀਆਂ ਨੂੰ ਦਿੱਤੀਆਂ ਜੀ ਐੱਸ ਟੀ ਛੋਟਾਂ ਨਾਲ ਵੀ ਰੁਕਣਾ ਸੰਭਵ ਨਹੀਂ। ਇਸ ਕਰਕੇ ਰੁਜ਼ਗਾਰ ਦਾ ਮੁੱਦਾ ਹੋਰ ਵੀ ਗੰਭੀਰ ਰੂਪ ਲੈ ਰਿਹਾ ਹੈ।

ਬੇਸ਼ੱਕ ਮੁਲਕ ਨੈਨੋ ਤਕਨਾਲੋਜੀ ਵੱਲ ਵੱਧ ਰਿਹਾ ਹੈ ਜਿਸ ਨਾਲ ਪੈਦਾਵਾਰੀ ਸਾਧਨਾਂ ਵਿੱਚ ਤਿੱਖੀ ਤਬਦੀਲੀ ਆ ਰਹੀ ਹੈ। ਪੈਦਾਵਾਰ ਵਿੱਚ ਵੀ ਕਈ ਗੁਣਾਂ ਵਾਧਾ ਹੋ ਰਿਹਾ ਹੈ। ਸੰਚਾਰ, ਆਵਾਜਾਈ ਤੇ ਹੋਰ ਆਧੁਨਿਕ ਸਹੂਲਤਾਂ ਵਿੱਚ ਕ੍ਰਾਂਤੀਕਾਰੀ ਤਬਦੀਲੀ ਹੋ ਰਹੀ ਹੈ। ਆਧੁਨਿਕ ਸੁਖ ਸਹੂਲਤਾਂ ਦੀ ਉਪਲੱਬਧਤਾ ਲਈ ਬਹੁ-ਮੰਜ਼ਲੇ ਮਾਲ ਤੇ ਤਮਾਮ ਅਤੀ ਆਧਨਿਕ ਸੁਖ ਸਹੂਲਤਾਂ ਨਾਲ ਲੈਸ ਸ਼ਹਿਰ ਉਸਾਰੇ ਜਾ ਰਹੇ ਹਨ। ਇਹ ਵੱਖਰੀ ਗੱਲ ਹੈ ਕਿ ਇਹ ਵਿਕਾਸ ਪ੍ਰਾਪਤੀਆਂ ਮੁੱਠੀ ਭਰ ਸਰਮੇਦਾਰਾਂ ਤੱਕ ਹੀ ਸੀਮਤ ਹੋ ਰਹੀਆਂ ਹਨ। ਕਰੋੜਾਂ ਮਜ਼ਦੂਰਾਂ, ਕਿਰਤੀਆਂ ਦੇ ਪੱਲੇ ਗੁਰਬਤ, ਬੇਕਾਰੀ, ਭੁੱਖਮਰੀ ਤੇ ਬੀਮਾਰੀਆਂ ਹੀ ਪੈ ਰਹੀਆਂ ਹਨ। ਉਨ੍ਹਾਂ ਵੱਲੋਂ ਸਿਰਜੀ ਜਾਂਦੀ ਦੌਲਤ ਵਿੱਚੋਂ ਉਜਰਤ ਵਜੋਂ ਮਿਲਦਾ ਉਨ੍ਹਾਂ ਦਾ ਹਿੱਸਾ ਨਿਰੰਤਰ ਘਟਾਇਆ ਜਾ ਰਿਹਾ ਹੈ, ਜਿਸਦਾ ਨਤੀਜਾ ਸਰਮਾਏ ਦੇ ਤੇਜ਼ੀ ਨਾਲ ਹੋ ਰਹੇ ਕੇਂਦਰੀ ਕਰਨ ਤੇ ਅਰਬਾਂ-ਖਰਬਾਂ ਪਤੀਆਂ ਦੇ ਹੋ ਰਹੇ ਵਾਧੇ ਵਜੋਂ ਸਾਹਮਣੇ ਆ ਰਿਹਾ ਹੈ।

ਵਿਸ਼ਵ ਭਰ ਦੇ ਮੁਲਕਾਂ ਦੀ ਆਰਥਿਕਤਾਂ 'ਤੇ 'ਔਕਸਫੈਮ' ਸਮੇਤ ਬਾਜ਼ ਨਜ਼ਰ ਰੱਖ ਰਹੀਆਂ ਕੌਮਾਂਤਰੀ ਸੰਸਥਾਵਾਂ ਅਨੁਸਾਰ ਇਨ੍ਹਾਂ ਅੱਤ ਦੇ ਅਮੀਰਾਂ ਕੋਲ 2014 ਵਿੱਚ ਮੁਲਕ ਦੀ ਕੁੱਲ ਜਾਇਦਾਦ ਦਾ ਤਾਂ 37, 2016 ਵਿੱਚ 53, 2017 ਵਿੱਚ 73 ਫ਼ੀਸਦ ਰਿਹਾ ਹੈ। ਇਸੇ ਸੰਸਥਾ ਵਲੋਂ ਹੁਣੇ ਜਿਹੇ ਜਾਰੀ ਰਿਪੋਰਟ ਦੇ ਅੰਕੜੇ ਤਾਂ ਮੁਲਕ ਦੇ ਅਸਾਵੇਂ ਆਰਥਿਕ ਵਿਕਾਸ ਦੀ ਹੋਰ ਵੀ ਭਿਆਨਕ ਤਸਵੀਰਕਸ਼ੀ ਕਰਦੇ ਹਨ ਜਿਨ੍ਹਾਂ ਅਨੁਸਾਰ ਭਾਰਤੀ ਅਰਬ-ਖਰਬਪਤੀਆਂ ਦੇ ਅਸਾਸਿਆਂ ਵਿੱਚ ਰੋਜ਼ਾਨਾ 2200 ਕਰੋੜ ਵਾਧਾ ਹੋਇਆ ਹੈ। ਇਸ ਦੌਰਾਨ ਸਿਖਰਲੇ ਅਮੀਰਾਂ ਦੀ ਸੰਪਤੀ 39ਫੀਸਦੀ ਦਰ ਨਾਲ ਵਧੀ ਜਦੋਂ 50 ਫੀਸਦੀ ਹੇਠਲੀ ਵਸੋਂ ਦੀ ਇਹ ਵਾਧਾ ਦਰ ਮਹਿਜ਼ 3 ਫੀਸਦੀ ਹੀ ਰਹੀ। ਟੀਸੀ ਦੇ ਮੋਹਰੀ 9 ਅਮੀਰਾਂ ਦੀ ਸੰਪਤੀ ਤਾਂ ਹੇਠਲੀ ਪੰਜਾਹ ਫੀਸਦੀ ਵਸੋਂ ਦੀ ਕੁਲ ਸੰਪਤੀ ਦੇ ਬਰਾਬਰ ਹੈ। ਸਾਫ਼ ਹੈ ਕਿ 99 ਫ਼ੀਸਦ ਦੇ ਮੁਕਾਬਲੇ, ਇੱਕ ਫ਼ੀਸਦ ਵਸੋਂ ਤੇ ਉਨ੍ਹਾਂ ਦੀ ਜਾਇਦਾਦ ਬੜੀ ਤੇਜ਼ੀ ਨਾਲ ਵਧ ਰਹੀ ਹੈ। 2016 ਦੇ 84 ਦੇ ਮੁਕਾਬਲੇ ਚੋਟੀ ਦੇ ਧਨਾਡਾਂ ਦੀ ਗਿਣਤੀ ਜਿਹੜੀ 2017 ਵਿੱਚ 101 (ਕੁਝ ਰਿਪੋਰਟਾਂ ਮੁਤਾਬਿਕ 111) ਸੀ, ਉਹ ਹੁਣ 2018 ਵਿੱਚ 122 ਹੋ ਗਈ ਹੈ। ਇਨ੍ਹਾਂ ਵਿੱਚ ਔਰਤਾਂ ਤਾਂ 4 ਤੋਂ ਵਧ ਕੇ 9 ਹੀ ਹੋਈਆਂ ਹਨ ਜਿਨ੍ਹਾਂ ਵਿੱਚੋਂ 3 ਨੂੰ ਤਾਂ ਵਿਰਾਸਤੀ ਜਾਇਦਾਦ ਹੀ ਮਿਲੀ। ਇਹ ਭਾਰਤੀ ਅਰਥਚਾਰੇ ਵਿੱਚੋਂ ਔਰਤਾਂ ਦੀ ਨਿਗੂਣੀ ਭਾਗੀਦਾਰੀ ਦਾ ਵੀ ਸੰਕੇਤ ਹੈ। ਇਸੇ ਰਿਪੋਰਟ ਅਨੁਸਾਰ ਕੇਂਦਰ ਤੇ ਸੂਬਾਈ ਸਰਕਾਰਾਂ ਵਲੋਂ ਇਲਾਜ ਸਹੂਲਤਾਂ, ਜਨ ਸਿਹਤ ਸੇਵਾਵਾਂ, ਸਾਫ਼ ਸਫਾਈ ਅਤੇ ਜਲ ਸਪਲਾਈ ਦਾ ਕੁੱਲ ਬੱਜਟ 2,08,166 ਕਰੋੜ ਹੈ ਜਿਹੜਾ ਮੁਲਕ ਦੇ ਸਭ ਤੋ ਅਮੀਰ ਮੁਕੇਸ਼ ਅੰਬਾਨੀ ਦੀ ਸੰਪਤੀ 2.8 ਲੱਖ ਕਰੋੜ ਤੋਂ ਵੀ ਘੱਟ ਹੈ।

ਆਰਥਿਕ ਵਿਕਾਸ ਦਾ ਲਾਹਾ ਕੁਝ ਮੁੱਠੀ ਭਰ ਲੋਕਾਂ ਤੱਕ ਹੀ ਸੀਮਤ ਹੋ ਜਾਣਾ ਡੂੰਘਾ ਚਿੰਤਾਜਨਕ ਤਾਂ ਹੈ ਹੀ ਅਰਬਪਤੀਆਂ ਦੀ ਦੌਲਤ ਦਾ ਨਿਰੰਤਰ ਉਤਾਂਹ ਨੂੰ ਹੀ ਚੜ੍ਹੀ ਜਾਣਾ ਸੰਪੰਨ ਅਰਥਚਾਰੇ ਦਾ ਨਹੀਂ, ਸਗੋਂ ਆਰਥਿਕ ਪ੍ਰਬੰਧ ਦੇ ਢਹਿੰਦੀ ਕਲਾ ਵਿੱਚ ਜਾਣ ਦਾ ਵੀ ਪ੍ਰਤੀਕ ਹੈ, ਅਤੇ ਪੱਖਪਾਤੀ ਤੇ ਕਾਣੀ ਤੇਜ਼ੀ ਨਾਲ ਹੋਰ ਡੂੰਘਾ ਤੇ ਚੌੜਾ ਹੁੰਦਾ ਜਾ ਰਿਹਾ ਹੈ। ਵਸੋਂ ਦੇ ਪਿਰਾਮਿਡ ਦੀ ਸਿਖ਼ਰਲੀ ਚੋਟੀ ਦਾ ਇੰਜ ਵਧਣਾ ਫੁੱਲਣਾ ਦਰਸਾਉਂਦਾ ਹੈ ਕਿ ਦੌਲਤਮੰਦ ਹੋਰ ਦੌਲਤ ਹਥਿਆਉਣ ਲਈ ਹਰ ਹੱਥਕੰਡਾ ਵਰਤ ਰਹੇ ਹਨ। ਇਥੋ ਤੱਕ ਕਿ ਮੁਲਕ ਦੇ ਨੀਤੀਘਾੜਿਆਂ ਨਾਲ ਵੀ ਉਨ੍ਹਾਂ ਡੂੰਘਾ ਪੀਡਾ ਰਿਸ਼ਤਾ ਗੰਢ ਲਿਆ ਹੈ। ਇਸ ਨਾਲ ਉਹ ਮੁਲਕ ਦੀਆਂ ਆਰਥਿਕ ਗਤੀਵਿਧੀਆਂ ਦੇ ਨਾਲ-ਨਾਲ ਰਾਜਨੀਤਕ ਗਤੀਵਿਧੀਆਂ ਨੂੰ ਪ੍ਰਭਾਵਿਤ ਕਰਨ ਦੀ ਹੈਸੀਅਤ ਵਿੱਚ ਹਨ। ਰਿਆਇਤਾਂ-ਦਰ-ਰਿਆਇਤਾਂ ਹਾਸਲ ਕਰਨ ਲਈ ਵੀ ਉਹ ਕੋਸ਼ਿਸ਼ਾਂ ਕਰਦੇ ਵੀ ਹਨ। ਉਂਝ ਇਹ ਪਾੜਾ ਦੌਲਤ ਦੀ ਅਸਾਵੀਂ ਵੰਡ ਤੱਕ ਹੀ ਸੀਮਤ ਨਹੀਂ ਰਿਹਾ ਸਗੋਂ ਆਧੁਨਿਕ ਸਿੱਖਿਆ, ਮਿਆਰੀ ਸਿਹਤ ਸੰਭਾਲ ਸਮੇਤ ਬਿਹਤਰ ਤਰਜ਼-ਏ-ਜ਼ਿੰਦਗੀ ਦੀਆਂ ਸੁਖ-ਸਹੂਲਤਾਂ ਅਤੇ ਰੁਜ਼ਗਾਰ ਦੇ ਬਿਹਤਰੀਨ ਮੌਕੇ ਵੀ ਹੁਣ ਇਸ ਦੇ ਕਲਾਵੇ ਵਿੱਚ ਹਨ। ਇਉਂ ਹੋਣਾ ਜਮਹੂਰੀਅਤ ਨੂੰ ਤਾਂ ਛੁਟਿਆਉਂਦਾ ਹੀ ਹੈ, ਭ੍ਰਿਸ਼ਟਾਚਾਰ ਤੇ ਭਾਈਵਾਲ ਪੂੰਜੀਵਾਦ ਨੂੰ ਵਧਾਉਂਦਾ ਵੀ ਹੈ।

ਭਾਰਤੀ ਗਣਤੰਤਰ ਜਿਨ੍ਹਾਂ ਪ੍ਰਮੁੱਖ ਵਿਧਾਨਕ ਸਤੰਭਾਂ 'ਤੇ ਟਿਕਿਆ ਹੋਇਆ ਹੈ, ਸਮਾਜਵਾਦ ਤੇ ਸਮਾਨਤਾ ਉਨ੍ਹਾਂ ਵਿੱਚੋਂ ਪ੍ਰਮੁੱਖ ਹਨ। ਹਰ ਨਾਗਰਿਕ ਨੂੰ ਵਿਕਾਸ ਦੇ ਇੱਕ ਸਮਾਨ ਮੌਕੇ ਉਪਲਬਧ ਕਰਾਉਣ ਲਈ ਇਹ ਸਤੰਭ ਰਾਜ ਪ੍ਰਬੰਧ ਨੂੰ ਵਿਧਾਨਕ ਤੌਰ 'ਤੇ ਪਾਬੰਦ ਕਰਦੇ ਹਨ। ਇਸ ਅਨੁਸਾਰ ਤਾਂ ਆਰਥਿਕ ਨਾ ਬਰਾਬਰੀ ਘੱਟੋ-ਘੱਟ ਹੋਣੀ ਚਾਹੀਦੀ. ਪਰ ਇੰਜ ਹੋ ਨਹੀਂ ਰਿਹਾ। ਸਾਫ਼ ਹੈ ਕਿ ਹਾਕਮ ਤੇ ਉਨ੍ਹਾਂ ਦੇ ਨੀਤੀਘਾੜੇ ਆਪਣੀਆਂ ਵਿਧਾਨਕ ਜ਼ਿੰਮੇਵਾਰੀਆਂ ਨਿਭਾਉਣੋ ਜਾਣ-ਬੁੱਝ ਕੇ ਕੁਤਾਹੀ ਕਰ ਰਹੇ ਹਨ। ਉਨ੍ਹਾਂ ਦੇ ਇਸ ਵਰਤਾਰੇ ਨੇ ਮੁਲਕ ਨੂੰ ਇੱਕ ਤਰ੍ਹਾਂ ਭਾਰਤ ਤੇ ਇੰਡੀਆ ਵਿੱਚ ਵੰਡ ਦਿੱਤਾ ਹੈ। ਭਾਰਤ ਵਿੱਚ ਮੁਲਕ ਦੀ ਵਸੋਂ ਦਾ ਉਹ ਵੱਡਾ ਹਿੱਸਾ ਆਉਂਦਾ ਹੈ, ਜਿਸ ਦੀ ਝੋਲੀ ਵਿੱਚੋਂ ਦਿਨੋ-ਦਿਨ ਖੁਸ਼ੀਆਂ ਕਿਰਦੀਆਂ ਤੇ ਉਦਾਸੀਆਂ ਭਰਦੀਆਂ ਜਾ ਰਹੀਆਂ ਹਨ। ਵਿਕਾਸ ਦੇ ਮੌਕੇ, ਜੀਉਣ ਜੋਗੀਆਂ ਮੁੱਢਲੀਆਂ ਸਹੂਲਤਾਂ ਤੋਂ ਵੀ ਵਿਉਂਤਬੰਦ ਢੰਗਾਂ ਨਾਲ ਉਨ੍ਹਾਂ ਨੂੰ ਵਾਂਝਿਆਂ ਕੀਤਾ ਜਾ ਰਿਹਾ ਹੈ। ਇੰਡੀਆ ਵਿੱਚ ਵਸੋਂ ਦਾ ਉਹ ਨਿਗੂਣਾ ਹਿੱਸਾ ਵਸ ਰਿਹਾ ਹੈ ਜਿਹੜਾ ਭਾਰਤ ਨੂੰ ਵਾਂਝੇ ਕੀਤੇ ਵਸੀਲਿਆਂ 'ਤੇ ਵਧ-ਫੁੱਲ ਰਿਹਾ ਹੈ। ਵਿਸ਼ਵ ਦੇ ਸੁਖ ਆਰਾਮ ਦੇ ਵਸੀਲੇ ਉਨ੍ਹਾਂ ਦੀ ਬੁੱਕਲ ਵਿੱਚ ਹਨ। ਵਸੋਂ ਦਾ ਇਹ ਨਿਗੂਣਾ ਹਿੱਸਾ ਤੇਜ਼ੀ ਨਾਲ ਵਧ ਵੀ ਰਿਹਾ ਤੇ ਫੈਲ ਵੀ ਰਿਹਾ। ਆਰਥਿਕ ਅਸਾਵਾਂਪਣ ਸਮਾਜਕ ਸੰਕਟ ਵਿੱਚ ਵੀ ਵਟ ਰਿਹਾ ਹੈ। ਇਸ ਦਾ ਸੰਕੇਤ ਔਕਸਫੈਮ ਦਾ ਇਸ ਰਿਪੋਰਟ ਵਿੱਚ ਵੀ ਮਿਲਦਾ ਹੈ, ਜਿਸ ਅਨੁਸਾਰ ਬਰਾਬਰਤਾ ਦੇ ਸੂਚਕ ਅੰਕ ਵਿੱਚ ਭਾਰਤ ਦਾ ਰੈਂਕ 60 ਦੇ ਮੁਕਾਬਲੇ 62 ਹੋ ਗਿਆ ਹੈ। ਸਾਡੇ ਗੁਆਂਢੀ ਮੁਲਕ ਪਾਕਿਸਤਾਨ ਦਾ ਰੈਂਕ 47 ਅਤੇ ਬੰਗਲਾ ਦੇਸ਼ ਦਾ ਰੈਂਕ 34 ਹੈ। ਮਤਲਬ ਸਾਫ਼ ਹੈ ਕਿ ਜਿੰਨੀ ਤੇਜ਼ੀ ਨਾਲ ਆਰਥਿਕ ਨਾ ਬਰਾਬਰੀ ਵਧ ਰਹੀ ਹੈ ਉਨੀ ਹੀ ਤੇਜ਼ੀ ਨਾਲ ਸਮਾਜਕ ਨਾ ਬਰਾਬਰੀ ਵੀ ਵਧ ਰਹੀ ਹੈ। ਖੁਸ਼ਹਾਲ ਮੁਲਕਾਂ ਦੀ ਸੂਚੀ ਵਿੱਚ ਭਾਰਤ ਗੁਆਂਢੀ ਮੁਲਕਾਂ ਤੋਂ ਵੀ ਪਿੱਛੇ ਹੈ। ਸੰਯੁਕਤ ਰਾਸ਼ਟਰ ਦੀ ਸਸਟੇਨਏਬਲ ਡਿਵੈਲਪਮੈਂਟ ਸਲਿਊਸ਼ਨਜ਼ ਨੈਟਵਰਕ ਦੀ ਪ੍ਰਕਾਸ਼ਤ ਵਰਲਡ ਹੈਪੀਨੈਸ ਰਿਪੋਰਟ 2018 ਅਨੁਸਾਰ ਭਾਰਤ ਦਾ 156 ਮੁਲਕਾਂ ਦੀ ਸੂਚੀ ਵਿੱਚ 133ਵਾਂ ਥਾਂ ਹੈ, ਜਦੋਂ ਕਿ ਗੁਆਂਢੀ ਪਾਕਿਸਤਾਨ 75ਵੇਂ, ਨੇਪਾਲ 101ਵੇਂ, ਭੂਟਾਨ 97ਵੇਂ, ਬੰਗਾਲਦੇਸ਼ 115ਵੇਂ ਸ਼੍ਰੀ ਲੰਕਾ 116ਵੇਂ ਅਤੇ ਚੀਨ (86) ਤੋਂ ਵੀ ਪਿੱਛੇ ਹੈ। ਮੀਆਂਮਾਰ ਹੀ ਜਿਹੜਾ 130 ਨਾਲ ਭਾਰਤ ਬਰੋਬਰ ਹੈ। ਭਾਰਤ 2017 ਦੇ ਮੁਕਾਬਲੇ 11 ਅੰਕਾਂ ਥੱਲੇ ਨੂੰ ਗਿਆ ਹੈ। ਵਿਸ਼ਵ ਵਿੱਚ ਹਰ ਚੌਥਾ ਕੁਪੋਸ਼ਿਤ ਵਿਅਕਤੀ ਭਾਰਤੀ ਹੈ। ਗੁਆਂਢੀ ਦੇਸ਼ ਬੰਗਲਾਦੇਸ਼ ਵਿੱਚ ਬਾਲ ਮੌਤ ਦਰ ਪ੍ਰਤੀ ਹਾਜ਼ਰ 48 ਹੈ ਪਰ ਭਾਰਤ ਵਿੱਚ ਇਹ 67 ਹੈ। ਵਿਸ਼ਵ ਦੇ 49 ਫ਼ੀਸਦੀ ਬੱਚਿਆਂ ਵਿੱਚੋਂ 34 ਫ਼ੀਸਦ ਹੈ। ਯੂਨੀਸੈੱਫ ਦੀ ਤਾਜ਼ਾ ਰਿਪੋਰਟ ਮੁਤਾਬਕ 42 ਫ਼ੀਸਦੀ ਭਾਰਤੀ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ ਜਿਨ੍ਹਾਂ ਦੀ ਉਮਰ 5 ਵਰ੍ਹਿਆਂ ਤੋ ਵੀ ਘੱਟ ਹੈ। ਵਿਸ਼ਵ ਭੁੱਖਸੂਚਕ ਅੰਕ 2017 ਮੁਤਾਬਕ ਭਾਰਤ 119 ਮੁਲਕਾਂ ਵਿੱਚ 100ਵੇਂ ਪਾਇਦਾਨ 'ਤੇ ਹਨ। ਇੰਝ ਇਹ 2016 ਦੇ 97 ਤੋਂ ਹੋਰ ਹੇਠਾਂ 3 ਪਾਇਦਾਨ ਖਿਸਕ ਗਿਆ ਹੈ। ਸ਼੍ਰੀ ਲੰਕਾ, ਮਿਆਂਮਾਰ, ਬੰਗਲਾਦੇਸ਼, ਚੀਨ, ਪਾਕਿਸਤਾਨ, ਅਫਗਾਨਿਸਤਾਨ ਕ੍ਰਮਵਾਰ 84, 72, 88, 29, 106 ਅਤੇ 107ਵੇਂ ਥਾਂ 'ਤੇ ਹਨ। ਇੱਥੋਂ ਤੱਕ ਕਿ ਉੱਤਰੀ ਕੋਰੀਆ (93) ਅਤੇ ਇਰਾਕ (78) ਵੀ ਭਾਰਤ ਤੋਂ ਬੇਹਤਰ ਮੁਕਾਮ 'ਤੇ ਹਨ। 35 ਕਰੋੜ ਲੋਕ ਗਰੀਬੀ ਰੇਖਾ ਤੋਂ ਹੇਠਾਂ ਹਨ ਤੇ 20 ਕਰੋੜ ਤੋਂ ਵਧ ਲੋਕ ਭੁੱਖਮਰੀ ਦੀ ਕੰਗਾਰ 'ਤੇ ਹਨ। ਆਊਟ ਆਫ਼ ਪਾਕਿਟ (ਓ.ਓ.ਪੀ) ਇਲਾਜ ਖਰਚ ਦੇ 5.5 ਕਰੋੜ ਭਾਰਤੀਆਂ ਨੂੰ 2011-12 ਤੋਂ ਬਾਅਦ ਭੁੱਖਮਰੀ ਦੇ ਇਸ ਅੰਕੜੇ ਵਿੱਚ ਹਿੱਸੇ ਹੈ। ਹਰ ਵਰ੍ਹੇ ਇਹ ਅੰਕੜੇ ਤੇਜ਼ੀ ਨਾਲ ਵਧ ਵੀ ਰਹੇ ਹਨ। ਹਰ ਸੰਵੇਨਸ਼ੀਲ ਵਿਅਕਤੀ ਨੂੰ ਪ੍ਰੇਸ਼ਾਨ ਕਰਨ ਵਾਲੀ ਇਸ ਭਿਆਨਕ ਤਸਵੀਰ ਨੂੰ ਸਰਕਾਰੀ-ਤੰਤਰ ਅੰਕੜੇ ਮਾਪਣ ਦੇ ਗ਼ੈਰ ਹਕੀਕੀ ਪੈਮਾਨੇ ਨਾਲ ਛੁਪਾ ਰਿਹਾ ਹੈ। ਲਾਗਤਾਂ ਵਿੱਚ ਨਿਰੰਤਰ ਹੋ ਰਹੇ ਵਾਧੇ, ਪੈਦਾਵਾਰ ਦਾ ਯੋਗ ਮੁੱਲ ਨਾ ਮਿਲਣਾ, ਢੁੱਕਵੇਂ ਮੰਡੀਕਰਨ ਦੀ ਘਾਟ, ਖੇਤੀ ਸਬਸਿਡੀਜ਼ ਦੀ ਨਿਰੰਤਰ ਛੰਗਾਈ ਕਰਕੇ ਖੇਤੀ ਗ਼ੈਰ ਲਾਹੇਵੰਦ ਧੰਦਾ ਬਣ ਕੇ ਰਹਿ ਗਿਆ ਹੈ। ਕਿਸਾਨਾਂ ਦਾ ਖੁਦਕੁਸ਼ੀ ਕਰਨ ਦਾ ਸਿਲਸਿਲਾ ਨਾ ਕੇਵਲ ਲਗਾਤਾਰ ਵਧ ਹੀ ਰਿਹਾ ਹੈ, ਸਗੋਂ ਖੇਤੀ ਨਾਲ ਸਬੰਧਿਤ ਹੋਰ ਵਰਗਾਂ ਨੂੰ ਆਪਣੀ ਲਪੇਟ ਵਿੱਚ ਲੈ ਰਿਹਾ ਹੈ। ਤਾਮਿਲਨਾਡੂ, ਮੱਧ-ਪ੍ਰਦੇਸ਼, ਗੁਜਰਾਤ, ਰਾਜਸਥਾਨ, ਮਹਾਰਸ਼ਟਰ ਤੇ ਪੰਜਾਬ ਉਨ੍ਹਾਂ ਸੂਬਿਆਂ ਵਿੱਚੋਂ ਹਨ, ਜਿਨ੍ਹਾਂ ਵਿੱਚ ਇਹ ਸਮੱਸਿਆ ਵਿਸਫੋਟਿਕ ਰੂਪ ਲੈ ਚੁੱਕੀ ਹੈ। ਸੱਤਾ ਤਬਦੀਲੀ ਬਾਅਦ ਵੀ ਸੁਲਝਾਉਣ ਲਈ ਲੋੜੀਂਦੇ ਯਤਨ ਨਾ ਕਰਨ ਕਰਕੇ ਇਹ ਵਿਸਫੋਟ ਅੱਗੋਂ ਸਮਾਜਿਕ ਵਿਸਫੋਟ ਵਿੱਚ ਬਦਲ ਰਿਹਾ ਹੈ। ਥੋਪੇ ਗਏ ਕਾਰਪੋਰੇਟ ਪੱਖੀ ਤੇ ਕੁਦਰਤ ਵਿਰੋਧੀ ਵਿਕਾਸ ਮਾਡਲ ਤਹਿਤ ਕੁਦਰਤੀ ਊਰਜਾ ਸੋਮਿਆਂ ਨੂੰ ਬੇਦਰਦੀ ਨਾਲ ਉਜਾੜਿਆ ਤੇ ਦੇਸੀ-ਬਦੇਸ਼ੀ ਕਾਰਪੋਰੇਟਸ ਨੂੰ ਲੁਟਾਇਆ ਜਾ ਰਿਹਾ। ਪਿਤਾ ਪੁਰਖੀ ਖੇਤੀ ਕਰ ਰਹੇ ਆਦਿ ਵਾਸੀਆਂ ਨੂੰ ਜੋਰਾ ਜ਼ਬਰੀ ਉਨ੍ਹਾਂ ਦੀਆਂ ਪੈਲੀਆਂ ਤੇ ਘਰਾਂ ਤੋਂ ਬੇਦਖਲ ਕਰਨ ਅਤੇ ਵਿਰੋਧ ਕਰਨ ਦੀ ਹਾਲਤ ਵਿੱਚ ਸਰਕਾਰੀ ਤੇ ਗੈਰ ਸਰਕਾਰੀ ਜ਼ਬਰ ਉਨ੍ਹਾਂ ਉੱਤੇ ਢਾਹੁਣ ਦੀਆਂ ਘਟਨਾਵਾਂ ਵਿੱਚ ਵਾਧਾ ਹੋ ਰਿਹਾ। ਇਸ ਵਿਕਾਸ ਮਾਡਲ ਦੀ ਥਾਂ ਮਨੁੱਖ ਤੇ ਕੁਦਰਤ ਮੁਖੀ ਸਰਬੱਤ ਦੇ ਭਲੇ ਵਾਲਾ ਬਦਲਵਾਂ ਵਿਕਾਸ ਮਾਡਲ ਲਾਗੂ ਕਰਨ ਦੇ ਹੱਕ ਵਿੱਚ ਜੱਦੋਜਹਿਦ ਕਰਨ ਦੀਆਂ ਕੋਸ਼ਿਸ਼ਾਂ ਨੂੰ ਵਿਕਾਸ ਤੇ ਦੇਸ਼ ਵਿਰੋਧੀ ਆਖਿਆ ਜਾ ਰਿਹਾ ਹੈ। ਇਸ ਦੇ ਸਮਰਥਕ ਬੁੱਧੀਜੀਵੀ, ਬੁੱਧੀਮਾਨਾਂ, ਕਲਮਕਾਰਾਂ ਵਕੀਲਾਂ, ਜਮਹੂਰੀ ਅਧਿਕਾਰ ਕਾਰਕੁੰਨਾਂ ਦੀਆਂ ਆਵਾਜ਼ਾਂ ਨੂੰ ਸ਼ਹਿਰੀ ਨਕਸਲੀ ਦਾ ਨਵਾਂ ਲਕਬ ਘੜਕੇ ਸਮਾਜ ਵਿੱਚ ਬਦਨਾਮੀ ਤੇ ਘਿਰਣਾ ਦੇ ਪਾਤਰ ਵਜੋਂ ਉਨ੍ਹਾਂ ਨੂੰ ਪੇਸ਼ ਕਰਨ ਤੇ ਦਬਾਉਣ ਦੀ ਪਿਰਤ ਵੀ ਹੁਣ ਸ਼ੁਰੂ ਹੋ ਚੁੱਕੀ ਹੈ। ਬਿਨਾਂ ਸ਼ੱਕ ਇਹ ਤਸੱਲੀ ਵਾਲੀ ਗੱਲ ਹੈ ਕਿ ਮੁਲਕ ਦੀ ਮਾਨਯੋਗ ਸਿਖਰਲੀ ਅਦਾਲਤ ਵਲੋਂ ਵਿਰੋਧ ਦੀ ਆਵਾਜ਼ ਨੂੰ ਲੋਕਤੰਤਰ ਦੀ ਵਿਵਸਥਾ ਦੇ ਪ੍ਰੈੱਸ਼ਰ ਕੂਕਰ ਦੇ ਸੇਫਟੀ ਵਾਲਵ ਕਰਾਰ ਦਿੱਤਾ ਹੈ ਤੇ ਕਿਹਾ ਕਿ ਇਸ ਸੇਫਟੀ ਵਾਲਵ ਨੂੰ ਦਬਾਉਣ ਨਾਲ ਪ੍ਰੈੱਸ਼ਰ ਕੂਕਰ ਫਟ ਸਕਦਾ ਹੈ। ਅਦਾਲਤੀ ਦੀ ਇਹ ਟਿੱਪਣੀ ਆਪਣੇ ਆਪ ਵਿੱਚ ਹੀ ਸਰਕਾਰ ਤੇ ਇਸ ਤੋਂ ਅੱਗੇ ਵਧ ਕੇ ਸਮਾਜ ਲਈ ਤਾੜਨਾ ਭਰੀ ਚਿਤਾਵਣੀ ਵੀ ਹੈ। ਡਾਲਰ ਦੇ ਮੁਕਾਬਲੇ ਰੁਪਇਆ ਆਪਣੇ ਸਭ ਤੋਂ ਹੇਠਲੇ ਪੱਧਰ 'ਤੇ ਹੈ। ਕੌਮਾਂਤਰੀ ਮੰਡੀ ਵਿੱਚ ਕੱਚੇ ਤੇਲ ਦੀਆਂ ਡਿੱਗ ਰਹੀਆਂ ਕੀਮਤਾਂ ਨੇ ਮੁਲਕ ਦੇ ਸਰਕਾਰੀ ਕੋਸ਼ ਵਿੱਚ ਤਾਂ ਵਾਧਾ ਕੀਤਾ ਹੈ ਪਰ ਲੋਕਾਂ ਨੂੰ ਇਸ ਤੋਂ ਵਾਂਝਿਆਂ ਹੀ ਰੱਖਿਆ ਹੋਇਆ ਹੈ। ਨਿੱਤ ਬਦਲਦੀਆਂ ਤੇਲ, ਪੈਟਰੋਲ ਕੀਮਤਾਂ ਲੋਕਾਂ ਵਿੱਚ ਅਨਿਸ਼ਚਿਤਤਾ ਤੇ ਪ੍ਰੇਸ਼ਾਨੀ ਦਾ ਮਾਹੌਲ ਪੈਦਾ ਕੀਤਾ ਹੋਇਆ ਹੈ। ਪੈਟਰੋਲ, ਡੀਜ਼ਲ, ਰਸੋਈ ਗੈਸ ਤੇ ਖਾਣ-ਪੀਣ ਵਾਲੀਆਂ ਵਸਤਾਂ, ਸ਼ਬਜ਼ੀਆਂ ਦੇ ਭਾਅ ਅਸਮਾਨ ਛੋਹ ਰਹੇ ਹਨ। ਨੋਟਬੰਦੀ ਨੂੰ ਸਰਕਾਰ ਮਾਲੀ ਹਾਲਤ ਦੇ ਮੋਰਚੇ 'ਤੇ ਆਪਣੀ ਸਭ ਤੋਂ ਵੱਡੀ ਕਾਮਯਾਬੀ ਦੇ ਤੌਰ 'ਤੇ ਪ੍ਰਚਾਰਦੀ ਹੈ ਪਰ ਭਾਰਤੀ ਰਿਜ਼ਰਵ ਬੈਂਕ ਦੀ ਲੰਘੇ ਵਰ੍ਹੇ ਆਈ ਰਿਪੋਰਟ ਅਨੁਸਾਰ ਵੀ ਅਸਲੀਅਤ ਇਹ ਹੈ ਕਿ ਇਸ ਨਾਲ ਨਾ ਤਾਂ ਕਾਲਾ ਧਨ ਬਾਹਰ ਆਇਆ ਹੈ, ਨਾ ਅੱਤਵਾਦੀਆਂ ਦੀ ਫੰਡਿੰਗ ਤੇ ਨਾ ਹੀ ਜਆਲੀ ਮੁਦਰਾ 'ਤੇ ਰੋਕ ਲੱਗੀ ਹੈ। ਅੱਤਵਾਦੀ ਘਟਨਾਵਾਂ ਵਿੱਚ ਵੀ ਹੋਰ ਵਾਧਾ ਹੋਇਆ ਹੈ। ਇਸ ਨਾਲ ਉਤਪਾਦਨ, ਸੇਵਾ ਤੇ ਖੇਤੀ ਖੇਤਰ ਵਿੱਚ ਉਤਪਾਦਨ ਦੇ ਅੰਕੜੇ ਵੀ ਕੋਈ ਹੌਸਲਾ ਵਧਾਉਣ ਵਾਲੇ ਨਹੀਂ। ਬਰਾਮਦ ਦੇ ਖੇਤਰ ਵਿੱਚ ਵੀ ਗਿਰਾਵਟ ਦਾ ਰੁਝਾਨ ਜਾਰੀ ਹੈ। ਆਰਥਿਕ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਨਾਲ ਮੁਲਕ ਦੀ ਜੀ.ਡੀ.ਪੀ. ਨੂੰ 2 ਫ਼ੀਸਦ ਕਸਾਰਾ ਲੱਗਿਆ ਹੈ। ਜੀ.ਐੱਸ.ਟੀ. ਲਾਗੂ ਕਰਨ ਨਾਲ ਹਾਲਤ ਹੋਰ ਵੀ ਬਦਤਰ ਹੈ। ਸਿੱਖਿਆ, ਸਿਹਤ ਤੇ ਸੈਨੀਟੇਸ਼ਨ ਸਮੇਤ ਮੁੱਢਲੀਆਂ ਨਾਗਰਿਕ ਸਹੂਲਤਾਂ ਮੁਹੱਈਆ ਕਰਾਉਣ ਤੋਂ ਸਰਕਾਰੀ ਹੱਥ ਪਿਛਾਂਹ ਖਿੱਚਿਆ ਜਾ ਰਿਹਾ ਹੈ। ਹਰ ਬਜਟ ਵਿੱਚ ਇਨ੍ਹਾਂ ਮੱਦਾਂ ਲਈ ਰਾਖਵਾਂ ਬਜਟ ਘਟਾਇਆ ਜਾਂਦਾ ਹੈ। ਜਨਤਕ ਤੋਂ ਨਿੱਜੀ ਖੇਤਰ ਨੂੰ ਪੜਾਅਵਾਰ ਸੌਂਪ ਕੇ ਇਹ ਸਹੂਲਤਾਂ ਮੰਡੀ ਦੀ ਸ਼ੈਅ ਬਣਾਈਆਂ ਜਾ ਰਹੀਆਂ ਹਨ। ਲੋਕਾਂ ਨੂੰ ਆਪਣੀ ਆਰਥਕ ਔਕਾਤ ਮੁਤਾਬਿਕ ਇਨ੍ਹਾਂ ਨੂੰ ਖ੍ਰੀਦਣ ਦੀ ਆਜ਼ਾਦੀ ਹੈ। ਇਨ੍ਹਾਂ ਸਹੂਲਤਾਂ ਦਾ ਮੰਡੀਕਰਨ ਲੋਕਾਂ ਨੂੰ ਕਰਜ਼ਾਈ ਬਣਾ ਕੇ ਗਰੀਬੀ ਦੀ ਦਲਦਲ ਵਿੱਚ ਧੱਕ ਰਿਹਾ ਹੈ। ਅਣਚਾਹੀਆਂ ਅਤੇ ਮੌਕੇ ਤੋਂ ਪਹਿਲਾਂ ਦੀਆਂ ਮੌਤਾਂ ਵਿੱਚ ਵਾਧਾ ਕਰ ਰਿਹਾ ਹੈ। ਮੁਲਕ ਵਿੱਚ ਬਾਲ ਅਤੇ ਔਰਤਾਂ ਦੀ ਹਾਲਤ ਨਿਰੰਤਰ ਨਿੱਘਰਦੀ ਜਾ ਰਹੀ ਹੈ। ਉਨ੍ਹਾਂ ਵਿਰੁੱਧ ਜਿਨਸੀ ਹਮਲੇ ਵਧ ਰਹੇ ਹਨ। ਔਰਤਾਂ ਵਿਰੁੱਧ ਘਰੇਲੂ ਹਿੰਸਾ, ਛੇੜਛਾੜ, ਬਲਾਤਕਾਰ, ਕਤਲ ਤੇ ਤੇਜ਼ਾਬ ਪਾਉਣ ਵਰਗੇ ਜੁਰਮਾਂ ਵਿੱਚ ਭਾਰੀ ਵਾਧਾ ਹੋ ਰਿਹਾ ਹੈ ਜਿਸਨੇ ਕੌਮਾਂਤਰੀ ਪੱਧਰ 'ਤੇ ਵੀ ਭਾਰਤ ਦੇ ਅਕਸ ਨੂੰ ਵਿਗਾੜਿਆ ਹੈ। ਰਾਜਨੀਤਕ ਪੁਸ਼ਤ ਪੁਨਾਹੀ, ਪੱਖਪਾਤੀ ਜਾਂਚਤੰਤਰ ਤੇ ਨਿਆਂ ਵਿਵਸਥਾ ਕਾਰਨ ਇਹ ਸ਼ਰਮਨਾਕ ਰੁਝਾਨ ਤੇਜ਼ੀ ਨਾਲ ਵਧ ਰਿਹਾ ਹੈ। ਉਨ੍ਹਾਂ ਦੇ ਪਹਿਰਾਵੇ ਤੇ ਸਮਾਜ ਵਿੱਚ ਵਿਚਰਣ 'ਤੇ ਪਾਬੰਦੀਆਂ ਲਾਈਆਂ ਜਾ ਰਹੀਆਂ ਹਨ। ਲੋਕਾਂ ਦੇ ਖਾਣ-ਪੀਣ, ਪਹਿਰਾਵੇ ਤੇ ਲਿਖਣ-ਬੋਲਣ ਤੇ ਸੋਚਣ ਨੂੰ ਵੀ ਇੱਕ ਵਿਸ਼ੇਸ਼ ਦਿਸ਼ਾ ਨਿਰਦੇਸ਼ ਅਨੁਸਾਰ ਢਾਲਿਆ ਜਾ ਰਿਹਾ ਹੈ। ਵਿੱਦਿਅਕ ਸੰਸਥਾਵਾਂ, ਵਿੱਦਿਅਕ ਸਿਲੇਬਸ ਤੇ ਇਤਿਹਾਸ ਨੂੰ ਭਗਵੇਂ ਰੰਗ ਵਿੱਚ ਰੰਗਿਆ ਜਾ ਰਿਹਾ ਹੈ। ਗਊ ਰੱਖਿਆ ਦੇ ਨਾਂ 'ਤੇ ਗੁੰਡਾਗਰਦੀ ਤੇ ਘੱਟ ਗਿਣਤੀਆਂ ਵਿਰੁੱਧ ਹਜੂਮ ਹਿੰਸਾ ਦਾ ਰੁਝਾਨ ਸੁਪਰੀਮ ਕੋਰਟ ਦੀ ਨਰਾਜ਼ਗੀ ਤੇ ਕੇਂਦਰ ਤੇ ਰਾਜ ਸਰਕਾਰ ਨੂੰ ਸਖ਼ਤ ਹਿਦਾਇਤਾਂ ਦੇ ਬਾਵਜੂਦ ਵੀ ਵੱਧ ਰਿਹਾ ਹੈ। ਧਾਰਮਿਕ, ਸੱਭਿਆਚਾਰਕ ਤੇ ਭਾਸ਼ਾਈ ਵਿਭਿੰਨਤਾ ਲਈ ਖ਼ਤਰੇ ਪੈਦਾ ਕੀਤੇ ਤੇ ਵਧਾਏ ਜਾ ਰਹੇ ਹਨ। ਮੁਲਕ ਦੇ ਵੱਖ ਵੱਖ ਹਿੱਸਿਆਂ ਵਿੱਚ ਫਿਰਕੂ ਅਤੇ ਤਣਾਅ ਅਤੇ ਹਿੰਸਾ ਦੀਆਂ ਘਟਨਾਵਾਂ ਇੱਕ ਪਾਸੜ ਵਧ ਰਹੀਆਂ ਹਨ। ਅਸਹਿਮਤੀ ਵਿਰੁੱਧ ਅਸਹਿਣਸ਼ੀਲਤਾ ਵੀ ਤੇਜ਼ੀ ਨਾਲ ਵਧ/ਵਧਾਈ ਜਾ ਰਹੀ ਹੈ ਜਿਸ ਨਾਲ ਮੁਲਕ ਵਿੱਚ ਗ਼ੈਰ-ਜਮਹੂਰੀ ਅਤੇ ਖ਼ੌਫ਼ ਦਾ ਵਾਤਾਵਰਣ ਉਸਰ/ਉਸਾਰਿਆ ਜਾ ਰਿਹਾ ਹੈ। ਇਹ ਸਮਾਜਿਕ ਸਦਭਾਵਨਾ ਨੂੰ ਹੀ ਤਰੇੜ ਨਹੀਂ ਰਿਹਾ ਸਗੋਂ ਵਿਸ਼ਵ ਭਰ ਵਿੱਚ ਮੁਲਕ ਦੇ ਅਕਸ ਨੂੰ ਵੀ ਦਾਗ਼ਦਾਰ ਕਰ ਰਿਹਾ ਹੈ। ਸ਼ਾਸਨ ਤੇ ਪ੍ਰਸ਼ਾਸਨ ਇਨ੍ਹਾਂ ਮੰਦੇ ਵਰਤਾਰਿਆਂ ਨੂੰ ਰੋਕਣ ਲਈ ਲੋੜ ਅਨੁਸਾਰ ਪੇਸ਼ਬੰਦੀ ਕਰਨ ਵਿੱਚ ਕੁਤਾਹੀ ਹੀ ਨਹੀਂ ਕਰ ਰਹੇ ਸਗੋਂ ਕਈ ਵਾਰ ਤਾਂ ਸਿੱਧੇ/ਅਸਿੱਧੇ ਵਿਉਂਤਬੰਦ ਵਿਸ਼ੇਸ਼ ਰਾਜਨੀਤੀ ਦੀ ਰਣਨੀਤੀ ਤਹਿਤ ਸ਼ਹਿ ਦਿੰਦੇ ਵੀ ਦਿਖਾਈ ਦਿੰਦੇ ਹਨ।

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 286

Website: www.preetnama.com Email preetnamausa@gmail.com

10 JAN TO 16 JAN , 2025



# Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 286

Website: www.preetnama.com Email preetnamausa@gmail.com

10 JAN TO 16 JAN , 2025